I N T E R N A T I O N A L

# ਪੰਜਾਬੀ ਟ੍ਰਿਬਿਊਨ

Funded by the Government of Canada | Financé par le gouvernement du Canada | Canada

BILINGUAL NEWSPAPER : ENGLISH AND PUNJABI
EXECUTIVE EDITOR : RACHHPAL SINGH GILL

Ph. : 604-616-2171  E-mail: iptribune@gmail.com  www.punjabitribune.ca

Vol.32 / No.05
30 January, 2026
੧੭ ਪੋਹ ਨਾਨਕਸ਼ਾਹੀ ਸੰਮਤ ੫੫੭

Sameer Kaushal & Ankur Kaushal
PERSONAL REAL ESTATE CORPORATION
Commercial | Residential
Property Experts
Century 21
Sameer Kaushal  Ankur Kaushal
604-897-9575 | 604-897-0006
#105-7928 128 St. Surrey, B.C. W3W

### ਆਮ ਲੋਕਾਂ ਦੀਆਂ ਨੌਕਰੀਆਂ ’ਤੇ ਭਾਰੀ ਪੈਣ ਲੱਗਾ ਏ.ਆਈ.

## ਕੈਨੇਡਾ ਵਿੱਚ ਫੈਡਰਲ ਮੁਲਾਜ਼ਮਾਂ ਦੀ ਛਾਂਟੀ ਤੋਂ ਬਾਅਦ ਹੁਣ ਐਮਾਜ਼ਾਨ ਵਲੋਂ 16,000 ਨੌਕਰੀਆਂ ਖ਼ਤਮ

ਵੈਨਕੂਵਰ, (ਏਕਜੋਤ ਸਿੰਘ): ਵਿਸ਼ਵ ਦੀ ਦਿੱਗਜ ਈ-ਕਾਮਰਸ ਕੰਪਨੀ ਐਮਾਜ਼ਾਨ ਨੇ ਆਪਣੇ ਕਾਰਪੋਰੇਟ ਕਰਮਚਾਰੀਆਂ ਲਈ ਬੁਰੀ ਖ਼ਬਰ ਦਾ ਐਲਾਨ ਕੀਤਾ ਹੈ। ਗਲੋਬਲ ਨਿਊਜ਼ ਦੀ ਰਿਪੋਰਟ ਮੁਤਾਬਕ, ਕੰਪਨੀ ਨੇ ਲਗਭਗ 16,000 ਕਾਰਪੋਰੇਟ ਨੌਕਰੀਆਂ ਖਤਮ ਕਰਨ ਦਾ ਫੈਸਲਾ ਲਿਆ ਹੈ। ਪਿਛਲੇ ਤਿੰਨ ਮਹੀਨਿਆਂ ਵਿੱਚ ਇਹ ਕੰਪਨੀ ਵੱਲੋਂ ਛਾਂਟੀ ਦਾ ਦੂਜਾ ਵੱਡਾ ਦੌਰ ਹੈ। ਇਸ ਕਦਮ ਦਾ ਮੁੱਖ ਕਾਰਨ ਕੰਪਨੀ ਵੱਲੋਂ ਜੈਨਰੇਟਿਵ




◆ ਬਾਕੀ ਸਫ਼ਾ 3 ‘ਤੇ

### ਬੀ.ਸੀ. ਵਿੱਚ ਜ਼ਹਿਰੀਲੇ ਨਸ਼ਿਆਂ ਕਾਰਨ ਸੂਬਾ ਪੱਧਰੀ ਹਾਈ ਅਲਰਟ ਜਾਰੀ

## ਜਾਨਵਰਾਂ ਨੂੰ ਬੇਹੋਸ਼ ਕਰਨ ਵਾਲੀ ਦਵਾਈ ‘ਮੇਡੇਟੋਮੀਡੀਨ’ ਦੀ ਮਿਲਾਵਟ ਨੇ ਵਧਾਇਆ ਖਤਰਾ

ਸਰੀ, (ਏਕਜੋਤ ਸਿੰਘ): ਬ੍ਰਿਟਿਸ਼ ਕੋਲੰਬੀਆ ਦੇ ਸਿਹਤ ਅਧਿਕਾਰੀਆਂ ਅਤੇ ਸੂਬਾ ਪੱਧਰੀ ਨਸ਼ਾ ਨਿਯੰਤਰਣ ਸੰਸਥਾਵਾਂ ਵੱਲੋਂ ਇੱਕ ਬੇਹੱਦ ਅਹਿਮ ਅਤੇ ਦੁਰਲੱਭ ਜਨਤਕ ਚੇਤਾਵਨੀ ਜਾਰੀ ਕੀਤੀ ਗਈ ਹੈ। ਇਹ ਅਲਰਟ ਪੂਰੇ ਸੂਬੇ ਵਿੱਚ ਗ਼ੈਰ-ਕਾਨੂੰਨੀ ਨਸ਼ੀਲੇ ਪਦਾਰਥਾਂ ਦੀ ਸਪਲਾਈ ਵਿੱਚ ਵਧੀ ਜ਼ਹਿਰੀਲੀ ਮਾਤਰਾ ਅਤੇ ਉਸ ਕਾਰਨ ਹੋ ਰਹੀਆਂ ◆ ਬਾਕੀ ਸਫ਼ਾ 11 ‘ਤੇ



## ਸ਼੍ਰੀ ਗੁਰੂ ਰਵਿਦਾਸ ਸਭਾ ਵੈਨਕੂਵਰ ਵੱਲੋਂ ਗੁਰੂ ਰਵਿਦਾਸ ਜੀ ਦਾ 649ਵਾਂ ਪ੍ਰਕਾਸ਼ ਪੁਰਬ 1 ਫਰਵਰੀ ਨੂੰ ਮਨਾਇਆ ਜਾਵੇਗਾ

ਬਰਨਬੀ : ਸ਼੍ਰੀ ਗੁਰੂ ਰਵਿਦਾਸ ਸਭਾ (ਵੈਨਕੂਵਰ) ਵੱਲੋਂ ਸਮੂਹ ਸਾਧ ਸੰਗਤ ਦੇ ਸਹਿਯੋਗ ਨਾਲ ਗੁਰੂ ਰਵਿਦਾਸ ਜੀ ਦਾ 649ਵਾਂ ਪ੍ਰਕਾਸ਼ ਪੁਰਬ ਬੜੀ ਧੂਮ-ਧਾਮ ਅਤੇ ਸ਼ਰਧਾ ਨਾਲ ਮਨਾਇਆ ਜਾ ਰਿਹਾ ਹੈ ਇਹ ਸਮਾਗਮ ਗੁਰਦੁਆਰਾ ਸਾਹਿਬ, 7271 ਗਿੱਲੀ ਐਵੇਨਿਊ, ਬਰਨਬੀ (ਬ੍ਰਿਟਿਸ਼ ਕੋਲੰਬੀਆ) ਵਿਖੇ ਆਯੋਜਿਤ ਕੀਤੇ ਜਾਣਗੇ। ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਜਾਰੀ ਪ੍ਰੋਗਰਾਮ ਦੀ ਰੂਪ-ਰੇਖਾ ਅਨੁਸਾਰ ਇਸ ਪਵਿੱਤਰ ਦਿਹਾੜੇ ਨੂੰ ਸਮਰਪਿਤ ◆ ਬਾਕੀ ਸਫ਼ਾ 11 ‘ਤੇ

ਗੁਰਸ਼ਰਨ ਸਿੰਘ ਧੰਜਲ
Insurance & Financial Advisor
Super Visa Insurance
Travel Insurance
TFSA & RRSP
Mortgage & Life Insurance
Child Education Plan RESP
Working together to Build and Preserve Wealth
778.888.3502
gursh26@gmail.com
Protecting Dreams and Lifestyle

KOHALY PRINTING & BINDERY LTD.
WEDDING CARDS
FULL COLOR SIGNS
WINDOW DECALS
CHEQUES
OFFSET PRINTING, DIGITAL PRINTING
604-594-2324
ਹਰ ਤਰ੍ਹਾਂ ਦੀ ਪ੍ਰਿੰਟਿੰਗ ਅਤੇ ਵਿਆਹ ਦੇ ਕਾਰਡ
#210-12837-76th Ave, Surrey, B.C.
Website : www.kohalyprinting.com
E-mail : info@kohalyprinting.com

ਨਵਾਂ ਜਾਂ ਪੁਰਾਣਾ ਘਰ ਖਰੀਦਣ ਲਈ ਸੇਵਾ ਦਾ ਮੌਕਾ ਦਿਓ
Navjit Mahil
Realtor
BA, CAIB, LLB
ਭਰੋਸੇਯੋਗ ਸੇਵਾਵਾਂ ਲਈ ਮਿਲੋ
YPA REALTY
604-488-4777
E-mail : navjitmahil@yahoo.com
201-13049 76th Ave, Surrey, B.C. V3W 2V7

ਜੇਕਰ ਤੁਹਾਨੂੰ ਮੋਰਟਗੇਜ ਲੈਣ ਵਿੱਚ ਕੋਈ ਮੁਸ਼ਕਿਲ ਆਉਂਦੀ ਹੈ ਤਾਂ ਇੱਕ ਵਾਰ ਸਾਨੂੰ ਜ਼ਰੂਰ ਮਿਲੋ।
ਅਸੀਂ ਪ੍ਰਾਈਵੇਟ ਮੋਰਟਗੇਜ ਦਾ ਪ੍ਰਬੰਧ ਵੀ ਘੱਟ ਰੇਟ 'ਤੇ ਕਰਦੇ ਹਾਂ।
Helping You Unlock Your Dream Home
✓ First-time home buyers
✓ Mortgage renewals
✓ Refinancing solutions
✓ Construction mortgage
✓ Purchase or Refinance
Amarpal Singh
Mortgage Advisor
Call : 604.338.7310
CENTUM MORTGAGE

Sarup Singh Chandi
Ph: 604-572-5050
1st & 2nd Mortgage
Fast and Easy Approval
Sarup Singh Chandi
All types of life Insurance, Critical illness, Disability Insurance, Mortgage Protection
7092-125 St. Surrey

ਪ੍ਰਾਪਰਟੀ ਖਰੀਦ ਅਤੇ ਵੇਚਣ ਸਬੰਧੀ ਆਉਂਦੀ ਕਿਸੇ ਵੀ ਮੁਸ਼ਕਿਲ ਦੇ ਹੱਲ ਲਈ ਸਾਡੇ ਨਾਲ ਅੱਜ ਹੀ ਸੰਪਰਕ ਕਰੋ।
AG
Aanchal Ghai Notary Corporation
AANCHAL GHAI NOTARY PUBLIC  NAVDEEP KAUR GILL NOTARY PUBLIC
OUR SERVICES
- Notarizations
- Real Estate Conveyancing
- Wills & Powers of Attorney
Payal Business Centre
80 ਐਵਨਿਊ ਵਾਲੇ ਪਾਸੇ
604-503-2227
Unit 151 - 12899 80th Avenue, Surrey, B.C. V3W 0E6
aanchal@ghainotary.ca | www.ghainotary.ca

A-CLASS FOREIGN EXCHANGE
ਸਿਰਫ 24 ਘੰਟਿਆਂ 'ਚ
ਆਪਣੇ ਪੈਸੇ ਭੇਜਣ ਜਾਂ ਮੰਗਵਾਉਣ ਲਈ ਮਿਲੋ
ਤੁਸੀਂ ਇੰਡੀਆ ਪੈਸੇ ਜਿਸ ਰਾਹੀਂ ਮਰਜ਼ੀ ਭੇਜੋ ਪਰ ਸਾਡੇ ਨਾਲ ਰੇਟ ਜ਼ਰੂਰ ਚੈੱਕ ਕਰੋ।
ਹਰਮੀਤ ਸਿੰਘ ਖੁੱਡੀਆਂ
604-598-2222
#117, 12888 80th AVE., SURREY

So Easy
A TO Z DRIVING SCHOOL
So Easy ਲਰਨਿੰਗ ਲਾਇਸੈਂਸ
ਅਸੀਂ ਲਰਨਿੰਗ ਲਾਇਸੈਂਸ ਦੀ ਤਿਆਰੀ ਕੰਪਿਊਟਰ ਨਾਲ ਕਰਵਾਉਂਦੇ ਹਾਂ। ਇੰਗਲਿਸ਼ ਘੱਟ ਆਉਂਦੀ ਹੈ ਤਾਂ ਡਰਨ ਦੀ ਲੋੜ ਨਹੀਂ
ਕਲਾਸ 1 ਤੋਂ 7 ਤੱਕ ਲਰਨਿੰਗ ਲਾਇਸੈਂਸ ਪੰਜਾਬੀ ਵਿੱਚ
ਕਾਰ, ਟਰੱਕ, ਮੋਟਰਸਾਇਕਲ ਜਾਂ ਏਅਰ ਬ੍ਰੇਕ ਦਾ ਨੌਲਿਜ਼ ਟੈਸਟ
ਅਸੀਂ ਸਿਟੀਜ਼ਨਸ਼ਿਪ ਅਤੇ NSC ਦੀ ਤਿਆਰੀ ਅਤੇ ਟੈਸਟ ਵੀ ਕਰਵਾਉਂਦੇ ਹਾਂ
Lucky Sekhon, 604-614-5365
#15 - 8388 128 St. Surrey ਖਾਲਸਾ ਬਿਜ਼ਨਸ ਸੈਂਟਰ, ਗ੍ਰੈਂਡ ਤਾਜ ਬੈਂਕਿਊਟ ਹਾਲ ਦੇ ਹੇਠਾਂ

Keep Smiling Denture Clinic
Complete Denture
Implant Denture
Partial Denture
CARE HOME MOBILE SERVICE | ਮੁਫ਼ਤ ਸਲਾਹ ਲਈ ਅੱਜ ਹੀ ਮਿਲੋ
SEMCD
ਕੀ ਤੁਹਾਡੇ ਹੇਠਲੇ ਜਾਂ ਉਪਰਲੇ ਦੰਦ ਢਿੱਲੇ ਹਨ ਜਾਂ ਹੱਡੀ ਘਸੀ ਹੋਈ ਹੈ?
ਤਾਂ ਸਾਨੂੰ Suction Denture ਬਾਰੇ ਜਾਣਨ ਲਈ ਮਿਲੋ ਅਸੀਂ ਜਾਪਾਨੀ ਤਕਨੀਕ ਨਾਲ ਦੰਦਾਂ ਨੂੰ ਫਿੱਟ ਬਣਾਉਣ ਲਈ ਵੀ ਪ੍ਰਮਾਣਿਤ (CERTIFIED) ਹਾਂ।
ਜੇਕਰ ਤੁਸੀਂ ਕੈਨੇਡੀਅਨ ਡੈਂਟਲ ਕੇਅਰ ਪਲਾਨ ਦਾ ਕਾਰਡ ਮਿਲ ਗਿਆ ਹੈ ਤਾਂ ਫਿਰ ਆਪਣੀ ਸਲਾਹ ਦਾ ਸਮਾਂ ਬੁੱਕ ਕਰੋ
IF YOU HAVE RECEIVED CANADIAN DENTAL CARE PLAN CARD. BOOK APPOINTMENT
Gagan Chahal R.D.
Registered Denturist
Book Your Appointment
778-600-0811 6834 King George Blvd Surrey BC  778-600-0810 2644 Cyril St Abbotsford BC

SUPER VISAS
PNPs
EXPRESS ENTRY
idea immigration
ਕੈਨੇਡਾ ਪਹੁੰਚਣ ਦਾ ਸੁਨਹਿਰੀ ਮੌਕਾ
- ਭਾਰਤ ਵਿੱਚ ਰਹਿੰਦੇ ਆਪਣੇ ਰਿਸ਼ਤੇਦਾਰ, ਸੱਜਣ ਮਿੱਤਰ ਨੂੰ ਕੈਨੇਡਾ ਬੁਲਾਓ
- 12 ਮਹੀਨੇ ਵਿੱਚ ਨੈਨੀ ਬੁਲਾਓ।
- ਵਰਕ ਪਰਮਿਟ 'ਤੇ ਫੈਮਿਲੀ ਵੀ ਆ ਸਕਦੀ ਹੈ।
- ਵਿਜ਼ਟਰ ਵੀਜ਼ੇ ਤੇ ਆਏ, ਪੱਕੇ ਹੋਣ ਲਈ ਮਸ਼ਵਰੇ ਵਾਸਤੇ ਮਿਲੋ
- ਐਕਸਪ੍ਰੈਸ ਐਂਟਰੀ, BC, PNP, LMIA, Marriage
Navneet Sharma
604-597-1119
York Centre #209-7928 128St. Surrey BC V3W 4E8

ਪੰਜਾਬ ਸਵੀਟ ਹਾਊਸ
ਦੋਵੇਂ ਜਗ੍ਹਾਂ 'ਤੇ ਮਿਕਸ ਮਠਿਆਈ, ਸਪੈਸ਼ਲ ਲੱਡੂ ਤੇ ਜਲੇਬੀਆਂ ਅਤੇ ਹਰ ਤਰ੍ਹਾਂ ਦੇ ਨਮਕੀਨ ਤਿਆਰ ਮਿਲਦੇ ਹਨ। ਸਭ ਲੋਕੇਸ਼ਨਾਂ 'ਤੇ ਗੁਰਦੁਆਰਾ ਸਾਹਿਬ, ਵਿਆਹ ਸ਼ਾਦੀਆਂ, ਜਨਮ ਦਿਨ ਅਤੇ ਹੋਰ ਪਾਰਟੀਆਂ ਦੀ ਕੈਟਰਿੰਗ ਲਈ ਖਾਸ ਇੰਤਜ਼ਾਮ ਤੇ ਸਪੈਸ਼ਲ ਰੇਟ
# 8A-31205-OLD YALE RD. ABBOTSFORD
Ph.: 604-504-1761 &
# 4-12818-72 Ave Surrey BC
Ph.: 604-591-7611

# ਪੰਜਾਬੀ ਸਾਹਿਤ ਜਗਤ ਦੀ ਨਾਮਵਰ ਸ਼ਖਸੀਅਤ ਪ੍ਰਿੰ. ਸੁਰਿੰਦਰਪਾਲ ਕੌਰ ਬਰਾੜ ਨਹੀਂ ਰਹੇ

## 31 ਜਨਵਰੀ ਨੂੰ ਐਬਸਫੋਰਡ ਵਿਖੇ ਸਸਕਾਰ, ਪਾਠ ਦੇ ਭੋਗ ਅਤੇ ਅਰਦਾਸ



ਐਬਸਫੋਰਡ (ਹਰਦਮ ਸਿੰਘ ਮਾਨ) ਸਾਹਿਤਕ ਹਲਕਿਆਂ ਵਿੱਚ ਜਾਣੀ ਪਛਾਣੀ ਸ਼ਖ਼ਸੀਅਤ ਅਤੇ ਪੰਜਾਬੀ ਸਾਹਿਤ ਸਭਾ ਮੁਢਲੀ ਰਜਿ ਐਬਸਫੋਰਡ ਦੇ ਪ੍ਰਧਾਨ ਪ੍ਰਿੰਸੀਪਲ ਸੁਰਿੰਦਰਪਾਲ ਕੌਰ ਬਰਾੜ ਬੀਤੇ ਦਿਨੀ ਅਕਾਲ ਚਲਾਣਾ ਕਰ ਗਏ ਹਨ। ਉਹਨਾਂ 22 ਜਨਵਰੀ ਦੀ ਸ਼ਾਮ ਨੂੰ ਐਬਸਫੋਰਡ ਦੇ ਹਸਪਤਾਲ ਵਿਖੇ ਆਖਰੀ ਸਾਹ ਲਏ। 81 ਸਾਲਾ ਪ੍ਰਿੰ. ਬਰਾੜ ਨਮੋਨੀਆ ਦੀ ਸ਼ਿਕਾਇਤ ਕਾਰਨ ਪਿਛਲੇ ਕੁਝ ਦਿਨਾਂ ਤੋਂ ਹਸਪਤਾਲ ਵਿੱਚ ਇਲਾਜ ਅਧੀਨ ਸਨ। ਸੁੱਖਾਨੰਦ ਕਾਲਜ ਦੇ ਬਾਨੀ ਸਕੱਤਰ ਸਵਰਗਵਾਸੀ ਸ ਮਲਕੀਤ ਸਿੰਘ ਬਰਾੜ ਦੇ ਜੀਵਨ ਸਾਥਣ ਪ੍ਰਿੰ. ਸੁਰਿੰਦਰਪਾਲ ਕੌਰ ਆਪਣੇ ਪਿੱਛੇ ਦੋ ਧੀਆਂ ਅਤੇ ਇੱਕ ਪੁੱਤ ਤੋਂ ਇਲਾਵਾ ਭੈਣ ਭਰਾਵਾਂ ਸਮੇਤ, ਸਾਹਿਤਕਾਰਾਂ ਦਾ ਵੱਡਾ ਪਰਿਵਾਰ ਛੱਡ ਗਏ ਹਨ।ਪ੍ਰਿੰ. ਸੁਰਿੰਦਰਪਾਲ ਕੌਰ ਬਰਾੜ ਦੇ ਸਦੀਵੀ ਵਿਛੋੜੇ 'ਤੇ ਵੱਖ ਵੱਖ ਸ਼ਖਸੀਅਤਾਂ ਨੇ ਸ਼ਰਧਾਂਜਲੀਆਂ ਭੇਟ ਕੀਤੀਆਂ ਹਨ।

ਬੀਸੀ, ਕੈਨੇਡਾ ਵਿੱਚ ਸਾਹਿਤਕ ਸਰਗਰਮੀਆਂ ਦੇ ਵਿੱਚ ਸਿਰਮੌਰ ਸ਼ਖਸੀਅਤ ਪ੍ਰਿੰਸੀਪਲ ਬਰਾੜ ਪੰਜਾਬ ਤੋਂ ਮੋਗਾ ਨਾਲ ਸਬੰਧਤ ਸਨ ਅਤੇ ਪਿਛਲੇ ਲੰਬੇ ਸਮੇਂ ਤੋਂ ਐਬਸਫੋਰਡ ਬੀਸੀ ਵਿੱਚ ਰਹਿ ਰਹੇ ਸਨ।ਪੰਜਾਬੀ ਸਾਹਿਤ ਸਭਾ ਮੁਢਲੀ ਰਜਿ. ਦੇ ਕੋਆਰਡੀਨੇਟਰ ਡਾ ਗੁਰਵਿੰਦਰ ਸਿੰਘ ਧਾਲੀਵਾਲ ਨੇ ਦੱਸਿਆ ਕਿ ਪ੍ਰਿੰ. ਸੁਰਿੰਦਰਪਾਲ ਕੌਰ ਬਰਾੜ ਐਸ.ਡੀ. ਕਾਲਜ ਫਾਰ ਵੋਮੈਨ ਮੋਗਾ ਦੇ ਪ੍ਰਿੰਸੀਪਲ ਤੋਂ ਇਲਾਵਾ, ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦੇ ਸੈਨੇਟ ਤੇ ਸਿੰਡੀਕੇਟ ਦੇ ਮੈਂਬਰ, ਪੰਜਾਬ ਤੇ ਚੰਡੀਗੜ੍ਹ ਟੀਚਰ ਯੂਨੀਅਨ ਅਤੇ ਪੰਜਾਬ ਸਕੂਲ ਸਿੱਖਿਆ ਬੋਰਡ ਦੇ ਮੈਂਬਰ ਵੀ ਰਹਿ ਚੁੱਕੇ ਸਨ। ਉਹਨਾਂ ਪੰਜਾਬੀ ਸਾਹਿਤ ਜਗਤ ਦੀ ਝੋਲੀ 9 ਕਿਤਾਬਾਂ ਪਾਈਆਂ ਅਤੇ ਲਗਾਤਾਰ ਸਰਗਰਮ ਲੇਖਿਕਾ ਸਨ। ਜ਼ਿਕਰਯੋਗ ਹੈ ਕਿ ਦਸੰਬਰ 2025 ਨੂੰ ਪ੍ਰਿੰ. ਸੁਰਿੰਦਰਪਾਲ ਕੌਰ ਬਰਾੜ ਦੀ ਪ੍ਰਧਾਨਗੀ ਹੇਠ ਐਬਸਫੋਰਡ ਵਿੱਚ ਪੰਜਾਬੀ ਸਾਹਿਤ ਸਭਾ ਦੀ ਵੱਡੀ ਸਾਹਿਤਕ ਇਕੱਤਰਤਾ ਹੋਈ ਸੀ, ਜਦ ਕਿ 'ਸਾਡਾ ਵਿਰਸਾ ਸਾਡਾ ਗੌਰਵ'' ਵੱਲੋਂ ਪ੍ਰਿੰਸੀਪਲ ਬਰਾੜ ਨੂੰ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕੀਤਾ ਗਿਆ ਸੀ।

ਪ੍ਰਿੰ. ਸੁਰਿੰਦਰਪਾਲ ਕੌਰ ਬਰਾੜ ਦਾ ਦਾਹ ਸੰਸਕਾਰ 31 ਜਨਵਰੀ ਦਿਨ ਸ਼ਨੀਵਾਰ ਨੂੰ, ਸਵੇਰੇ 10 ਵਜੇ ਫਰੇਜ਼ਰ ਰਿਵਰ ਸ਼ਮਸ਼ਾਨਘਾਟ, 2061 ਰਿਵਰ ਸਾਈਡ ਰੋਡ ਐਬਸਫੋਰਡ ਵਿਖੇ ਹੋਏਗਾ। ਉਪਰੰਤ ਸਹਿਜ ਪਾਠ ਦੇ ਭੋਗ ਅਤੇ ਅਰਦਾਸ ਗੁਰਦੁਆਰਾ ਸਾਹਿਬ ਕਲਗੀਧਰ ਦਰਬਾਰ ਵਿਖੇ 11.30 ਵਜੇ ਹੋਣਗੇ। ਪਰਿਵਾਰ ਨਾਲ ਹਮਦਰਦੀ ਦਾ ਇਜ਼ਹਾਰ ਕਰਨ ਲਈ ਕਮਲ ਪੰਨੂ 604 613 1919, ਜਿਨੀ ਸਿੰਘ +61 448 101026 ਜਾਂ ਗੁਰਵਿੰਦਰ ਸਿੰਘ ਬਰਾੜ ਨਾਲ 604 374 6201 'ਤੇ ਸੰਪਰਕ ਕੀਤਾ ਜਾ ਸਕਦਾ ਹੈ।

ਪ੍ਰਿੰਸੀਪਲ ਸੁਰਿੰਦਰਪਾਲ ਕੌਰ ਬਰਾੜ ਦੇ ਸਦੀਵੀ ਵਿਛੋੜੇ 'ਤੇ ਕੈਨੇਡਾ ਤੋਂ ਸਾਹਿਤਕਾਰਾਂ ਜਰਨੈਲ ਸਿੰਘ ਸੇਖਾ, ਹਰਕੀਰਤ ਕੌਰ ਚਾਹਲ, ਦਵਿੰਦਰ ਸਿੰਘ ਪੂਨੀਆ, ਸੁਰਜੀਤ ਸਿੰਘ ਸਹੋਤਾ, ਮਹਿਮਾ ਸਿੰਘ ਤੂਰ, ਸਤਵੰਤ ਕੌਰ ਪੰਧੇਰ, ਜਸਵੀਰ ਸਿੰਘ ਪੰਨੂ, ਮੁਲਖ ਰਾਜ ਪ੍ਰੇਮੀ, ਗੁਰਪ੍ਰੀਤ ਸਿੰਘ ਚਾਹਲ ਪ੍ਰੇਮੀ, ਗੁਰਬਖਸ਼ ਸਿੰਘ ਢੱਟ, ਹਰਦਮ ਸਿੰਘ ਮਾਨ, ਡਾ ਪ੍ਰਿਥੀਪਾਲ ਸਿੰਘ ਸੋਹੀ, ਹਰੀ ਸਿੰਘ ਤਾਤਲਾ, ਸੁਖਮੰਦਰ ਸਿੰਘ ਬਰਾੜ, ਪਰਵੇਜ਼ ਸੰਧੂ, ਪਵਨ ਗਿਲਾਂ ਵਾਲਾ, ਕੁਲਦੀਪ ਸਿੰਘ ਸੇਖੋਂ, ਅਮਰੀਕ ਸਿੰਘ ਪਲਾਹੀ, ਕਵਿੰਦਰ ਸਿੰਘ ਚਾਂਦ, ਮੋਹਣ ਸਿੰਘ ਗਿੱਲ, ਪਲਵਿੰਦਰ ਸਿੰਘ ਰੰਧਾਵਾ, ਦਵਿੰਦਰ ਗੌਤਮ, ਦਵਿੰਦਰ ਕੌਰ ਗਰਚਾ, ਹਰਿੰਦਰ ਕੌਰ ਸੋਹੀ, ਡਾ ਪ੍ਰਗਟ ਸਿੰਘ ਭੁਰਜੀ, ਪ੍ਰੋ ਗੁਰਬਾਜ ਸਿੰਘ ਬਰਾੜ, ਬਿੰਦੂ ਮਠਾੜੂ, ਕਮਲ ਬਿੰਦ, ਅੰਗਰੇਜ਼ ਸਿੰਘ ਬਰਾੜ, ਪੰਜਾਬ ਤੋਂ ਲੇਖਕ ਗੁਰਮੀਤ ਕੜਿਆਲਵੀ, ਨਾਟਕਕਾਰ ਸਾਹਿਬ ਸਿੰਘ, ਮਨਜੀਤ ਇੰਦਰਾ, ਹਰਸ਼ਰਨ ਕੌਰ, ਤੇਜਾ ਸਿੰਘ ਤਿਲਕ, ਅਮਰ ਸੂਫੀ, ਲਖਵਿੰਦਰ ਸੰਧੂ, ਚਰਨਜੀਤ ਕੌਰ, ਇੰਗਲੈਂਡ ਤੋਂ ਨਾਵਲਕਾਰ ਸ਼ਿਵਚਰਨ ਜੱਗੀ ਕੁੱਸਾ, ਅਤੇ ਜੰਗ ਬਹਾਦਰ ਸਿੰਘ ਸਮੇਤ ਵੱਖ ਵੱਖ ਸ਼ਖਸੀਅਤਾਂ ਨੇ ਸ਼ਰਧਾਂਜਲੀਆਂ ਭੇਟ ਕੀਤੀਆਂ ਹਨ।

# ਸਰੀ ਮੇਅਰ ਬਰੈਂਡਾ ਲੌਕ ਨੇ ਜਬਰਨ ਵਸੂਲੀ ਸੰਕਟ ਨਾਲ ਨਜਿੱਠਣ ਲਈ ਰਾਸ਼ਟਰੀ ਐਮਰਜੈਂਸੀ ਐਲਾਨਣ ਦੀ ਮੰਗ ਕੀਤੀ



ਸਰੀ, (ਏਕਜੋਤ ਸਿੰਘ): ਮੇਅਰ ਬਰੈਂਡਾ ਲੌਕ ਨੇ ਫੈਡਰਲ ਸਰਕਾਰ ਨੂੰ ਅਪੀਲ ਕੀਤੀ ਹੈ ਕਿ ਉਹ ਆਪਣੀ ਅਗਵਾਈ ਅਧੀਨ ਕੈਨੇਡਾ ਵਿੱਚ ਭਾਈਚਾਰਿਆਂ ਨੂੰ ਪ੍ਰਭਾਵਤ ਕਰਨ ਵਾਲੇ ਜਬਰਨ ਵਸੂਲੀ ਦੇ ਸੰਕਟ ਨਾਲ ਨਜਿੱਠਣ ਲਈ ਰਾਸ਼ਟਰੀ ਐਮਰਜੈਂਸੀ ਦੀ ਘੋਸ਼ਣਾ ਕਰੇ ਜਾਂ ਬਰਾਬਰ ਦੀਆਂ ਕਾਰਵਾਈਆਂ ਲਾਗੂ ਕਰੇ।

ਸੋਮਵਾਰ ਰਾਤ ਦੀ ਕੌਂਸਲ ਦੀ ਮੀਟਿੰਗ ਵਿੱਚ, ਮੇਅਰ ਲੌਕ ਨੇ ਫੈਡਰਲ ਸਰਕਾਰ ਨੂੰ ਤੁਰੰਤ ਇਹ ਘੋਸ਼ਣਾ ਕਰਨ ਲਈ ਇੱਕ ਪ੍ਰਸਤਾਵ ਪੇਸ਼ ਕੀਤਾ, ਜਿਸਨੂੰ ਸਾਰੀ ਕੌਂਸਲ ਨੇ ਹਮਾਇਤ ਦਿੱਤੀ ਹੈ। ਇਸ ਨਾਲ ਸਰਕਾਰ ਨੂੰ ਵਸੂਲੀ ਸੰਕਟ ਨਾਲ ਨਜਿੱਠਣ ਲਈ ਵਾਧੂ ਅਤੇ ਅਸਥਾਈ ਅਧਿਕਾਰ ਮਿਲਣਗੇ, ਕਿਉਂਕਿ ਮੌਜੂਦਾ ਯਤਨ ਕਾਫ਼ੀ ਸਾਬਤ ਨਹੀਂ ਹੋ ਰਹੇ।

ਮੇਅਰ ਲੌਕ ਨੇ ਕਿਹਾ, "ਸਰੀ ਨੂੰ ਸੰਗਠਿਤ ਜਬਰਨ ਵਸੂਲੀ, ਧਮਕਾਉਣ ਅਤੇ ਨਿਸ਼ਾਨਾ ਬਣਾਕੇ ਗੋਲੀਆਂ ਚਲਾਉਣ ਦੇ ਗੰਭੀਰ ਅਤੇ ਵੱਧ ਰਹੇ ਸੰਕਟ ਦਾ ਸਾਹਮਣਾ ਕਰਨਾ ਪੈ ਰਿਹਾ ਹੈ।"

"ਵਸਨੀਕ ਅਤੇ ਕਾਰੋਬਾਰ ਮਾਲਕ ਲਗਾਤਾਰ ਡਰ ਵਿੱਚ ਰਹਿ ਰਹੇ ਹਨ। ਜਨਤਕ ਸੁਰੱਖਿਆ ਖ਼ਤਰੇ ਵਿੱਚ ਹੈ, ਸਮਾਜਿਕ ਤੇ ਆਰਥਿਕ ਪ੍ਰਭਾਵ ਸਪਸ਼ਟ ਹਨ। ਕੇਂਦਰੀ ਸਰਕਾਰ ਨੂੰ ਹੁਣ ਤੁਰੰਤ ਕਾਰਵਾਈ ਕਰਨੀ ਚਾਹੀਦੀ ਹੈ ਤਾਂ ਜੋ ਅਧਿਕਾਰੀਆਂ ਨੂੰ ਉਹ ਵਾਧੂ ਸਾਧਨ ਮਿਲ ਸਕਨ, ਜਿਨ੍ਹਾਂ ਨਾਲ ਅਸੀਂ ਆਪਣੇ ਨਿਵਾਸੀਆਂ ਨੂੰ ਸੁਰੱਖਿਅਤ ਰੱਖ ਸਕੀਏ।" ਮੇਅਰ ਲੌਕ ਦੇ ਪ੍ਰਸਤਾਵ ਵਿੱਚ ਕੈਨੇਡੀਅਨ ਲੋਕਾਂ ਖ਼ਿਲਾਫ਼ ਵਸੂਲੀ ਹਿੰਸਾ ਲਈ ਇੱਕ ਕਮਿਸ਼ਨਰ ਨਿਯੁਕਤ ਕਰਨ ਦੀ ਮੰਗ ਨੂੰ ਦੁਹਰਾਇਆ ਗਿਆ ਹੈ, ਜੋ ਹੇਠ ਲਿਖੀਆਂ ਮੁੱਖ ਕਾਰਵਾਈਆਂ ਦੇ ਲਾਗੂ ਕਰਨ ਦੀ ਦੇਖਰੇਖ ਕਰੇਗਾ:

ਸਰੀ ਵਿੱਚ ਵਾਧੂ RCMP, ਫੈਡਰਲ ਆਰਗੇਨਾਈਜ਼ਡ ਕਰਾਈਮ ਯੂਨਿਟ ਅਤੇ ਖੁਫ਼ੀਆ ਸਰੋਤਾਂ ਦੀ ਤੁਰੰਤ ਤਾਇਨਾਤੀ;

ਫੈਡਰਲ-ਸੂਬਾਈ ਅਤੇ ਮਿਊਸੀਪਲ ਸਾਂਝੀ ਟਾਸਕ ਫੋਰਸ ਦੀ ਫੈਡਰਲ RCMP ਵੱਲੋਂ ਅਗਵਾਈ ਕੀਤੀ ਜਾਵੇ, ਜਿਸਨੂੰ ਜਬਰਨ ਵਸੂਲੀ ਨਾਲ ਸਬੰਧਿਤ ਹਿੰਸਾ 'ਤੇ ਤੇਜ਼ੀ ਨਾਲ ਕਾਰਵਾਈ ਕਰਨ ਦਾ ਅਧਿਕਾਰ ਹੋਵੇ;

ਵਸੂਲੀ, ਹਥਿਆਰ ਅਪਰਾਧਾਂ ਜਾਂ ਵਸੂਲੀ ਨਾਲ ਜੁੜੀਆਂ ਅਪਰਾਧਿਕ ਗਤੀਵਿਧੀਆਂ ਵਿੱਚ ਭਾਗੀਦਾਰੀ ਦੇ ਦੋਸ਼ਾਂ ਹੇਠ ਚਾਰਜ ਕੀਤੇ ਜਾਂ ਦੋਸ਼ੀ ਠਹਿਰਾਏ ਗਏ ਗੈਰ-ਨਾਗਰਿਕਾਂ ਦੀ ਤੇਜ਼ੀ ਨਾਲ ਦੇਸ਼ ਤੋਂ ਬਾਹਰ ਕੱਢਣਾ;

ਗ੍ਰਿਫ਼ਤਾਰੀ, ਚਾਰਜ ਲਗਾਉਣ ਅਤੇ ਦੋਸ਼ੀਆਂ ਦੇ ਮੁਕੱਦਮੇ ਚਲਾਉਣ ਲਈ ਪੁਲਿਸ ਦੀ ਸਮਰੱਥਾ ਮਜ਼ਬੂਤ ਕਰਨ ਵਾਸਤੇ ਕਾਨੂੰਨੀ ਖ਼ਾਮੀਆਂ ਅਤੇ ਸਿਫ਼ਾਰਸ਼ਾਂ ਦੀ ਸਮੀਖਿਆ ਕਰਨਾ;

ਵਸੂਲੀ ਨਾਲ ਸੰਬੰਧਿਤ ਗਤੀਵਿਧੀਆਂ ਦੀ ਗੰਭੀਰਤਾ ਅਤੇ ਸੰਕਟ ਨਾਲ ਨਜਿੱਠਣ ਵਿੱਚ ਹੋ ਰਹੀ ਤਰੱਕੀ ਬਾਰੇ ਤਿਮਾਹੀ ਜਨਤਕ ਰਿਪੋਰਟਿੰਗ ਕਰਨਾ;

ਹੋਰ ਉਪਾਵਾਂ ਵਿੱਚ ਇਮੀਗ੍ਰੇਸ਼ਨ ਅਤੇ ਸ਼ਰਨਾਰਥੀ ਸੁਰੱਖਿਆ ਐਕਟ ਦੇ ਤਹਿਤ ਤੁਰੰਤ ਨਜ਼ਰਬੰਦੀ ਅਤੇ ਅਯੋਗ ਸ਼ਕਤੀਆਂ ਦਾ ਵਿਸਥਾਰ ਕਰਨਾ, ਜਬਰਨ ਵਸੂਲੀ ਨਾਲ ਸਬੰਧਿਤ ਅਪਰਾਧਾਂ ਦੀ ਤਾਲਮੇਲ ਵਿੱਤੀ ਜਾਂਚ ਨੂੰ ਯਕੀਨੀ ਬਣਾਉਣਾ, ਅਤੇ ਜਨਤਕ ਜਾਗਰੂਕਤਾ ਅਤੇ ਰੋਕਥਾਮ ਨੂੰ ਵਧਾਉਣ ਲਈ ਜਬਰਨ ਵਸੂਲੀ ਨਾਲ ਸਬੰਧਿਤ ਅਪਰਾਧਾਂ ਲਈ ਦੋਸ਼ੀ ਜਾਂ ਦੇਸ਼ ਨਿਕਾਲੇ ਗਏ ਵਿਅਕਤੀਆਂ ਦੀ ਪਛਾਣ ਕਰਨ ਵਾਲੀ ਜਾਣਕਾਰੀ ਨੂੰ ਜਨਤਕ ਤੌਰ 'ਤੇ ਜਾਰੀ ਕਰਨ ਦੀ ਆਗਿਆ ਦੇਣਾ ਸ਼ਾਮਲ ਹੈ।

ਮੇਅਰ ਲੌਕ ਨੇ ਕਿਹਾ, "ਸਰੀ ਇਸ ਸੰਕਟ ਦੇ ਤੀਜੇ ਸਾਲ ਵਿੱਚ ਦਾਖਲ ਹੋ ਰਿਹਾ ਹੈ। ਪੁਲਿਸ ਅਤੇ ਸੂਬਾਈ ਯਤਨਾਂ ਦੇ ਬਾਵਜੂਦ, ਇਹ ਅੰਤਰਰਾਸ਼ਟਰੀ ਅਪਰਾਧ ਨਹੀਂ ਰੁਕ ਰਹੇ ਹਨ, ਅਤੇ ਸਾਨੂੰ ਪੂਰੇ ਪੱਧਰ ਦੀ ਰਾਸ਼ਟਰੀ ਕੋਸ਼ਿਸ਼ ਦੀ ਜ਼ਰੂਰਤ ਹੈ। "ਸਾਨੂੰ ਜਨਤਕ ਸੁਰੱਖਿਆ ਨੂੰ ਬਹਾਲ ਕਰਨ, ਆਪਣੇ ਭਾਈਚਾਰੇ ਦੀ ਰੱਖਿਆ ਕਰਨ ਅਤੇ ਸੰਗਠਿਤ ਅਪਰਾਧ ਨੂੰ ਆਪਣੀਆਂ ਸੜਕਾਂ ਤੋਂ ਦੂਰ ਕਰਨਾ ਹੋਵੇਗਾ।"

ਸੋਮਵਾਰ ਰਾਤ ਹੋਈ ਮੀਟਿੰਗ ਦੌਰਾਨ ਮਾਹੌਲ ਕਾਫੀ ਗੰਭੀਰ ਸੀ। ਮੇਅਰ ਬਰੈਂਡਾ ਲੌਕ ਨੇ ਮਤਾ ਪੇਸ਼ ਕਰਦਿਆਂ ਕਿਹਾ, "ਇਸ ਲਈ, ਇਹ ਮਤਾ ਪਾਸ ਕੀਤਾ ਜਾਂਦਾ ਹੈ ਕਿ ਸਰੀ ਸ਼ਹਿਰ ਇਹ ਮੰਨਦਾ ਹੈ ਕਿ ਫਿਰੌਤੀ ਅਤੇ ਇਸ ਨਾਲ ਜੁੜੀ ਹਿੰਸਾ ਕਾਰਨ, ਜਿਸ ਨੇ ਸਾਡੇ ਸ਼ਹਿਰ ਨੂੰ ਆਪਣੀ ਲਪੇਟ ਵਿੱਚ ਲਿਆ ਹੋਇਆ ਹੈ, ਅਸੀਂ ਇੱਕ ਐਮਰਜੈਂਸੀ ਦੀ ਸਥਿਤੀ ਵਿੱਚ ਹਾਂ।"

ਅਗਲੇਰੀ ਕਾਰਵਾਈ ਕੌਂਸਲ ਤੋਂ ਮਨਜ਼ੂਰੀ ਮਿਲਣ ਤੋਂ ਬਾਅਦ, ਹੁਣ ਮੇਅਰ ਬਰੈਂਡਾ ਲੌਕ ਲਿਖਤੀ ਰੂਪ ਵਿੱਚ ਇਹ ਮੰਗਾਂ ਸੀਨੀਅਰ ਸਰਕਾਰਾਂ (ਸੂਬਾਈ ਅਤੇ ਫੈਡਰਲ) ਅਤੇ ਪੁਲਿਸ ਏਜੰਸੀਆਂ ਨੂੰ ਭੇਜਣਗੇ। ਸ਼ਹਿਰ ਦੇ ਅਧਿਕਾਰੀਆਂ ਮੁਤਾਬਕ, ਐਮਰਜੈਂਸੀ ਦਾ ਇਹ ਐਲਾਨ ਸਰੀ ਸ਼ਹਿਰ ਨੂੰ ਫਿਰੌਤੀ ਦੇ ਸੰਕਟ ਨਾਲ ਨਜਿੱਠਣ ਲਈ ਕੁਝ ਵਾਧੂ "ਅਸਥਾਈ ਸ਼ਕਤੀਆਂ" ਪ੍ਰਦਾਨ ਕਰੇਗਾ, ਹਾਲਾਂਕਿ ਇਨ੍ਹਾਂ ਸ਼ਕਤੀਆਂ ਦੇ ਵਿਸਥਾਰ ਬਾਰੇ ਹਾਲੇ ਪੂਰੀ ਜਾਣਕਾਰੀ ਸਾਹਮਣੇ ਨਹੀਂ ਆਈ ਹੈ।

ਸਫਾ 1 ਦਾ ਬਾਕੀ

ਆਰਟੀਫਿਸ਼ੀਅਲ ਇੰਟੈਲੀਜੈਂਸ (Generative AI) ਦੀ ਵਰਤੋਂ ਵਧਾਉਣਾ ਅਤੇ ਕੋਵਿਡ ਮਹਾਂਮਾਰੀ ਦੌਰਾਨ ਵਧੀ ਕਰਮਚਾਰੀਆਂ ਦੀ ਗਿਣਤੀ ਨੂੰ ਘਟਾਉਣਾ ਦੱਸਿਆ ਜਾ ਰਿਹਾ ਹੈ।

ਛਾਂਟੀ ਦੇ ਕਾਰਨ ਅਤੇ ਅਧਿਕਾਰੀਆਂ ਦਾ ਪੱਖ ਐਮਾਜ਼ਾਨ ਦੀ ਸੀਨੀਅਰ ਮੀਤ ਪ੍ਰਧਾਨ ਬੈਥ ਗੈਲੇਟੀ ਨੇ ਇੱਕ ਬਲੌਗ ਪੋਸਟ ਰਾਹੀਂ ਇਸ ਫੈਸਲੇ ਦੀ ਜਾਣਕਾਰੀ ਦਿੱਤੀ। ਉਨ੍ਹਾਂ ਕਿਹਾ ਕਿ ਕੰਪਨੀ "ਪਰਤਾਂ ਘਟਾਉਣ, ਮਾਲਕੀ ਵਧਾਉਣ ਅਤੇ ਨੌਕਰਸ਼ਾਹੀ ਨੂੰ ਖਤਮ ਕਰਨ" ਲਈ ਇਹ ਕਦਮ ਚੁੱਕ ਰਹੀ ਹੈ। ਉਨ੍ਹਾਂ ਸਪੱਸ਼ਟ ਕੀਤਾ ਕਿ ਇਸ ਵਾਰ ਦੀ ਛਾਂਟੀ ਉਨ੍ਹਾਂ ਸੰਗਠਨਾਤਮਕ ਬਦਲਾਅ ਦਾ ਹਿੱਸਾ ਹੈ ਜੋ ਪਿਛਲੇ ਸਾਲ ਅਕਤੂਬਰ ਵਿੱਚ ਸ਼ੁਰੂ ਹੋਏ ਸਨ।

ਜ਼ਿਕਰਯੋਗ ਹੈ ਕਿ ਅਕਤੂਬਰ ਵਿੱਚ ਵੀ ਐਮਾਜ਼ਾਨ ਨੇ 14,000 ਮੁਲਾਜ਼ਮਾਂ ਨੂੰ ਨੌਕਰੀ ਤੋਂ ਕੱਢਿਆ ਸੀ। ਇਸ ਤਰ੍ਹਾਂ, ਸਿਰਫ਼ ਕੁਝ ਹੀ ਮਹੀਨਿਆਂ ਵਿੱਚ ਕੰਪਨੀ ਨੇ ਹਜ਼ਾਰਾਂ ਲੋਕਾਂ ਨੂੰ ਘਰ ਤੋਰ ਦਿੱਤਾ ਹੈ। ਹਾਲਾਂਕਿ ਕੰਪਨੀ ਨੇ ਇਹ ਖੁਲਾਸਾ ਨਹੀਂ ਕੀਤਾ ਹੈ ਕਿ ਕਿਹੜੇ ਵਿਭਾਗਾਂ ਜਾਂ ਕਾਰੋਬਾਰੀ ਯੂਨਿਟਾਂ 'ਤੇ ਇਸ ਦਾ ਸਭ ਤੋਂ ਵੱਧ ਅਸਰ ਪਵੇਗਾ, ਪਰ ਇਹ ਤੈਅ ਹੈ ਕਿ ਕਾਰਪੋਰੇਟ ਪੱਧਰ 'ਤੇ ਵੱਡੇ ਬਦਲਾਅ ਹੋਣਗੇ।

AI ਦਾ ਵਧਦਾ ਪ੍ਰਭਾਵ ਐਮਾਜ਼ਾਨ ਦੇ ਸੀਈਓ ਐਂਡੀ ਜੈਸੀ ਪਿਛਲੇ ਕੁਝ ਸਮੇਂ ਤੋਂ ਲਾਗਤ ਘਟਾਉਣ ਲਈ ਸਖ਼ਤ ਕਦਮ ਚੁੱਕ ਰਹੇ ਹਨ। ਜੂਨ ਵਿੱਚ ਉਨ੍ਹਾਂ ਨੇ ਸੰਕੇਤ ਦਿੱਤਾ ਸੀ ਕਿ ਆਉਣ ਵਾਲੇ ਸਾਲਾਂ ਵਿੱਚ ਜੈਨਰੇਟਿਵ AI ਕਾਰਪੋਰੇਟ ਕਰਮਚਾਰੀਆਂ ਦੀ ਥਾਂ ਲੈ ਸਕਦਾ ਹੈ। ਕੰਪਨੀ ਹੁਣ ਮਨੁੱਖੀ ਸ਼ਕਤੀ ਦੀ ਬਜਾਏ ਆਟੋਮੇਸ਼ਨ ਅਤੇ AI ਤਕਨੀਕਾਂ 'ਤੇ ਜ਼ਿਆਦਾ ਨਿਵੇਸ਼ ਕਰ ਰਹੀ ਹੈ ਤਾਂ ਜੋ ਕੰਮਕਾਜ ਨੂੰ ਤੇਜ਼ ਅਤੇ ਸਸਤਾ ਬਣਾਇਆ ਜਾ ਸਕੇ। ਮੁਲਾਜ਼ਮਾਂ ਲਈ ਰਾਹਤ ਪੈਕੇਜ ਕੰਪਨੀ ਨੇ ਕਿਹਾ ਹੈ ਕਿ ਅਮਰੀਕਾ ਵਿੱਚ ਸਥਿਤ ਪ੍ਰਭਾਵਿਤ ਕਰਮਚਾਰੀਆਂ ਨੂੰ ਕੰਪਨੀ ਦੇ ਅੰਦਰ ਹੀ ਕੋਈ ਹੋਰ ਨਵੀਂ ਭੂਮਿਕਾ ਲੱਭਣ ਲਈ 90 ਦਿਨਾਂ ਦਾ ਸਮਾਂ ਦਿੱਤਾ ਜਾਵੇਗਾ। ਜੇਕਰ ਉਹ ਨਵੀਂ ਨੌਕਰੀ ਲੱਭਣ ਵਿੱਚ ਅਸਫਲ ਰਹਿੰਦੇ ਹਨ ਜਾਂ ਕੰਪਨੀ ਛੱਡਣਾ ਚਾਹੁੰਦੇ ਹਨ, ਤਾਂ ਉਨ੍ਹਾਂ ਨੂੰ ਬਣਦਾ ਮੁਆਵਜ਼ਾ, ਸਿਹਤ ਬੀਮਾ ਅਤੇ ਨਵੀਂ ਨੌਕਰੀ ਲੱਭਣ ਲਈ ਮਦਦ ਦਿੱਤੀ ਜਾਵੇਗੀ। ਗੈਲੇਟੀ ਨੇ ਕਿਹਾ, "ਜਦੋਂ ਅਸੀਂ ਇਹ ਬਦਲਾਅ ਕਰ ਰਹੇ ਹਾਂ, ਅਸੀਂ ਉਨ੍ਹਾਂ ਰਣਨੀਤਕ ਖੇਤਰਾਂ ਵਿੱਚ ਭਰਤੀ ਅਤੇ ਨਿਵੇਸ਼ ਜਾਰੀ ਰੱਖਾਂਗੇ ਜੋ ਸਾਡੇ ਭਵਿੱਖ ਲਈ ਮਹੱਤਵਪੂਰਨ ਹਨ।"

ਆਰਥਿਕ ਸਥਿਤੀ ਅਤੇ ਮੁਨਾਫਾ ਹੈਰਾਨੀ ਦੀ ਗੱਲ ਇਹ ਹੈ ਕਿ ਇਹ ਛਾਂਟੀ ਉਦੋਂ ਹੋ ਰਹੀ ਹੈ ਜਦੋਂ ਐਮਾਜ਼ਾਨ ਵਿੱਤੀ ਤੌਰ 'ਤੇ ਮਜ਼ਬੂਤ ਸਥਿਤੀ ਵਿੱਚ ਹੈ। ਕੰਪਨੀ ਦੀ ਤਾਜ਼ਾ ਤਿਮਾਹੀ ਰਿਪੋਰਟ ਮੁਤਾਬਕ, ਉਨ੍ਹਾਂ ਦਾ ਮੁਨਾਫਾ ਲਗਭਗ 40 ਫੀਸਦੀ ਵਧ ਕੇ 21 ਬਿਲੀਅਨ ਡਾਲਰ ਹੋ ਗਿਆ ਹੈ ਅਤੇ ਕੁੱਲ ਆਮਦਨ 180 ਬਿਲੀਅਨ ਡਾਲਰ ਤੋਂ ਪਾਰ ਹੋ ਗਈ ਹੈ। ਇਸ ਦੇ ਬਾਵਜੂਦ ਨੌਕਰੀਆਂ ਖਤਮ ਕਰਨ ਦਾ ਫੈਸਲਾ ਦਰਸਾਉਂਦਾ ਹੈ ਕਿ ਕੰਪਨੀ ਭਵਿੱਖ ਦੀਆਂ ਤਕਨੀਕੀ ਲੋੜਾਂ ਮੁਤਾਬਕ ਆਪਣੇ ਢਾਂਚੇ ਨੂੰ ਬਦਲ ਰਹੀ ਹੈ।

ਤਕਨੀਕੀ ਜਗਤ ਵਿੱਚ ਵਿਆਪਕ ਰੁਝਾਨ ਐਮਾਜ਼ਾਨ ਇਕੱਲੀ ਅਜਿਹੀ ਕੰਪਨੀ ਨਹੀਂ ਹੈ ਜੋ ਮੁਲਾਜ਼ਮਾਂ ਨੂੰ ਕੱਢ ਰਹੀ ਹੈ। ਮਹਾਂਮਾਰੀ ਦੌਰਾਨ ਬਹੁਤ ਸਾਰੀਆਂ ਤਕਨੀਕੀ ਕੰਪਨੀਆਂ ਨੇ ਲੋੜ ਤੋਂ ਵੱਧ ਭਰਤੀ ਕਰ ਲਈ ਸੀ ਕਿਉਂਕਿ ਲੋਕ ਘਰਾਂ ਵਿੱਚ ਬੰਦ ਸਨ ਅਤੇ ਆਨਲਾਈਨ ਖਰੀਦਦਾਰੀ ਵਧ ਗਈ ਸੀ। ਹੁਣ ਜਦੋਂ ਸਥਿਤੀ ਆਮ ਹੋ ਗਈ ਹੈ, ਤਾਂ ਇਹ ਕੰਪਨੀਆਂ ਖਰਚੇ ਘਟਾਉਣ ਲਈ ਵਾਧੂ ਸਟਾਫ ਨੂੰ ਕੱਢ ਰਹੀਆਂ ਹਨ। ਇਸੇ ਹਫ਼ਤੇ ਯੂ.ਪੀ.ਐਸ. (UPS) ਨੇ ਵੀ 30,000 ਨੌਕਰੀਆਂ ਖਤਮ ਕਰਨ ਦਾ ਐਲਾਨ ਕੀਤਾ ਹੈ, ਜਿਸ ਦਾ ਇੱਕ ਕਾਰਨ ਐਮਾਜ਼ਾਨ ਤੋਂ ਮਿਲਣ ਵਾਲੇ ਆਰਡਰਾਂ ਵਿੱਚ ਘਾਟ ਹੈ। ਇਸ ਤੋਂ ਇਲਾਵਾ, ਪਿਨਟ੍ਰੈਸਟ (Pinterest) ਨੇ ਵੀ ਆਪਣੇ 15 ਫੀਸਦੀ ਮੁਲਾਜ਼ਮਾਂ ਨੂੰ ਕੱਢਣ ਦੀ ਯੋਜਨਾ ਬਣਾਈ ਹੈ ਤਾਂ ਜੋ ਉਹ ਵੀ AI ਵੱਲ ਧਿਆਨ ਦੇ ਸਕਣ।

ਅਮਰੀਕੀ ਰੁਜ਼ਗਾਰ ਮਾਰਕੀਟ 'ਤੇ ਅਸਰ ਅਰਥਸ਼ਾਸਤਰੀਆਂ ਮੁਤਾਬਕ ਅਮਰੀਕਾ ਵਿੱਚ ਨੌਕਰੀਆਂ ਦੀ ਸਥਿਤੀ "ਨਾ ਭਰਤੀ, ਨਾ ਛਾਂਟੀ" (No hire-no fire) ਵਾਲੀ ਬਣੀ ਹੋਈ ਸੀ, ਪਰ ਹੁਣ ਵੱਡੀਆਂ ਕੰਪਨੀਆਂ ਵੱਲੋਂ ਛਾਂਟੀ ਦੇ ਐਲਾਨ ਚਿੰਤਾ ਦਾ ਵਿਸ਼ਾ ਹਨ। ਦਸੰਬਰ ਵਿੱਚ ਅਮਰੀਕਾ ਵਿੱਚ ਸਿਰਫ਼ 50,000 ਨਵੀਆਂ ਨੌਕਰੀਆਂ ਪੈਦਾ ਹੋਈਆਂ, ਜੋ ਕਿ ਉਮੀਦ ਨਾਲੋਂ ਬਹੁਤ ਘੱਟ ਹਨ। ਟਰੰਪ ਪ੍ਰਸ਼ਾਸਨ ਦੀਆਂ ਵਪਾਰਕ ਨੀਤੀਆਂ ਅਤੇ ਮਹਿੰਗਾਈ ਵਰਗੇ ਕਾਰਕ ਵੀ ਕੰਪਨੀਆਂ ਨੂੰ ਨਵੀਂ ਭਰਤੀ ਕਰਨ ਤੋਂ ਰੋਕ ਰਹੇ ਹਨ। ਅੰਤ ਵਿੱਚ, ਐਮਾਜ਼ਾਨ ਦਾ ਇਹ ਫੈਸਲਾ ਦਰਸਾਉਂਦਾ ਹੈ ਕਿ ਆਉਣ ਵਾਲਾ ਸਮਾਂ ਆਟੋਮੇਸ਼ਨ ਅਤੇ AI ਦਾ ਹੈ। ਮਨੁੱਖੀ ਕਾਮਿਆਂ ਲਈ ਇਹ ਇੱਕ ਚੇਤਾਵਨੀ ਹੈ ਕਿ ਭਵਿੱਖ ਵਿੱਚ ਸਿਰਫ਼ ਤਕਨੀਕੀ ਹੁਨਰ ਵਾਲੇ ਲੋਕਾਂ ਦੀ ਹੀ ਮੰਗ ਰਹੇਗੀ, ਜਦਕਿ ਰਵਾਇਤੀ ਕਾਰਪੋਰੇਟ ਨੌਕਰੀਆਂ ਖਤਰੇ ਵਿੱਚ ਪੈ ਸਕਦੀਆਂ ਹਨ। This report was written by Ekjot Singh as part of the Local Journalism Initiative.

# ਸਰੀ ਕੌਂਸਲ ਦੀ ਸਾਬਕਾ ਉਮੀਦਵਾਰ ਰੀਨਾ ਗਿੱਲ ਨੂੰ ਇਲੈਕਸ਼ਨ ਬੀ.ਸੀ. ਨੇ ਲਾਇਆ 1,500 ਡਾਲਰ ਦਾ ਜੁਰਮਾਨਾ

ਸਰੀ (ਏਕਜੋਤ ਸਿੰਘ): ਸਾਲ 2022 ਦੀਆਂ ਸਿਵਿਕ ਚੋਣਾਂ (Civic Elections) ਦੌਰਾਨ ਸਰੀ ਸਿਟੀ ਕੌਂਸਲ ਲਈ ਚੋਣ ਲੜਨ ਵਾਲੀ ਉਮੀਦਵਾਰ ਰੀਨਾ ਗਿੱਲ ਮੁਸ਼ਕਲਾਂ ਵਿੱਚ ਘਿਰ ਗਈ ਹੈ। ਇਲੈਕਸ਼ਨ ਬੀ.ਸੀ. ਨੇ ਚੋਣ ਨਿਯਮਾਂ ਦੀ ਉਲੰਘਣਾ ਕਰਨ ਅਤੇ ਮਨਾਹੀ ਵਾਲਾ ਚੰਦਾ ਵਾਪਸ ਨਾ ਕਰਨ ਦੇ ਦੋਸ਼ ਹੇਠ ਉਨ੍ਹਾਂ ਨੂੰ 1,500 ਡਾਲਰ ਦਾ ਜੁਰਮਾਨਾ ਕੀਤਾ ਹੈ। ਇਲੈਕਸ਼ਨ ਬੀ.ਸੀ. ਦੇ ਜਾਂਚ ਡਾਇਰੈਕਟਰ ਐਡਮ ਬਾਰਨਜ਼ ਨੇ 27 ਜਨਵਰੀ ਨੂੰ ਗਿੱਲ ਨੂੰ ਇੱਕ ਪੱਤਰ ਭੇਜ ਕੇ ਇਸ ਫੈਸਲੇ ਦੀ ਜਾਣਕਾਰੀ ਦਿੱਤੀ ਹੈ।



ਇਹ ਮਾਮਲਾ ਚੋਣ ਖਰਚਿਆਂ ਦੇ ਵੇਰਵਿਆਂ ਨਾਲ ਜੁੜਿਆ ਹੋਇਆ ਹੈ। ਰੀਨਾ ਗਿੱਲ, ਜੋ ਕਿ ਚੋਣਾਂ ਦੌਰਾਨ ਖੁਦ ਹੀ ਆਪਣੀ ਵਿੱਤੀ ਏਜੰਟ ਸਨ, ਨੇ 12 ਜਨਵਰੀ, 2023 ਨੂੰ ਆਪਣਾ ਖਰਚਾ ਰਿਪੋਰਟ ਦਾਇਰ ਕੀਤਾ ਸੀ। ਇਸ ਰਿਪੋਰਟ ਵਿੱਚ ਉਨ੍ਹਾਂ ਨੇ ਇੱਕ ਬਹੁਤ ਹੀ ਹੈਰਾਨੀਜਨਕ ਜਾਣਕਾਰੀ ਦਿੱਤੀ ਸੀ: ਕੁੱਲ ਆਮਦਨ: $0 (ਜ਼ੀਰੋ), ਕੁੱਲ ਖਰਚਾ: $17,857.69, ਇਲੈਕਸ਼ਨ ਬੀ.ਸੀ. ਲਈ ਇਹ ਗੱਲ ਸ਼ੱਕੀ ਸੀ ਕਿ ਬਿਨਾਂ ਕਿਸੇ ਆਮਦਨ ਜਾਂ ਫੰਡ ਦੇ ਇੰਨਾ ਖਰਚਾ ਕਿਵੇਂ ਕੀਤਾ ਗਿਆ। ਅਪ੍ਰੈਲ ਵਿੱਚ ਜਦੋਂ ਅਧਿਕਾਰੀਆਂ ਨੇ ਇਸ ਬਾਰੇ ਪੁੱਛਗਿੱਛ ਕੀਤੀ, ਤਾਂ ਗਿੱਲ ਨੇ ਦੱਸਿਆ ਕਿ ਬਹੁਤ ਸਾਰੇ ਲੋਕਾਂ ਨੇ ਉਨ੍ਹਾਂ ਨੂੰ ਚੰਦਾ ਦੇਣ ਦਾ ਵਾਅਦਾ ਕੀਤਾ ਸੀ, ਪਰ ਅਸਲ ਵਿੱਚ ਕਿਸੇ ਨੇ ਪੈਸੇ ਨਹੀਂ ਦਿੱਤੇ। ਇਸ ਦੇ ਬਾਵਜੂਦ ਖਰਚਾ ਹੋਇਆ, ਜੋ ਕਿ ਨਿਯਮਾਂ ਦੇ ਉਲਟ ਸੀ। ਜੁਰਮਾਨਾ ਅਤੇ ਅਗਲੀ ਕਾਰਵਾਈ 'ਲੋਕਲ ਇਲੈਕਸ਼ਨ ਕੈਂਪੇਨ ਫਾਈਨੈਂਸਿੰਗ ਐਕਟ' ਤਹਿਤ ਕਾਰਵਾਈ ਕਰਦਿਆਂ ਰੀਨਾ ਗਿੱਲ ਨੂੰ ਦੋਸ਼ੀ ਪਾਇਆ ਗਿਆ ਹੈ।


ਕੀ ਤੁਹਾਨੂੰ ਦੰਦਾਂ ਦੀ ਤਕਲੀਫ਼ ਹੈ?

ਸਾਡੇ ਕੋਲੋਂ ਉਸੇ ਦਿਨ ਐਮਰਜੈਂਸੀ ਵਿੱਚ ਇਲਾਜ ਕਰਵਾਓ

ਚਿਲਾਵੈਕ ਵਿਚ ਪੰਜਾਬੀ ਡੈਂਟਿਸਟ

We Can Help With
» Teeth Cleaning
» Wisdom teeth Extractions
» Clear Braces
» Implants
& many more...



Accepting Canadian Dental Care Plan From Govt.

Consult Dr. Sra for a health SMILE

COMPLIMENTARY NIGHT GUARD (Value $500)

We accept new Patients, & Emergencies

ਅੱਜ ਹੀ ਆਪਣੀ ਅਪਾਇੰਟਮੈਂਟ ਬੁੱਕ ਕਰਨ ਲਈ ਸੰਪਰਕ ਕਰੋ

maple smiles dentistry
Family & Community Dentistry

604-391-1010 | maplesmiles.ca

8364 Young Road, Unit 101, Chilliwack



YOUR NEIGHBOURHOOD LAYER

RISHI LAW CORPORATION



Criminal Law
» Assault Charges
» Drug Charges
» Theft/Fraud
» Uttering Threats
» Driving Offences

Divorces Probate

All kind of Notary Services

Real Estate
» Purchase/ Sale of Property
» Mortgage / Line of Credit

Immigration Law
» Immigration Appeals
» Refugee Claims
» Spousal Sponsorship
» Parents Sponsorship
» Super Visa / Visitor Visa

NARINDER RISHI
Barrister, Solicitor & Notary Public

Services offered in Punjabi, Hindi & English

Vancouver
6625, Fraser Street
604-322-5515
Email : nkrishi@yahoo.com

Two Locations to serve you

Surrey
604-505-6454
(By appointments only)





NEWTON DENTURE CLINIC INC.

Web: www.newtondentures.ca | Email: newtondentures@gmail.com

ਪੰਜਾਬੀ, ਹਿੰਦੀ ਅਤੇ ਅੰਗਰੇਜ਼ੀ ਬੋਲਦੇ ਹਾਂ।

ਮੁਫ਼ਤ ਸਲਾਹ

"Over 20 years experience as Denturist"

- ਜੇ ਤੁਸੀਂ ਦੰਦ ਲਵਾਉਣੇ ਹਨ ਜਾਂ ਫਿਰ ਲਗਵਾਏ ਹਨ। ਦੰਦ ਪੁਰਾਣੇ ਹਨ ਅਤੇ ਨਵੇਂ ਲਗਵਾਣੇ ਹਨ।
- ਤੁਹਾਡੇ ਲਵਾਏ ਦੰਦ ਢਿੱਲੇ ਹਨ ਜਾਂ ਟੁੱਟ ਗਏ ਹਨ।
- ਬਲਰਾਜ ਨਾਲ ਅਪਾਇੰਟਮੈਂਟ ਬਣਾਓ ਅਤੇ ਖਾਣਾ ਚੰਗੀ ਤਰ੍ਹਾਂ ਖਾਓ।
- ਜੇ ਤੁਹਾਡੇ ਸਾਰੇ ਦੰਦ ਨਹੀਂ ਨਿਕਲੇ ਪਰ ਖਾਣਾ ਠੀਕ ਤਰ੍ਹਾਂ ਨਹੀਂ ਖਾ ਹੁੰਦਾ ਤਾਂ ਬਲਰਾਜ ਨੂੰ ਮਿਲੋ ਇਹ ਤੁਹਾਡੀ ਸੇਵਾ ਲਈ ਸਰੀ ਵਿੱਚ ਹਨ।



BALRAJ (REGGIE) GILL
R.D. Bsc. Registered Denturist

ਬਲਰਾਜ ਸਿੰਘ ਗਿੱਲ 604-590-9747

Surrey #211-8334-128 St. Surrey BC V3W 4G2
(Second floor Khalsa Business Centre)

ਸ੍ਰੀ ਗੁਰੂ ਰਵਿਦਾਸ ਸ਼ਕਤੀ ਅਮਰ ਰਹੇ

# SHRI GURU RAVIDASS SABHA
## VANCOUVER

**7271, GILLEY AVENUE, BURNABY, BC, V5J4W9 | TEL : 604-435-9997 | FAX : 604-435-7771**

*Web : www.gururavidasssabha.org | E-mail : info@gururavidasssabha.net*



## Invitation to the 649th Birth Anniversary of Shri Guru Ravidass Ji

# ਸਮੂਹ ਸਾਧ ਸੰਗਤ ਜੀ ਨੂੰ ਸ੍ਰੀ ਗੁਰੂ ਰਵਿਦਾਸ ਜੀ ਦੇ 649ਵੇਂ ਜਨਮ ਦਿਹਾੜੇ ਦੀਆਂ ਲੱਖ-ਲੱਖ ਵਧਾਈਆਂ

**ਸਤਿਕਾਰਯੋਗ ਸਾਧ ਸੰਗਤ ਜੀ, ਬੜੇ ਸਨਮਾਨ ਨਾਲ ਆਪ ਜੀ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ**

## ਗੁਰੂ ਰਵਿਦਾਸ ਜੀ ਦਾ 649ਵਾਂ ਪ੍ਰਕਾਸ਼ ਪੁਰਬ ਐਤਵਾਰ, 01 ਫਰਵਰੀ 2026 ਨੂੰ ਸ੍ਰੀ ਗੁਰੂ ਰਵਿਦਾਸ ਸਭਾ, ਵੈਨਕੂਵਰ ਵਲੋਂ ਬੜੇ ਧੂਮਧਾਮ ਨਾਲ ਮਨਾਇਆ ਜਾਵੇਗਾ

### ਪ੍ਰੋਗਰਾਮ ਦੀ ਰੂਪ-ਰੇਖਾ ਇਸ ਪ੍ਰਕਾਰ ਹੈ:

| ਸ੍ਰੀ ਅਖੰਡ ਪਾਠ ਸਾਹਿਬ ਜੀ ਦਾ ਆਰੰਭ | ਸ੍ਰੀ ਅਖੰਡ ਪਾਠ ਸਾਹਿਬ ਜੀ ਦਾ ਭੋਗ | ਨਿਸ਼ਾਨ ਸਾਹਿਬ ਦੇ ਚੋਲਾ ਸਾਹਿਬ ਦੀ ਸੇਵਾ |
|---|---|---|
| ਸ਼ੁੱਕਰਵਾਰ, 30 ਜਨਵਰੀ 2026 ਸਵੇਰੇ 9:30 ਵਜੇ | ਐਤਵਾਰ, 01 ਫਰਵਰੀ 2026 - ਸਵੇਰੇ 9:30 ਵਜੇ | ਸ਼ਨਿੱਚਰਵਾਰ, 31 ਜਨਵਰੀ 2026 - ਸਵੇਰੇ 11:00 ਵਜੇ |

ਭੋਗ ਉਪਰੰਤ ਰਾਗੀ ਜਥਿਆਂ ਅਤੇ ਢਾਡੀ ਜਥਿਆਂ ਵਲੋਂ ਗੁਰਬਾਣੀ ਕੀਰਤਨ ਕੀਤਾ ਜਾਵੇਗਾ। ਤਿੰਨੇ ਦਿਨ ਗੁਰੂ ਕਾ ਲੰਗਰ ਅਤੁੱਟ ਵਰਤੇਗਾ।

**ਆਪ ਜੀ ਸਭ ਸੰਗਤਾਂ ਨੂੰ ਨਿਮਰਤਾ ਸਹਿਤ ਬੇਨਤੀ ਹੈ ਕਿ ਤਿੰਨੇ ਦਿਨ ਗੁਰਦੁਆਰਾ ਸਾਹਿਬ ਵਿਖੇ ਨਤਮਸਤਕ ਹੋ ਕੇ ਗੁਰਬਾਣੀ ਦਾ ਸਰਵਣ ਕਰਕੇ ਆਪਣਾ ਜੀਵਨ ਸਫਲਾ ਕਰੋ ਜੀ।**

ਸਮੂਹ ਸੰਗਤਾਂ ਨੂੰ ਬੇਨਤੀ ਹੈ ਕਿ ਜਿਨ੍ਹਾਂ ਪਰਿਵਾਰਾਂ ਦੇ ਪਤੇ, ਫੋਨ ਨੰਬਰ ਅਤੇ ਈਮੇਲ ਬਦਲ ਗਏ ਹਨ, ਕਿਰਪਾ ਕਰਕੇ ਪ੍ਰਬੰਧਕ ਕਮੇਟੀ ਨੂੰ ਨੋਟ ਕਰਵਾ ਦਿਉ ਜੀ।

ਲੰਗਰ, ਵਿਆਹ ਸ਼ਾਦੀ, ਅਖੰਡ ਪਾਠ ਸਾਹਿਬ, ਜਨਮ ਦਿਨ ਅਤੇ ਹੋਰ ਪ੍ਰੋਗਰਾਮ ਦੀ ਬੁਕਿੰਗ ਕਰਵਾਉਣ ਵਾਸਤੇ ਗੁਰਦੁਆਰਾ ਸਾਹਿਬ ਵਿਖੇ ਹੇਠ ਲਿਖੇ ਨੰਬਰਾਂ 'ਤੇ ਸੰਪਰਕ ਕੀਤਾ ਜਾ ਸਕਦਾ ਹੈ:

**TO BOOK PROGRAMS OR GURDWARA SEVA AND OTHER INFORMATION PLEASE CONTACT: 604-435-9997**

ਅਸੀਂ ਗੁਰੂ ਰਵਿਦਾਸ ਸਭਾ 'ਚ ਲੰਗਰ ਸੇਵਾ ਲੈਣ ਲਈ ਕਮਿਊਨਿਟੀ/ਸੰਗਤ ਨੂੰ ਬੇਨਤੀ ਕਰਦੇ ਹਾਂ। ਲੰਗਰ ਸੇਵਾ ਦੇ ਦਿਨਾਂ ਦੀ ਉਪਲੱਬਧਤਾ ਬਾਰੇ ਜਾਣਕਾਰੀ ਲੈਣ ਲਈ ਕ੍ਰਿਪਾ ਸੰਪਰਕ ਕਰੋ:

**PRESIDENT**
HARJIT KUMAR SOHPAUL 778-668-2653

*1st Vice President*
*RAMESH SAROYA 604-341-2652*

*2nd Vice President*
*SANTOKH JASSAL 604-671-6365*

**General Secretary**
AMARJIT SINGH LEALH
604-307-6174

*Assistant Secretary*
*MICHAEL GHIRRA 604-715-7039*

**Treasurer**
RAJESH KUMAR TOORA
604-671-3853

*Assistant Treasurer*
*KEWAL SIDHU 604-551-5588*

**BOARD OF DIRECTORS**
*Harish Bains*
*Harjinder S. Sahni*
*Piara Singh Hira*
*Surinder Pal Kalsi*
*Rakesh Kumar*
*Bill Basra*
*Kuldeep Singh Kauldhar (Spokesman)*
*Sudarshan Ardhawa*

**TRUSTEES**
*Ranjodh Washal*
*Jaswant Rai Jassal*
*Nirmal Klair*
*Sahil Gaught*
*Gurmail Singh Pal*

# ਗੁਰੂ ਨਾਨਕ ਸਿੱਖ ਗੁਰਦੁਆਰਾ ਸਰੀ-ਡੈਲਟਾ ਵਿਖੇ ਕਵੀ ਦਰਬਾਰ ਆਯੋਜਿਤ

ਸਰੀ (ਹਰਦਮ ਸਿੰਘ ਮਾਨ): ਦਸਮੇਸ਼ ਪਿਤਾ ਗੁਰੂ ਗੋਬਿੰਦ ਸਿੰਘ ਜੀ ਦੇ ਗੁਰਪੁਰਬ ਨੂੰ ਸਮਰਪਿਤ ਕਵੀ ਦਰਬਾਰ ਗੁਰੂ ਨਾਨਕ ਸਿੱਖ ਗੁਰਦੁਆਰਾ ਸਾਹਿਬ ਵਿਖੇ ਆਯੋਜਿਤ ਕੀਤਾ ਗਿਆ, ਜੋ ਕਿ ਕਵੀ ਸਾਹਿਬਾਨਾਂ ਦੇ ਭਰਪੂਰ ਹੁੰਗਾਰੇ ਨਾਲ ਬੜੀ ਸ਼ਰਧਾ, ਉਤਸ਼ਾਹ ਅਤੇ ਗੁਰਮਤਿ ਮਾਹੌਲ ਵਿਚ ਸੰਪੂਰਨ ਹੋਇਆ। ਇਸ ਸਮਾਗਮ ਦੌਰਾਨ ਵੱਖ-ਵੱਖ ਖੇਤਰਾਂ ਤੋਂ ਪਹੁੰਚੇ ਪ੍ਰਸਿੱਧ ਕਵੀਆਂ ਨੇ ਗੁਰਮਤਿ, ਸਿੱਖ ਇਤਿਹਾਸ ਅਤੇ ਪੰਥਕ ਚੇਤਨਾ ਨੂੰ ਆਧਾਰ ਬਣਾ ਕੇ ਉੱਚ ਕੋਟੀ ਦੀਆਂ ਕਾਵਿ ਰਚਨਾਵਾਂ ਪੇਸ਼ ਕੀਤੀਆਂ। ਸੰਗਤਾਂ ਵੱਲੋਂ ਇਨ੍ਹਾਂ ਰਚਨਾਵਾਂ ਨੂੰ ਭਰਪੂਰ ਸਨਮਾਨ ਅਤੇ ਸਰਾਹਨਾ ਪ੍ਰਾਪਤ ਹੋਈ।

ਚਾਰ ਸਾਲ ਦੀ ਉਮਰ ਦੀ ਬੱਚੀ ਤੋਂ ਲੈ ਕੇ 90 ਸਾਲ ਦੇ ਬਜ਼ੁਰਗਾਂ ਤੱਕ ਦੀ ਸ਼ਮੂਲੀਅਤ ਵਾਲੇ ਇਸ ਪ੍ਰਭਾਵਸ਼ਾਲੀ ਕਵੀ ਦਰਬਾਰ ਸਮਾਗਮ ਦੌਰਾਨ ਡਾ. ਗੁਰਵਿੰਦਰ ਸਿੰਘ ਵੱਲੋਂ ਸੰਚਾਲਨ ਦੀ ਸੇਵਾ ਨਿਭਾਈ ਗਈ। ਉਨ੍ਹਾਂ ਨੇ ਬਹੁਤ ਹੀ ਸੁਚੱਜੇ, ਸਲੀਕੇਦਾਰ ਅਤੇ ਜ਼ਿੰਮੇਵਾਰ ਢੰਗ ਨਾਲ ਸਮਾਗਮ ਦੀ ਸ਼ੋਭਾ ਨੂੰ ਨਿਖਾਰਿਆ। ਕਰੀਬ ਢਾਈ ਘੰਟੇ ਤੱਕ ਚੱਲੇ ਇਸ ਕਵੀ ਦਰਬਾਰ ਦੌਰਾਨ ਗੁਰੂ ਨਾਨਕ ਸਿੱਖ ਗੁਰਦੁਆਰਾ ਸਾਹਿਬ ਦੀ ਪ੍ਰਬੰਧਕ ਕਮੇਟੀ ਵੱਲੋਂ ਡਾ. ਗੁਰਵਿੰਦਰ ਸਿੰਘ ਸਮੇਤ, ਮਾਸਟਰ ਅਮਰੀਕ ਸਿੰਘ ਲੇਹਲ, ਅਵਤਾਰ ਸਿੰਘ ਬਰਾੜ, ਬੰਤਾ ਸਿੰਘ ਸਭਰਵਾਲ, ਬਾਵਾ ਸਿੰਘ ਹੁੰਜਣ ਪਰਮਜੀਤ ਸਿੰਘ ਨਿੱਜਰ, ਹਰਚੰਦ ਸਿੰਘ ਗਿੱਲ ਅਚਰਵਾਲ, ਪ੍ਰਬਲੀਨ ਕੌਰ ਕੈਂਥ, ਹਰਿਜਸ ਕੌਰ, ਸਿਮਰਨ ਕੌਰ, ਗੁਰਲੀਨ ਕੌਰ, ਗੁਰਮੀਤ ਸਿੰਘ ਤੂਰ, ਸੁਖਵਿੰਦਰ ਸਿੰਘ, ਹਰਜਿੰਦਰ ਕੌਰ ਅਤੇ ਕੁਲਵੰਤ ਸਿੰਘ ਸਰੋਤਾ ਪੰਜਾਬੀ ਸਾਹਿਤ ਸਭਾ ਮੁਕਤਸਰ ਸਮੇਤ ਸਾਰੇ ਭਾਗੀਦਾਰ ਕਵੀਆਂ ਨੂੰ ਪ੍ਰਸ਼ੰਸਾ ਪੱਤਰ ਭੇਟ ਕਰਕੇ ਸਨਮਾਨਿਤ ਕੀਤਾ ਗਿਆ ਅਤੇ ਸਮਾਗਮ ਦੀ ਸਫਲਤਾ ਲਈ ਸਹਿਯੋਗੀ ਸੇਵਾਦਾਰਾਂ ਦਾ ਦਿਲੋਂ ਧੰਨਵਾਦ ਕੀਤਾ ਗਿਆ। ਪੰਜਾਬੀ ਸਾਹਿਤ ਸਭਾ ਮੁਕਤਸਰ ਤੋਂ ਲੇਖਕ ਅਤੇ ਪੱਤਰਕਾਰ ਕੁਲਵੰਤ ਸਿੰਘ ਸਰੋਤਾ ਇਸ ਮੌਕੇ ਤੇ ਵਿਸ਼ੇਸ਼ ਤੌਰ ਤੇ ਸ਼ਾਮਿਲ ਹੋਏ। ਸਿੱਖ ਲਿਖਾਰੀ ਭਾਈ ਬੰਤਾ ਸਿੰਘ ਸਭਰਵਾਲ ਨੇ ਗੁਰਦੁਆਰਾ ਸਾਹਿਬ ਦੀ ਪ੍ਰਬੰਧਕੀ ਕਮੇਟੀ ਨੂੰ ਇੱਕ ਯਾਦਗਾਰੀ ਸੁਗਾਤ ਭੇਟ ਕਰਦਿਆਂ 50 ਸਾਲਾ ਪੁਰਾਣੇ ਇਤਿਹਾਸ ਦੀ ਸਾਂਝ ਪਾਈ।




# ਪਿਕਸ ਸੰਸਥਾ ਵੱਲੋਂ ਵੈਨਕੂਵਰ ਵਿੱਚ 'ਮੈਗਾ ਜੌਬ ਫੇਅਰ' 26 ਫਰਵਰੀ ਨੂੰ

ਸਰੀ, (ਹਰਦਮ ਮਾਨ): ਪ੍ਰਗਤੀਸ਼ੀਲ ਇੰਟਰਕਲਚਰਲ ਕਮਿਊਨਿਟੀ ਸਰਵਿਸਿਜ਼ (PICS) ਸੋਸਾਇਟੀ ਵੱਲੋਂ ਬ੍ਰਿਟਿਸ਼ ਕੋਲੰਬੀਆ ਵਿੱਚ ਰਹਿਣ ਅਤੇ ਕੰਮ ਕਰਨ ਵਾਲੇ ਚਾਹਵਾਨਾਂ ਲਈ ਇੱਕ ਵਿਸ਼ਾਲ 'ਮੈਗਾ ਜੌਬ ਫੇਅਰ' ਕਰਵਾਇਆ ਜਾ ਰਿਹਾ ਹੈ। ਇਹ ਜੌਬ ਮੇਲਾ 26 ਫਰਵਰੀ, 2026 ਨੂੰ ਸਵੇਰੇ 10 ਵਜੇ ਤੋਂ ਦੁਪਹਿਰ 3 ਵਜੇ ਤੱਕ ਵੈਨਕੂਵਰ ਦੇ ਪ੍ਰਸਿੱਧ 'ਰਾਊਂਡਹਾਊਸ ਕਮਿਊਨਿਟੀ ਆਰਟਸ ਐਂਡ ਰੀਕ੍ਰਿਏਸ਼ਨ ਸੈਂਟਰ' (181 ਰਾਊਂਡਹਾਊਸ ਮਿਊਜ਼ (Roundhouse Mews) ਵੈਨਕੂਵਰ) ਵਿਖੇ ਹੋਵੇਗਾ। ਇਸ ਜੌਬ ਫੇਅਰ ਵਿੱਚ 70 ਤੋਂ ਵੱਧ ਪ੍ਰਦਰਸ਼ਕ ਹਿੱਸਾ ਲੈ ਰਹੇ ਹਨ, ਜਿੱਥੇ 3,000 ਤੋਂ ਵੱਧ ਉਮੀਦਵਾਰਾਂ ਦੇ ਪਹੁੰਚਣ ਦੀ ਉਮੀਦ ਹੈ। "ਤੁਹਾਡੀ ਸੁਪਨਿਆਂ ਦੀ ਨੌਕਰੀ ਤੁਹਾਡੀ ਉਡੀਕ ਕਰ ਰਹੀ ਹੈ" (Your Dream Job Awaits You) ਦੇ ਨਾਅਰੇ ਹੇਠ ਕਰਵਾਏ ਜਾ ਰਹੇ ਇਸ ਮੇਲੇ ਦਾ ਮੁੱਖ ਮਕਸਦ ਨੌਕਰੀ ਲੱਭਣ ਵਾਲਿਆਂ ਨੂੰ ਸਿੱਧੇ ਤੌਰ 'ਤੇ ਵੱਡੀਆਂ ਕੰਪਨੀਆਂ ਅਤੇ ਮਾਲਕਾਂ ਨਾਲ ਜੋੜਨਾ ਹੈ। ਬੀਸੀ ਕਰੈਕਸ਼ਨਜ਼ ਵਰਗੀਆਂ ਸੰਸਥਾਵਾਂ ਵਿੱਚ 'ਪੀਸ ਆਫੀਸਰ' ਬਣਨ ਅਤੇ ਸਮਾਜ ਸੇਵਾ ਦੇ ਖੇਤਰ ਵਿੱਚ ਕਰੀਅਰ ਬਣਾਉਣ ਦੇ ਚਾਹਵਾਨਾਂ ਲਈ ਇਹ ਇੱਕ ਬਿਹਤਰੀਨ ਪਲੇਟਫਾਰਮ ਹੈ। ਇਸ ਸਮਾਗਮ ਵਿੱਚ ਸ਼ਾਮਲ ਹੋਣ ਲਈ ਉਮੀਦਵਾਰ megajobfair.ca ਵੈੱਬਸਾਈਟ 'ਤੇ ਜਾ ਕੇ ਆਪਣੀ ਰਜਿਸਟ੍ਰੇਸ਼ਨ ਕਰਵਾ ਸਕਦੇ ਹਨ। ਪੋਸਟਰ 'ਤੇ ਦਿੱਤੇ ਗਏ QR ਕੋਡ ਨੂੰ ਸਕੈਨ ਕਰਕੇ ਵੀ ਤੁਰੰਤ ਰਜਿਸਟ੍ਰੇਸ਼ਨ ਕੀਤੀ ਜਾ ਸਕਦੀ ਹੈ। ਜ਼ਿਕਰਯੋਗ ਹੈ ਕਿ ਪਿਕਸ (PICS) ਸੰਸਥਾ ਲੰਬੇ ਸਮੇਂ ਤੋਂ ਬ੍ਰਿਟਿਸ਼ ਕੋਲੰਬੀਆ ਵਿੱਚ ਨਵੇਂ ਆਏ ਲੋਕਾਂ ਅਤੇ ਸਥਾਨਕ ਨਿਵਾਸੀਆਂ ਨੂੰ ਮੁਫ਼ਤ ਸਹਾਇਤਾ ਪ੍ਰਦਾਨ ਕਰ ਰਹੀ ਹੈ ਤਾਂ ਜੋ ਉਹ ਇੱਥੋਂ ਦੇ ਕੰਮਕਾਜੀ ਮਾਹੌਲ ਵਿੱਚ ਸਹੀ ਢੰਗ ਨਾਲ ਸਥਾਪਿਤ ਹੋ ਸਕਣ। ਸੰਸਥਾ ਵੱਲੋਂ ਸਾਰੇ ਯੋਗ ਉਮੀਦਵਾਰਾਂ ਨੂੰ ਆਪਣੇ ਰੈਜ਼ਮੇ (Resume) ਨਾਲ ਇਸ ਮੇਲੇ ਵਿੱਚ ਪਹੁੰਚਣ ਦਾ ਸੱਦਾ ਦਿੱਤਾ ਗਿਆ ਹੈ।




# ਇਮੀਗ੍ਰੇਸ਼ਨ ਕਾਨੂੰਨਾਂ 'ਚ ਰੁਕਾਵਟ ਪਾਉਣ ਵਾਲੇ ਅਧਿਕਾਰੀਆਂ ਨੂੰ ਬਖਸ਼ਿਆ ਨਹੀਂ ਜਾਵੇਗਾ : ਕ੍ਰਿਸਟੀ ਨੋਮ



ਵਾਸ਼ਿੰਗਟਨ: ਅਮਰੀਕਾ ਦੇ ਡਿਪਾਰਟਮੈਂਟ ਆਫ ਹੋਮਲੈਂਡ ਸਕਿਓਰਿਟੀ (DHS) ਦੀ ਨਵ-ਨਿਯੁਕਤ ਸਕੱਤਰ ਕ੍ਰਿਸਟੀ ਨੋਮ ਨੇ ਅਹੁਦਾ ਸੰਭਾਲਦਿਆਂ ਹੀ ਵਿਭਾਗ ਦੇ ਅੰਦਰ ਸਖ਼ਤ ਸਫਾਈ ਮੁਹਿੰਮ ਦੇ ਸੰਕੇਤ ਦੇ ਦਿੱਤੇ ਹਨ। ਗਲੋਬਲ ਨਿਊਜ਼ ਦੀ ਰਿਪੋਰਟ ਮੁਤਾਬਕ, ਨੋਮ ਨੇ ਇੱਕ ਮੀਮੋ ਜਾਰੀ ਕਰਕੇ ਇਮੀਗ੍ਰੇਸ਼ਨ ਅਤੇ ਕਸਟਮਜ਼ ਇਨਫੋਰਸਮੈਂਟ (ICE) ਸਮੇਤ ਹੋਰ ਏਜੰਸੀਆਂ ਦੇ ਕਰਮਚਾਰੀਆਂ ਨੂੰ ਸਪੱਸ਼ਟ ਚੇਤਾਵਨੀ ਦਿੱਤੀ ਹੈ। ਉਨ੍ਹਾਂ ਕਿਹਾ ਹੈ ਕਿ ਜੋ ਵੀ ਅਧਿਕਾਰੀ ਜਾਂ ਕਰਮਚਾਰੀ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਇਮੀਗ੍ਰੇਸ਼ਨ ਏਜੰਡੇ ਅਤੇ ਕਾਨੂੰਨਾਂ ਨੂੰ ਲਾਗੂ ਕਰਨ ਵਿੱਚ ਜਾਣਬੁੱਝ ਕੇ ਰੁਕਾਵਟ ਪਾਉਣਗੇ, ਉਨ੍ਹਾਂ ਨੂੰ ਨੌਕਰੀ ਤੋਂ ਬਰਖਾਸਤ ਕੀਤਾ ਜਾਵੇਗਾ ਅਤੇ ਉਨ੍ਹਾਂ ਖਿਲਾਫ ਮਹਾਦੋਸ਼ (Impeachment) ਵਰਗੀ ਕਾਨੂੰਨੀ ਕਾਰਵਾਈ ਵੀ ਕੀਤੀ ਜਾ ਸਕਦੀ ਹੈ। ਸਰਕਾਰੀ ਅਧਿਕਾਰੀਆਂ ਲਈ "ਜ਼ੀਰੋ ਟੋਲਰੈਂਸ" ਨੀਤੀ ਕ੍ਰਿਸਟੀ ਨੋਮ, ਜੋ ਕਿ ਸਾਊਥ ਡਕੋਟਾ ਦੀ ਸਾਬਕਾ ਗਵਰਨਰ ਹਨ ਅਤੇ ਡੋਨਾਲਡ ਟਰੰਪ ਦੀਆਂ ਕੱਟੜ ਸਮਰਥਕ ਮੰਨੀ ਜਾਂਦੀ ਹਨ, ਨੇ ਇਹ ਬਿਆਨ ਦੇ ਕੇ ਸਾਫ ਕਰ ਦਿੱਤਾ ਹੈ ਕਿ ਨਵੇਂ ਪ੍ਰਸ਼ਾਸਨ ਵਿੱਚ ਵਿਰੋਧ ਦੀ ਕੋਈ ਗੁੰਜਾਇਸ਼ ਨਹੀਂ ਹੈ। ਉਨ੍ਹਾਂ ਕਿਹਾ ਕਿ ਅਮਰੀਕੀ ਜਨਤਾ ਨੇ ਟਰੰਪ ਨੂੰ ਸਰਹੱਦਾਂ ਸੁਰੱਖਿਅਤ ਕਰਨ ਅਤੇ ਗੈਰ-ਕਾਨੂੰਨੀ ਪਰਵਾਸ ਨੂੰ ਰੋਕਣ ਲਈ ਚੁਣਿਆ ਹੈ।





REPAIR & SERVICES

ਸੰਪਰਕ ਕਰੋ

604-773-7258 (ਸਰੀ)

SABLOK & SABLOK

Notaries Public


ਤੁਹਾਡੀ ਵਧੀਆ ਸੇਵਾ ਲਈ ਹੁਣ 2 ਨੋਟਰੀਜ਼

ਨੋਟਰੀ ਪਬਲਿਕ ਦੀਆਂ ਸੇਵਾਵਾਂ

- ਘਰ ਖਰੀਦਣ ਜਾਂ ਵੇਚਣ ਤੇ ਮੌਰਗੇਜ਼ ਦੇ ਕਾਗਜ਼
- ਮੁਖਤਿਆਰਨਾਮਾ , ਰਾਹਦਾਰੀ ਅਤੇ ਵਸੀਅਤਨਾਮਾ
- ਪਾਸਪੋਰਟ ਆਦਿ ਤੇ ਨੋਟਰੀ ਪਬਲਿਕ ਅਤੇ ਹੋਰ ਸਾਰੇ ਕੰਮ

ਇਮੀਗਰੇਸ਼ਨ ਦੀਆਂ ਸੇਵਾਵਾਂ

- ਬਿਜਨਸ ਅਤੇ ਇਨਵੈਸਟਰ ਇਮੀਗਰੇਸ਼ਨ
- ਫੈਮਲੀ, ਮੰਗੇਤਰ ਅਤੇ ਨਜ਼ਦੀਕੀ ਰਿਸ਼ਤੇਦਾਰਾਂ ਦੀ ਇਮੀਗਰੇਸ਼ਨ
- ਇਮੀਗਰੇਸ਼ਨ ਅਪੀਲ ਅਤੇ ਇਮੀਗਰੇਸ਼ਨਸਰਵਿਸਿਜ਼



AKASH SABLOK & TARLOK SABLOK

ਸਬਲੋਕ ਐਂਡ ਸਬਲੋਕ

604-325-9200

FAX – 604-325-3666

6108 Fraser st. (at 45th Ave.) Vancouver BC V5 Ww 3A1

# ਇੰਡੋ-ਕੈਨੇਡੀਅਨ ਸੀਨੀਅਰ ਸੈਂਟਰ ਸਰੀ ਵੱਲੋਂ ਸ਼ਹੀਦ ਮੇਵਾ ਸਿੰਘ ਲੋਪੋਕੇ ਨੂੰ ਸਮਰਪਿਤ ਕਵੀ ਦਰਬਾਰ



ਸਰੀ, (ਹਰਦਮ ਮਾਨ): ਇੰਡੋ-ਕੈਨੇਡੀਅਨ ਸੀਨੀਅਰ ਸੈਂਟਰ ਸਰੀ-ਡੈਲਟਾ ਵੱਲੋਂ ਪ੍ਰਧਾਨ ਅਵਤਾਰ ਸਿੰਘ ਢਿੱਲੋਂ ਦੀ ਪ੍ਰਧਾਨਗੀ ਹੇਠ ਮਹੀਨਾਵਾਰ ਕਵੀ ਦਰਬਾਰ ਬੜੀ ਸ਼ਰਧਾ ਅਤੇ ਧੂਮ-ਧਾਮ ਨਾਲ ਕਰਵਾਇਆ ਗਿਆ। ਇਸ ਵਾਰ ਦਾ ਇਹ ਪ੍ਰੋਗਰਾਮ ਕੈਨੇਡਾ ਦੇ ਸਿੱਖ ਇਤਿਹਾਸ ਦੇ ਮਹਾਨ ਸੂਰਬੀਰ ਸ਼ਹੀਦ ਮੇਵਾ ਸਿੰਘ ਲੋਪੋਕੇ ਦੇ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਸੀ।

ਸਮਾਗਮ ਦੀ ਸ਼ੁਰੂਆਤ ਕਰਦਿਆਂ ਪ੍ਰਧਾਨ ਅਵਤਾਰ ਸਿੰਘ ਢਿੱਲੋਂ ਨੇ ਸ਼ਹੀਦ ਮੇਵਾ ਸਿੰਘ ਲੋਪੋਕੇ ਦੀ ਲਾਸਾਨੀ ਕੁਰਬਾਨੀ ਬਾਰੇ ਵਿਸਥਾਰਪੂਰਵਕ ਜਾਣਕਾਰੀ ਸਾਂਝੀ ਕੀਤੀ। ਉਨ੍ਹਾਂ ਦੱਸਿਆ ਕਿ ਸ਼ਹੀਦ ਮੇਵਾ ਸਿੰਘ ਨੇ 1914 ਵਿੱਚ ਕੈਨੇਡਾ ਵਿੱਚ ਵਸਦੇ ਭਾਰਤੀਆਂ ਵਿਰੁੱਧ ਅੰਗਰੇਜ਼ ਹਕੂਮਤ ਦੀਆਂ ਵਧੀਕੀਆਂ ਅਤੇ ਮੁਖ਼ਬਰ ਬੇਲਾ ਸਿੰਘ ਵੱਲੋਂ ਗੁਰਦੁਆਰਾ ਸਾਹਿਬ ਦੇ ਅੰਦਰ ਕੀਤੇ ਗਏ ਕਤਲੇਆਮ ਦਾ ਮੂੰਹ-ਤੋੜ ਜਵਾਬ ਦਿੱਤਾ ਸੀ। ਉਨ੍ਹਾਂ ਨੇ ਜ਼ੁਲਮ ਦੇ ਸੂਤਰਧਾਰ ਇੰਸਪੈਕਟਰ ਹੌਪਕਿਨਸਨ ਨੂੰ ਅਦਾਲਤ ਵਿੱਚ ਸੋਧ ਕੇ ਸਿੱਖ ਅਣਖ ਨੂੰ ਬਰਕਰਾਰ ਰੱਖਿਆ ਅਤੇ 11 ਜਨਵਰੀ 1915 ਨੂੰ ਹੱਸਦੇ ਹੋਏ ਫਾਂਸੀ ਦਾ ਰੱਸਾ ਚੁੰਮਿਆ। ਢਿੱਲੋਂ ਨੇ ਕਿਹਾ ਕਿ ਅੱਜ ਅਸੀਂ ਜਿਸ ਆਜ਼ਾਦੀ ਦਾ ਨਿੱਘ ਮਾਣ ਰਹੇ ਹਾਂ, ਉਹ ਅਜਿਹੇ ਸ਼ਹੀਦਾਂ ਦੀ ਬਦੌਲਤ ਹੀ ਹੈ।

ਸਮਾਗਮ ਵਿੱਚ ਅੰਤਰਰਾਸ਼ਟਰੀ ਪ੍ਰਸਿੱਧੀ ਪ੍ਰਾਪਤ ਲੇਖਕ ਅਤੇ ਖੇਡ ਪੱਤਰਕਾਰ ਸੰਤੋਖ ਸਿੰਘ ਮੰਡੇਰ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ। ਉਨ੍ਹਾਂ ਨੇ ਆਪਣੇ ਜੀਵਨ ਭਰ ਦੇ ਸਾਹਿਤਕ ਅਤੇ ਖੇਡ ਸਫ਼ਰ ਬਾਰੇ ਸਰੋਤਿਆਂ ਨਾਲ ਦਿਲਚਸਪ ਗੱਲਾਂ ਸਾਂਝੀਆਂ ਕੀਤੀਆਂ। ਸ. ਮੰਡੇਰ ਨੇ ਪੰਜਾਬੀ ਖੇਡ ਜਗਤ ਨੂੰ ਪ੍ਰਫੁੱਲਤ ਕਰਨ ਲਈ ਪਾਏ ਆਪਣੇ ਯੋਗਦਾਨ 'ਤੇ ਚਾਨਣਾ ਪਾਇਆ ਅਤੇ ਇਸ ਮੌਕੇ ਆਪਣਾ ਤ੍ਰੈ-ਮਾਸਿਕ ਮੈਗਜ਼ੀਨ "ਖੇਡ ਸੰਸਾਰ" ਵੀ ਜਾਰੀ ਕੀਤਾ। ਇਸ ਮੈਗਜ਼ੀਨ ਰਾਹੀਂ ਉਹ ਪਿਛਲੇ ਲੰਮੇ ਸਮੇਂ ਤੋਂ ਨਵੀਂ ਪੀੜ੍ਹੀ ਨੂੰ ਖੇਡਾਂ ਅਤੇ ਆਪਣੀ ਵਿਰਾਸਤ ਨਾਲ ਜੋੜਨ ਦਾ ਵੱਡਮੁੱਲਾ ਕਾਰਜ ਕਰ ਰਹੇ ਹਨ।

ਕਵੀ ਦਰਬਾਰ ਦੇ ਦੌਰਾਨ ਜ਼ਿਆਦਾਤਰ ਰਚਨਾਵਾਂ ਸ਼ਹੀਦ ਮੇਵਾ ਸਿੰਘ ਦੇ ਵਿਸ਼ੇ 'ਤੇ ਆਧਾਰਿਤ ਸਨ, ਜਿਨ੍ਹਾਂ ਨੇ ਸਾਰੇ ਸਰੋਤਿਆਂ ਨੂੰ ਮੰਤਰ-ਮੁਗਧ ਕਰ ਦਿੱਤਾ। ਕਵੀ ਦਰਬਾਰ ਵਿਚ ਅਵਤਾਰ ਸਿੰਘ ਬਰਾੜ, ਗੁਰਚਰਨ ਸਿੰਘ ਬਰਾੜ, ਇੰਦਰਜੀਤ ਸਿੰਘ ਧਾਮੀ, ਨਿਰੰਜਨ ਸਿੰਘ ਲੇਹਲ, ਸੁਖਪ੍ਰੀਤ ਸਿੰਘ, ਦਰਸ਼ਨ ਸਿੰਘ ਅਟਵਾਲ, ਦਵਿੰਦਰ ਕੌਰ ਜੌਹਲ, ਭਗਵੰਤ ਕੌਰ ਚਾਹਲ, ਮਨਜੀਤ ਸਿੰਘ ਮੱਲ੍ਹਾ, ਗੁਰਦਿਆਲ ਸਿੰਘ ਜੌਹਲ, ਇੰਦਰਜੀਤ ਕੌਰ ਸੰਧੂ, ਪਵਿੱਤਰ ਕੌਰ ਬਰਾੜ, ਕੁਲਵੰਤ ਸਿੰਘ ਸਰੋਤਾ, ਸਵਰਨਜੀਤ ਸਿੰਘ ਸੰਧੂ, ਬਲਬੀਰ ਸਿੰਘ ਸੰਘਾ, ਅਮਰੀਕ ਸਿੰਘ ਲੇਹਲ, ਪ੍ਰੋ. ਸ਼ਮੀਰ ਸਿੰਘ, ਸਵਰਨ ਸਿੰਘ ਚਾਹਲ, ਬੇਅੰਤ ਸਿੰਘ ਢਿੱਲੋਂ, ਗੁਰਦਰਸ਼ਨ ਸਿੰਘ ਬਾਦਲ ਅਤੇ ਬੀਬੀ ਅਮਰਜੀਤ ਕੌਰ ਨੇ ਆਪਣੀਆਂ ਰਚਨਾਵਾਂ ਪੇਸ਼ ਕੀਤੀਆਂ। ਮੰਚ ਸੰਚਾਲਨ ਹਰਚੰਦ ਸਿੰਘ ਗਿੱਲ ਨੇ ਬਾਖੂਬੀ ਨਿਭਾਇਆ। ਸਮਾਗਮ ਦੌਰਾਨ ਚਾਹ-ਪਾਣੀ ਦੀ ਸੇਵਾ ਬੀਬੀ ਭਗਵੰਤ ਕੌਰ ਚਾਹਲ ਵੱਲੋਂ ਆਪਣੇ ਬੇਟੇ ਦੇ ਨਵੇਂ ਕਲੀਨਿਕ ਖੁੱਲ੍ਹਣ, ਜਨਮ ਦਿਨ ਅਤੇ ਆਪਣੇ ਪੋਤੇ-ਪੋਤੀ ਦੀ ਲੋਹੜੀ ਦੀ ਖੁਸ਼ੀ ਵਿੱਚ ਕੀਤੀ ਗਈ।

# ਲੈਂਗਲੀ ਪੁਲਿਸ ਨੇ ਚੋਰੀ ਹੋਇਆ ਟ੍ਰੇਲਰ ਕੀਤਾ ਬਰਾਮਦ, ਪਰ ਵਿੱਚ ਲੱਦਿਆ ਸਮਾਨ ਬਣਿਆ ਪੁਲਿਸ ਲਈ ਬੁਝਾਰਤ



ਲੈਂਗਲੀ, (ਏਕਜੋਤ ਸਿੰਘ): ਲੈਂਗਲੀ ਆਰ.ਸੀ.ਐਮ.ਪੀ. (RCMP) ਨੇ ਚੋਰੀ ਦੇ ਇੱਕ ਮਾਮਲੇ ਵਿੱਚ ਵੱਡੀ ਸਫਲਤਾ ਹਾਸਲ ਕਰਦਿਆਂ ਇੱਕ ਚੋਰੀ ਹੋਇਆ ਟ੍ਰੇਲਰ ਬਰਾਮਦ ਕੀਤਾ ਹੈ। ਹਾਲਾਂਕਿ, ਇਹ ਮਾਮਲਾ ਪੁਲਿਸ ਲਈ ਇੱਕ ਅਨੋਖੀ ਪਹੇਲੀ ਬਣ ਗਿਆ ਹੈ। ਪੁਲਿਸ ਨੇ ਟ੍ਰੇਲਰ ਤਾਂ ਲੱਭ ਲਿਆ ਹੈ, ਪਰ ਉਸਦੇ ਅੰਦਰੋਂ ਮਿਲੇ ਨਵੇਂ ਸਿੰਕਾਂ ਦੇ ਵੱਡੇ ਭੰਡਾਰ ਦਾ ਅਸਲ ਮਾਲਕ ਕੌਣ ਹੈ, ਇਸ ਬਾਰੇ ਅਜੇ ਤੱਕ ਕੁਝ ਪਤਾ ਨਹੀਂ ਲੱਗ ਸਕਿਆ। ਪੁਲਿਸ ਹੁਣ ਇਹ ਪਤਾ ਲਗਾਉਣ ਦੀ ਕੋਸ਼ਿਸ਼ ਕਰ ਰਹੀ ਹੈ ਕਿ ਇਹ ਕੀਮਤੀ ਸਮਾਨ ਕਿਸਦਾ ਹੈ ਤਾਂ ਜੋ ਇਸਨੂੰ ਸਹੀ ਹੱਥਾਂ ਵਿੱਚ ਸੌਂਪਿਆ ਜਾ ਸਕੇ।

ਘਟਨਾ ਦਾ ਵੇਰਵਾ ਪੁਲਿਸ ਰਿਪੋਰਟਾਂ ਮੁਤਾਬਕ ਇਹ ਘਟਨਾ ਸ਼ਨੀਵਾਰ, 23 ਜਨਵਰੀ ਦੀ ਹੈ। ਲੈਂਗਲੀ ਆਰ.ਸੀ.ਐਮ.ਪੀ. ਦੀ ਟੀਮ ਨੇ ਇੱਕ ਕਾਰਵਾਈ ਦੌਰਾਨ 53 ਫੁੱਟ ਲੰਬਾ ਇੱਕ ਵਪਾਰਕ ਟ੍ਰੇਲਰ ਬਰਾਮਦ ਕੀਤਾ। ਜਾਂਚ ਦੌਰਾਨ ਪਾਇਆ ਗਿਆ ਕਿ ਇਹ ਟ੍ਰੇਲਰ ਚੋਰੀ ਦਾ ਸੀ। ਜਦੋਂ ਅਧਿਕਾਰੀਆਂ ਨੇ ਟ੍ਰੇਲਰ ਖੋਲ੍ਹ ਕੇ ਦੇਖਿਆ ਤਾਂ ਉਹ ਹੈਰਾਨ ਰਹਿ ਗਏ ਕਿਉਂਕਿ ਇਹ ਖਾਲੀ ਨਹੀਂ ਸੀ, ਸਗੋਂ ਇਸ ਵਿੱਚ ਵੱਡੀ ਮਾਤਰਾ ਵਿੱਚ ਬਿਲਕੁਲ ਨਵੇਂ ਸਿੰਕ ਲੱਦੇ ਹੋਏ ਸਨ।

ਆਮ ਤੌਰ 'ਤੇ ਵਾਹਨ ਚੋਰੀ ਦੇ ਮਾਮਲਿਆਂ ਵਿੱਚ ਚੋਰ ਸਮਾਨ ਕੱਢ ਕੇ ਵਾਹਨ ਨੂੰ ਕਿਤੇ ਦੂਰ ਛੱਡ ਦਿੰਦੇ ਹਨ, ਪਰ ਇਸ ਮਾਮਲੇ ਵਿੱਚ ਚੋਰਾਂ ਦੀ "ਸਫਾਈ ਨਾਲ ਭੱਜਣ" ਦੀ ਯੋਜਨਾ ਸਿਰੇ ਨਹੀਂ ਚੜ੍ਹ ਸਕੀ ਅਤੇ ਪੁਲਿਸ ਨੇ ਸਮਾਨ ਸਮੇਤ ਟ੍ਰੇਲਰ ਕਾਬੂ ਕਰ ਲਿਆ।

ਟ੍ਰੇਲਰ ਮਾਲਕ ਦਾ ਬਿਆਨ ਅਤੇ ਉਲਝਣ ਟ੍ਰੇਲਰ ਦੀ ਬਰਾਮਦਗੀ ਤੋਂ ਬਾਅਦ, ਜਾਂਚ ਅਧਿਕਾਰੀਆਂ ਨੇ ਰਜਿਸਟ੍ਰੇਸ਼ਨ ਨੰਬਰ ਦੇ ਅਧਾਰ 'ਤੇ ਟ੍ਰੇਲਰ ਦੇ ਅਸਲ ਮਾਲਕ ਨਾਲ ਸੰਪਰਕ ਕੀਤਾ। ਜਦੋਂ ਮਾਲਕ ਨੂੰ ਪੁੱਛਗਿੱਛ ਲਈ ਬੁਲਾਇਆ ਗਿਆ, ਤਾਂ ਕਹਾਣੀ ਵਿੱਚ ਇੱਕ ਨਵਾਂ ਮੋੜ ਆਇਆ। ਟ੍ਰੇਲਰ ਦੇ ਰਜਿਸਟਰਡ ਮਾਲਕ ਨੇ ਪੁਲਿਸ ਨੂੰ ਦੱਸਿਆ ਕਿ ਟ੍ਰੇਲਰ ਬੇਸ਼ੱਕ ਉਸਦਾ ਹੈ ਅਤੇ ਚੋਰੀ ਹੋਇਆ ਸੀ, ਪਰ ਉਸਦੇ ਅੰਦਰ ਪਿਆ ਸਮਾਨ (ਸਿੰਕ) ਉਸਦਾ ਨਹੀਂ ਹੈ।

ਇਸ ਬਿਆਨ ਨੇ ਪੁਲਿਸ ਲਈ ਸਥਿਤੀ ਨੂੰ ਗੁੰਝਲਦਾਰ ਬਣਾ ਦਿੱਤਾ ਹੈ। ਹੁਣ ਸਵਾਲ ਇਹ ਖੜ੍ਹਾ ਹੁੰਦਾ ਹੈ ਕਿ ਜੇਕਰ ਸਿੰਕ ਟ੍ਰੇਲਰ ਮਾਲਕ ਦੇ ਨਹੀਂ ਹਨ, ਤਾਂ ਇਹ ਕਿੱਥੋਂ ਆਏ? ਪੁਲਿਸ ਦੇ ਸਾਹਮਣੇ ਦੋ ਮੁੱਖ ਸੰਭਾਵਨਾਵਾਂ ਹਨ:

- ਜਾਂ ਤਾਂ ਚੋਰਾਂ ਨੇ ਇਹ ਸਿੰਕ ਕਿਸੇ ਹੋਰ ਥਾਂ (ਜਿਵੇਂ ਕਿ ਗੋਦਾਮ ਜਾਂ ਕਿਸੇ ਹੋਰ ਟਰੱਕ) ਤੋਂ ਚੋਰੀ ਕੀਤੇ ਅਤੇ ਫਿਰ ਇਸ ਚੋਰੀ ਕੀਤੇ ਟ੍ਰੇਲਰ ਵਿੱਚ ਲੱਦ ਲਏ।
- ਜਾਂ ਫਿਰ ਇਹ ਟ੍ਰੇਲਰ ਚੋਰੀ ਹੋਣ ਸਮੇਂ ਕਿਸੇ ਤੀਜੀ ਧਿਰ (Third Party) ਦਾ ਸਮਾਨ ਢੋਹ ਰਿਹਾ ਸੀ, ਜਿਸ ਬਾਰੇ ਟ੍ਰੇਲਰ ਮਾਲਕ ਨੂੰ ਸ਼ਾਇਦ ਪੂਰੀ ਜਾਣਕਾਰੀ ਨਾ ਹੋਵੇ ਜਾਂ ਸ਼ਿਪਿੰਗ ਕੰਪਨੀ ਨਾਲ ਕੋਈ ਗਲਤਫਹਿਮੀ ਹੋਵੇ।

ਅਸਲ ਮਾਲਕਾਂ ਦੀ ਭਾਲ ਲੈਂਗਲੀ ਆਰ.ਸੀ.ਐਮ.ਪੀ. ਹੁਣ ਇਸ ਅਣਜਾਣ ਸਮਾਨ ਦੇ ਮਾਲਕਾਂ ਤੱਕ ਪਹੁੰਚਣ ਲਈ ਜਨਤਾ ਅਤੇ ਵਪਾਰੀ ਵਰਗ ਦੀ ਮਦਦ ਲੈ ਰਹੀ ਹੈ। ਜਾਂਚ ਅਧਿਕਾਰੀਆਂ ਦਾ ਮੰਨਣਾ ਹੈ ਕਿ ਇਹ ਸਮਾਨ ਕਿਸੇ ਉਸਾਰੀ ਕੰਪਨੀ, ਹਾਰਡਵੇਅਰ ਸਟੋਰ ਜਾਂ ਪਲੰਬਿੰਗ ਸਪਲਾਇਰ ਦਾ ਹੋ ਸਕਦਾ ਹੈ।

# ਯੂਕੇ ਦੀ ਰਾਮਗੜ੍ਹੀਆ ਕੌਂਸਲ ਦੇ ਸੈਕਟਰੀ ਰਾਜਿੰਦਰ ਸਿੰਘ ਸੀਹਰਾ ਦਾ ਗੁਰਦੁਆਰਾ ਸਾਹਿਬ ਬਰੁੱਕਸਾਈਡ ਵਿਖੇ ਕੀਤਾ ਗਿਆ ਵਿਸ਼ੇਸ਼ ਸਨਮਾਨ




ਸਰੀ (ਸੁਰਿੰਦਰ ਸਿੰਘ ਜੱਬਲ) ਗੁਰਦੁਆਰਾ ਸਾਹਿਬ ਬਰੁੱਕਸਾਈਡ ਵਿਚ 25 ਜਨਵਰੀ ਐਤਵਾਰ ਸਵੇਰੇ ਭਾਈ ਬਹਾਦਰ ਸਿੰਘ ਭੱਠਲ ਪਰਿਵਾਰ ਵਲੋਂ ਆਪਣੇ ਪੋਤਰੇ ਦੇ ਜਨਮ ਦੀ ਖੁਸ਼ੀ ਤੇ ਦੀਵਾਨ ਹਾਲ ਵਿਚ ਕਥਾ ਕੀਰਤਨ ਸਮਾਗਮ ਕਰਵਾਏ ਗਏ। ਗੁਰਦੁਆਰਾ ਸਾਹਿਬ ਦੇ ਹਜ਼ੂਰੀ ਰਾਗੀ ਜੱਥਿਆਂ ਭਾਈ ਇਕਬਾਲ ਸਿੰਘ ਲੁਧਿਆਣੇ ਵਾਲੇ ਅਤੇ ਭਾਈ ਸਰਬਜੀਤ ਸਿੰਘ ਰਮਦਾਸ ਵਾਲਿਆਂ ਨੇ ਸ਼ਬਦ ਕੀਰਤਨ ਨਾਲ ਸੰਗਤ ਨੂੰ ਨਿਹਾਲ ਕੀਤਾ। ਸਿੱਖ ਪੰਥ ਵਿਚ ਜਾਣੇ ਪਹਿਚਾਣੇ ਕਥਾਵਾਚਕ ਹਰਦੇਵ ਸਿੰਘ ਕਲਸੀਆਂ ਵਾਲੇ ਨੇ ਹਾਜ਼ਰ ਸੰਗਤ ਨੂੰ ਸਰਲ ਭਾਸ਼ਾ ਵਿਚ ਗੁਰਬਾਣੀ ਸ਼ਬਦਾਂ ਦੀ ਵਿਆਖਿਆ ਨਾਲ ਪਰਭਾਵ ਪੂਰਕ ਕਥਾ ਦੇ ਰੂਪ ਵਿਚ ਨਿਹਾਲ ਕੀਤਾ ਜਿਸ ਨੂੰ ਸੁਨਣ ਲਈ ਸੰਗਤ ਨੇ ਬੜੇ ਹੀ ਧਿਆਨ ਨਾਲ ਹਾਜ਼ਰੀ ਭਰੀ। ਧਾਰਮਿਕ ਸਮਾਗਮ ਦੀ ਸਮਾਪਤੀ ਦੀ ਅਰਦਾਸ ਗਿਆਨੀ ਸਤਵਿੰਦਰਪਾਲ ਸਿੰਘ ਜੀ ਨੇ ਕੀਤੀ।

ਉਪਰੰਤ ਵਿਚ ਇੰਗਲੈਂਡ ਤੋਂ ਆਏ ਮਹਿਮਾਨ ਰਾਮਗੜ੍ਹੀਆ ਗੁਰਦੁਆਰਾ ਸਾਹਿਬ ਸਮਾਲਹੀਥ ਬਰਮਿੰਗਹੈਮ ਦੇ ਸਾਬਕਾ ਪ੍ਰਧਾਨ ਅਤੇ ਯੂਕੇ ਦੀ ਰਾਮਗੜ੍ਹੀਆ ਕੌਂਸਲ ਦੇ ਸੈਕਟਰੀ ਰਾਜਿੰਦਰ ਸਿੰਘ ਸੀਹਰਾ ਹੁਰਾਂ ਦਾ ਗੁਰਦੁਆਰਾ ਸਾਹਿਬ ਬਰੁੱਕਸਾਈਡ ਵਿਚ ਨਤਮਸਤਕ ਹੋਣ ਸਮੇਂ ਸਮੁੱਚੀ ਪ੍ਰਬੰਧਕ ਕਮੇਟੀ ਵਲੋਂ ਸਿਰੋਪਾ ਦੇ ਕੇ ਮਾਣ ਸਤਿਕਾਰ ਕੀਤਾ ਗਿਆ।ਰਾਜਿੰਦਰ ਸਿੰਘ ਸੀਹਰਾ ਨੇ ਪ੍ਰਬੰਧਕ ਕਮੇਟੀ ਤੇ ਸੰਗਤ ਦਾ ਧੰਨਵਾਦ ਕੀਤਾ ਅਤੇ ਬਾਅਦ ਵਿਚ ਕਮੇਟੀ ਅਤੇ ਮੈਂਬਰਾਂ ਨਾਲ ਮਿਲ ਕੇ ਯੂਕੇ ਅਤੇ ਕੈਨੇਡਾ ਦੀਆਂ ਸਭਾਵਾਂ ਵਲੋਂ ਪਾਏ ਜਾ ਰਹੇ ਧਾਰਮਿਕ ਕੰਮਾਕਾਰਾਂ ਬਾਰੇ ਵਿਚਾਰ ਵੀ ਸਾਂਝੇ ਕੀਤੇ।ਵਰਨਣਯੋਗ ਹੈ ਕਿ ਰਾਜਿੰਦਰ ਸਿੰਘ ਸੀਹਰਾ ਸਰੀ ਕੈਨੇਡਾ ਵਿਚ ਰਹਿ ਰਹੇ ਕੈਨੇਡੀਅਨ ਰਾਮਗੜ੍ਹੀਆ ਸੁਸਾਇਟੀ ਦੇ ਸਾਬਕਾ ਡਾਇਰੈਕਟਰ ਤੇ ਲਾਈਫ ਮੈਂਬਰ ਸੁਰਿੰਦਰ ਸਿੰਘ ਸੀਹਰਾ ਦੇ ਛੋਟੇ ਭਾਈ ਹਨ।

# 2075 ਤੱਕ ਕੈਨੇਡਾ ਦੀ ਆਬਾਦੀ 7 ਕਰੋੜ 60 ਲੱਖ ਹੋਣ ਦਾ ਅਨੁਮਾਨ: ਸਟੈਟਿਸਟਿਕਸ ਕੈਨੇਡਾ

ਵੈਨਕੂਵਰ, (ਏਕਜੋਤ ਸਿੰਘ): ਕੈਨੇਡਾ ਦੀ ਜਨਸੰਖਿਆ ਦੇ ਭਵਿੱਖ ਨੂੰ ਲੈ ਕੇ ਸਟੈਟਿਸਟਿਕਸ ਕੈਨੇਡਾ ਨੇ ਮੰਗਲਵਾਰ ਨੂੰ ਨਵੇਂ ਅੰਕੜੇ ਜਾਰੀ ਕੀਤੇ ਹਨ। ਰਿਪੋਰਟ ਮੁਤਾਬਕ, ਅਗਲੇ 50 ਸਾਲਾਂ ਵਿੱਚ ਯਾਨੀ 2075 ਤੱਕ ਕੈਨੇਡਾ ਦੀ ਆਬਾਦੀ ਵਧ ਕੇ 7 ਕਰੋੜ 60 ਲੱਖ (76 ਮਿਲੀਅਨ) ਤੱਕ ਪਹੁੰਚ ਸਕਦੀ ਹੈ। ਹਾਲਾਂਕਿ, ਇਹ ਅੰਕੜਾ ਇੱਕ "ਉੱਚ ਵਿਕਾਸ ਦ੍ਰਿਸ਼" (High-growth scenario) 'ਤੇ ਅਧਾਰਿਤ ਹੈ।



ਧਿਆਨ ਦੇਣ ਯੋਗ ਗੱਲ ਇਹ ਹੈ ਕਿ ਏਜੰਸੀ ਨੇ ਪਿਛਲੇ ਸਾਲ ਦੇ ਮੁਕਾਬਲੇ ਆਪਣੇ ਅਨੁਮਾਨਾਂ ਨੂੰ ਕਾਫੀ ਹੱਦ ਤੱਕ ਘਟਾ ਦਿੱਤਾ ਹੈ, ਜੋ ਦਰਸਾਉਂਦਾ ਹੈ ਕਿ ਆਉਣ ਵਾਲੇ ਦਹਾਕਿਆਂ ਵਿੱਚ ਆਬਾਦੀ ਵਾਧੇ ਦੀ ਰਫ਼ਤਾਰ ਉਨੀ ਤੇਜ਼ ਨਹੀਂ ਰਹੇਗੀ ਜਿੰਨੀ ਪਹਿਲਾਂ ਸੋਚੀ ਗਈ ਸੀ।

ਮੌਜੂਦਾ ਸਥਿਤੀ ਅਤੇ ਭਵਿੱਖ ਦੇ ਦ੍ਰਿਸ਼ ਸਟੈਟਿਸਟਿਕਸ ਕੈਨੇਡਾ ਅਨੁਸਾਰ, 1 ਜੁਲਾਈ 2025 ਤੱਕ ਕੈਨੇਡਾ ਦੀ ਮੌਜੂਦਾ ਆਬਾਦੀ 4 ਕਰੋੜ 17 ਲੱਖ (41.7 ਮਿਲੀਅਨ) ਦਰਜ ਕੀਤੀ ਗਈ ਹੈ। ਏਜੰਸੀ ਨੇ ਭਵਿੱਖ ਲਈ ਤਿੰਨ ਵੱਖ-ਵੱਖ ਸੰਭਾਵਨਾਵਾਂ ਜਾਂ ਦ੍ਰਿਸ਼ (Scenarios) ਪੇਸ਼ ਕੀਤੇ ਹਨ, ਜੋ ਇਮੀਗ੍ਰੇਸ਼ਨ ਨੀਤੀਆਂ ਅਤੇ ਜਣਨ ਦਰਾਂ 'ਤੇ ਨਿਰਭਰ ਕਰਨਗੇ:

- ਘੱਟ ਵਿਕਾਸ ਦ੍ਰਿਸ਼ (Low-growth scenario): ਜੇਕਰ ਆਬਾਦੀ ਵਾਧੇ ਦੀ ਰਫ਼ਤਾਰ ਸੁਸਤ ਰਹਿੰਦੀ ਹੈ, ਤਾਂ 2075 ਤੱਕ ਕੈਨੇਡਾ ਦੀ ਆਬਾਦੀ ਮਹਿਜ਼ 44 ਮਿਲੀਅਨ (4 ਕਰੋੜ 40 ਲੱਖ) ਤੱਕ ਹੀ ਪਹੁੰਚੇਗੀ। ਇਹ ਮੌਜੂਦਾ ਆਬਾਦੀ ਨਾਲੋਂ ਬਹੁਤ ਜ਼ਿਆਦਾ ਨਹੀਂ ਹੈ।
- ਦਰਮਿਆਨਾ ਵਿਕਾਸ ਦ੍ਰਿਸ਼ (Medium-growth scenario): ਇਹ ਸਭ ਤੋਂ ਸੰਭਾਵਿਤ ਸਥਿਤੀ ਮੰਨੀ ਜਾਂਦੀ ਹੈ। ਇਸ ਮੁਤਾਬਕ, 2075 ਤੱਕ ਆਬਾਦੀ 57.4 ਮਿਲੀਅਨ (5 ਕਰੋੜ 74 ਲੱਖ) ਹੋ ਜਾਵੇਗੀ।
- ਉੱਚ ਵਿਕਾਸ ਦ੍ਰਿਸ਼ (High-growth scenario): ਜੇਕਰ ਇਮੀਗ੍ਰੇਸ਼ਨ ਅਤੇ ਜਨਮ ਦਰ ਉੱਚ ਪੱਧਰ 'ਤੇ ਰਹਿੰਦੀ ਹੈ, ਤਾਂ ਆਬਾਦੀ 75.8 ਮਿਲੀਅਨ (ਲਗਭਗ 7 ਕਰੋੜ 60 ਲੱਖ) ਤੱਕ ਪਹੁੰਚ ਸਕਦੀ ਹੈ।

ਪਿਛਲੇ ਸਾਲ ਨਾਲੋਂ ਵੱਡੀ ਤਬਦੀਲੀ ਇਸ ਸਾਲ ਦੀ ਰਿਪੋਰਟ ਵਿੱਚ ਸਭ ਤੋਂ ਅਹਿਮ ਗੱਲ ਇਹ ਹੈ ਕਿ ਸਟੈਟਿਸਟਿਕਸ ਕੈਨੇਡਾ ਨੇ ਆਪਣੇ ਭਵਿੱਖੀ ਅਨੁਮਾਨਾਂ ਵਿੱਚ ਕਟੌਤੀ ਕੀਤੀ ਹੈ। ਪਿਛਲੇ ਸਾਲ ਜਾਰੀ ਕੀਤੀ ਗਈ ਰਿਪੋਰਟ ਵਿੱਚ ਕਿਹਾ ਗਿਆ ਸੀ ਕਿ "ਉੱਚ ਵਿਕਾਸ" ਵਾਲੀ ਸਥਿਤੀ ਵਿੱਚ 2074 ਤੱਕ ਆਬਾਦੀ 81 ਮਿਲੀਅਨ ਦੇ ਕਰੀਬ ਹੋ ਸਕਦੀ ਹੈ। ਪਰ ਨਵੀਂ ਰਿਪੋਰਟ ਵਿੱਚ ਇਹ ਅਨੁਮਾਨ ਘਟ ਕੇ 75.8 ਮਿਲੀਅਨ ਰਹਿ ਗਿਆ ਹੈ।

ਇਸੇ ਤਰ੍ਹਾਂ, "ਦਰਮਿਆਨੇ ਵਿਕਾਸ" ਦੇ ਅਨੁਮਾਨ ਵਿੱਚ ਵੀ ਗਿਰਾਵਟ ਆਈ ਹੈ। ਪਿਛਲੇ ਸਾਲ ਇਹ ਅਨੁਮਾਨ 59.3 ਮਿਲੀਅਨ ਸੀ, ਜੋ ਹੁਣ ਘਟ ਕੇ 57.4 ਮਿਲੀਅਨ ਰਹਿ ਗਿਆ ਹੈ। ਇਸ ਗਿਰਾਵਟ ਦੇ ਮਾਇਨੇ ਮਾਹਿਰਾਂ ਦਾ ਮੰਨਣਾ ਹੈ ਕਿ ਅਨੁਮਾਨਾਂ ਵਿੱਚ ਇਹ ਗਿਰਾਵਟ ਸਰਕਾਰੀ ਨੀਤੀਆਂ ਵਿੱਚ ਆ ਰਹੇ ਬਦਲਾਅ ਅਤੇ ਸਮਾਜਿਕ ਕਾਰਕਾਂ ਨੂੰ ਦਰਸਾਉਂਦੀ ਹੈ। ਹਾਲ ਹੀ ਵਿੱਚ ਫੈਡਰਲ ਸਰਕਾਰ ਨੇ ਅਸਥਾਈ ਨਿਵਾਸੀਆਂ (Temporary Residents) ਅਤੇ ਇਮੀਗ੍ਰੇਸ਼ਨ ਦੇ ਟੀਚਿਆਂ ਨੂੰ ਸਥਿਰ ਕਰਨ ਜਾਂ ਘਟਾਉਣ ਦੇ ਸੰਕੇਤ ਦਿੱਤੇ ਹਨ। ਇਸ ਤੋਂ ਇਲਾਵਾ, ਕੈਨੇਡਾ ਵਿੱਚ ਘਟ ਰਹੀ ਜਣਨ ਦਰ (Fertility Rate) ਵੀ ਲੰਬੇ ਸਮੇਂ ਵਿੱਚ ਆਬਾਦੀ ਵਾਧੇ ਨੂੰ ਪ੍ਰਭਾਵਿਤ ਕਰ ਰਹੀ ਹੈ।

ਜਿੱਥੇ ਇੱਕ ਪਾਸੇ ਆਬਾਦੀ ਦਾ ਵਾਧਾ ਆਰਥਿਕਤਾ ਲਈ ਜ਼ਰੂਰੀ ਮੰਨਿਆ ਜਾਂਦਾ ਹੈ ਤਾਂ ਜੋ ਲੇਬਰ ਦੀ ਕਮੀ ਪੂਰੀ ਹੋ ਸਕੇ, ਉੱਥੇ ਹੀ ਦੂਜੇ ਪਾਸੇ ਤੇਜ਼ੀ ਨਾਲ ਵਧਦੀ ਆਬਾਦੀ ਹਾਊਸਿੰਗ, ਹੈਲਥਕੇਅਰ ਅਤੇ ਬੁਨਿਆਦੀ ਢਾਂਚੇ 'ਤੇ ਦਬਾਅ ਪਾਉਂਦੀ ਹੈ। ਨਵੇਂ ਅੰਕੜੇ ਸ਼ਾਇਦ ਇੱਕ ਵਧੇਰੇ ਸੰਤੁਲਿਤ ਪਹੁੰਚ ਵੱਲ ਇਸ਼ਾਰਾ ਕਰਦੇ ਹਨ।

ਯੋਜਨਾਬੰਦੀ ਲਈ ਅਹਿਮ ਅੰਕੜੇ ਇਹ ਅਨੁਮਾਨ ਸਰਕਾਰਾਂ ਅਤੇ ਨੀਤੀ ਘਾੜਿਆਂ ਲਈ ਬਹੁਤ ਮਹੱਤਵਪੂਰਨ ਹੁੰਦੇ ਹਨ। ਇਨ੍ਹਾਂ ਅੰਕੜਿਆਂ ਦੇ ਅਧਾਰ 'ਤੇ ਹੀ ਭਵਿੱਖ ਵਿੱਚ ਸਕੂਲਾਂ, ਹਸਪਤਾਲਾਂ, ਸੜਕਾਂ ਅਤੇ ਪਬਲਿਕ ਟਰਾਂਸਪੋਰਟ ਦੀ ਯੋਜਨਾਬੰਦੀ ਕੀਤੀ ਜਾਂਦੀ ਹੈ। 2075 ਤੱਕ 57 ਤੋਂ 76 ਮਿਲੀਅਨ ਦੇ ਵਿਚਕਾਰ ਆਬਾਦੀ ਹੋਣ ਦਾ ਮਤਲਬ ਹੈ ਕਿ ਕੈਨੇਡਾ ਨੂੰ ਆਪਣੇ ਸ਼ਹਿਰੀ ਢਾਂਚੇ ਨੂੰ ਮਜ਼ਬੂਤ ਕਰਨ ਲਈ ਹੁਣੇ ਤੋਂ ਤਿਆਰੀ ਕਰਨੀ ਪਵੇਗੀ।

ਸਟੈਟਿਸਟਿਕਸ ਕੈਨੇਡਾ ਦੀ ਇਹ ਰਿਪੋਰਟ ਸਪੱਸ਼ਟ ਕਰਦੀ ਹੈ ਕਿ ਕੈਨੇਡਾ ਦੀ ਆਬਾਦੀ ਵਧੇਗੀ ਜ਼ਰੂਰ, ਪਰ ਇਹ ਵਾਧਾ ਪਹਿਲਾਂ ਸੋਚੇ ਗਏ ਵਿਸਫੋਟਕ ਪੱਧਰ 'ਤੇ ਸ਼ਾਇਦ ਨਾ ਹੋਵੇ। This report was written by Ekjot Singh as part of the Local Journalism Initiative.

# ਪ੍ਰਧਾਨ ਮੰਤਰੀ ਕਾਰਨੀ ਨੇ ਬੀ.ਸੀ. ਅਤੇ ਅਲਬਰਟਾ ਦੇ ਪ੍ਰੀਮੀਅਰਾਂ ਨਾਲ ਕੀਤੀ ਮੁਲਾਕਾਤ, ਨਵੀਂ ਤੇਲ ਪਾਈਪਲਾਈਨ 'ਤੇ ਟਕਰਾਅ

ਔਟਵਾ, (ਏਕਜੋਤ ਸਿੰਘ): ਔਟਵਾ ਵਿਖੇ ਕੈਨੇਡੀਅਨ ਰਾਜਨੀਤੀ ਅਤੇ ਊਰਜਾ ਖੇਤਰ ਲਈ ਇੱਕ ਬੇਹੱਦ ਮਹੱਤਵਪੂਰਨ ਮੀਟਿੰਗ ਹੋਈ। ਪ੍ਰਧਾਨ ਮੰਤਰੀ ਮਾਰਕ ਕਾਰਨੀ ਨੇ ਬ੍ਰਿਟਿਸ਼ ਕੋਲੰਬੀਆ ਦੇ ਪ੍ਰੀਮੀਅਰ ਡੇਵਿਡ ਈਬੀ ਅਤੇ ਅਲਬਰਟਾ ਦੀ ਪ੍ਰੀਮੀਅਰ ਡੈਨੀਅਲ ਸਮਿਥ ਨਾਲ ਇੱਕ ਸਾਂਝੀ ਬੈਠਕ ਕੀਤੀ। ਇਸ ਮੀਟਿੰਗ ਦਾ ਮੁੱਖ ਏਜੰਡਾ ਪੱਛਮੀ ਕੈਨੇਡਾ ਵਿੱਚ ਊਰਜਾ ਪ੍ਰੋਜੈਕਟਾਂ ਨੂੰ ਹੁਲਾਰਾ ਦੇਣਾ ਸੀ। ਹਾਲਾਂਕਿ ਨੇਤਾਵਾਂ ਨੇ ਕੁਝ ਮੁੱਦਿਆਂ 'ਤੇ "ਸਾਂਝਾ ਆਧਾਰ" ਲੱਭਣ ਦੀ ਗੱਲ ਕਹੀ ਹੈ, ਪਰ ਅਲਬਰਟਾ ਦੇ ਤੇਲ ਭੰਡਾਰਾਂ ਤੋਂ ਬੀ.ਸੀ. ਤੱਟ ਤੱਕ ਇੱਕ ਨਵੀਂ ਤੇਲ ਪਾਈਪਲਾਈਨ ਵਿਛਾਉਣ ਦੇ ਮੁੱਦੇ 'ਤੇ ਦੋਵਾਂ ਸੂਬਿਆਂ ਦੇ ਵਿਚਾਰ ਅਜੇ ਵੀ ਵੱਖੋ-ਵੱਖਰੇ ਹਨ।



ਮੀਟਿੰਗ ਦਾ ਪਿਛੋਕੜ ਅਤੇ ਇਸ ਮੀਟਿੰਗ ਦੀ ਅਹਿਮੀਅਤ ਇਸ ਗੱਲ ਤੋਂ ਸਮਝੀ ਜਾ ਸਕਦੀ ਹੈ ਕਿ ਪ੍ਰਧਾਨ ਮੰਤਰੀ ਕਾਰਨੀ ਅਤੇ ਪ੍ਰੀਮੀਅਰ ਡੈਨੀਅਲ ਸਮਿਥ ਨੇ ਪਿਛਲੇ ਸਾਲ ਨਵੰਬਰ ਵਿੱਚ ਇੱਕ ਸਮਝੌਤਾ ਪੱਤਰ (MOU) 'ਤੇ ਦਸਤਖਤ ਕੀਤੇ ਸਨ। ਇਹ ਸਮਝੌਤਾ ਅਲਬਰਟਾ ਤੋਂ ਬੀ.ਸੀ. ਤੱਟ ਤੱਕ ਇੱਕ ਨਵੀਂ ਤੇਲ ਪਾਈਪਲਾਈਨ ਬਣਾਉਣ ਲਈ ਕੰਮ ਕਰਨ ਦੀ ਵਚਨਬੱਧਤਾ ਪ੍ਰਗਟਾਉਂਦਾ ਹੈ। ਡੈਨੀਅਲ ਸਮਿਥ ਇਸ ਪ੍ਰੋਜੈਕਟ ਨੂੰ ਲੈ ਕੇ ਕਾਫੀ ਉਤਸ਼ਾਹਿਤ ਹਨ, ਪਰ ਬੀ.ਸੀ. ਸਰਕਾਰ ਦਾ ਰੁਖ ਇਸ ਮੁੱਦੇ 'ਤੇ ਇਤਿਹਾਸਕ ਤੌਰ 'ਤੇ ਸਖ਼ਤ ਰਿਹਾ ਹੈ।

ਸਹਿਮਤੀ ਅਤੇ ਚੁਣੌਤੀਆਂ ਮੀਟਿੰਗ ਤੋਂ ਬਾਅਦ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਅਲਬਰਟਾ ਦੀ ਪ੍ਰੀਮੀਅਰ ਡੈਨੀਅਲ ਸਮਿਥ ਨੇ ਕਿਹਾ ਕਿ ਤਿੰਨਾਂ ਨੇਤਾਵਾਂ ਨੇ ਉਸ MOU ਬਾਰੇ ਵਿਸਥਾਰ ਵਿੱਚ ਚਰਚਾ ਕੀਤੀ। ਉਨ੍ਹਾਂ ਮੰਨਿਆ ਕਿ ਅਜੇ ਬਹੁਤ ਕੰਮ ਕਰਨਾ ਬਾਕੀ ਹੈ, ਪਰ ਕਈ ਖੇਤਰਾਂ ਵਿੱਚ ਸਹਿਮਤੀ ਬਣਦੀ ਨਜ਼ਰ ਆ ਰਹੀ ਹੈ।

ਸਮਿਥ ਨੇ ਕਿਹਾ, "ਇਸ ਵਿੱਚ ਬਹੁਤ ਸਾਰੇ ਪਹਿਲੂ ਹਨ ਜਿੱਥੇ ਸਾਡੇ ਕੋਲ ਬਹੁਤ ਸਾਰਾ ਸਾਂਝਾ ਆਧਾਰ ਹੈ: ਬਿਜਲੀ ਅਤੇ ਇੰਟਰਟਾਈਜ਼, ਪਰਮਾਣੂ ਊਰਜਾ (Nuclear), ਟਰਾਂਸ ਮਾਉਂਟੇਨ ਵਿਸਥਾਰ (Trans Mountain expansion) ਅਤੇ ਐਲ.ਐਨ.ਜੀ. (LNG) ਦੇ ਵਿਕਾਸ 'ਤੇ ਅਸੀਂ ਇੱਕਮੱਤ ਹਾਂ।" ਉਨ੍ਹਾਂ ਕਿਹਾ, "ਪਰ ਬੇਸ਼ੱਕ, ਸਾਡੇ ਕੋਲ ਅਜੇ ਵੀ ਕੁਝ ਕੰਮ ਕਰਨਾ ਬਾਕੀ ਹੈ," ਜੋ ਕਿ ਸਪੱਸ਼ਟ ਤੌਰ 'ਤੇ ਨਵੀਂ ਪਾਈਪਲਾਈਨ ਦੇ ਵਿਵਾਦਪੂਰਨ ਮੁੱਦੇ ਵੱਲ ਇਸ਼ਾਰਾ ਸੀ। ਬੀ.ਸੀ. ਦਾ ਸਟੈਂਡ ਅਤੇ 'ਵੱਖਰੇ ਸੁਰ' ਰਿਪੋਰਟਾਂ ਮੁਤਾਬਕ, ਜਿੱਥੇ ਬਿਜਲੀ ਅਤੇ ਸਵੱਛ ਊਰਜਾ ਦੇ ਮੁੱਦਿਆਂ 'ਤੇ ਪ੍ਰੀਮੀਅਰ ਡੇਵਿਡ ਈਬੀ ਸਹਿਯੋਗ ਦੇਣ ਲਈ ਤਿਆਰ ਹਨ, ਉੱਥੇ ਹੀ ਨਵੀਂ ਤੇਲ ਪਾਈਪਲਾਈਨ ਨੂੰ ਲੈ ਕੇ ਉਨ੍ਹਾਂ ਦੇ ਸੁਰ ਅਲਬਰਟਾ ਨਾਲ ਨਹੀਂ ਮਿਲ ਰਹੇ। ਬੀ.ਸੀ. ਸਰਕਾਰ ਵਾਤਾਵਰਣ ਸੁਰੱਖਿਆ ਅਤੇ ਤੱਟਵਰਤੀ ਖੇਤਰਾਂ ਦੇ ਜੋਖਮਾਂ ਨੂੰ ਲੈ ਕੇ ਚਿੰਤਤ ਹੈ। ਹਾਲਾਂਕਿ ਮੀਟਿੰਗ ਨੂੰ "ਬਾਰਡਰਲਾਈਨ ਫਰੈਂਡਲੀ" (ਸੀਮਤ ਦੋਸਤਾਨਾ) ਕਿਹਾ ਗਿਆ ਹੈ, ਜਿਸਦਾ ਮਤਲਬ ਹੈ ਕਿ ਗੱਲਬਾਤ ਜਾਰੀ ਹੈ ਪਰ ਪੂਰੀ ਤਰ੍ਹਾਂ ਸਮਝੌਤਾ ਨਹੀਂ ਹੋਇਆ।

ਬੀ.ਸੀ. ਲਈ ਬਿਜਲੀ ਦੇ ਗਰਿੱਡਾਂ ਨੂੰ ਜੋੜਨਾ (Interties) ਇੱਕ ਫਾਇਦੇਮੰਦ ਸੌਦਾ ਹੋ ਸਕਦਾ ਹੈ, ਕਿਉਂਕਿ ਬੀ.ਸੀ. ਆਪਣੀ ਹਾਈਡ੍ਰੋ ਇਲੈਕਟ੍ਰੀਸਿਟੀ (ਪਨ-ਬਿਜਲੀ) ਅਲਬਰਟਾ ਨੂੰ ਵੇਚ ਸਕਦਾ ਹੈ ਜਾਂ ਸੋਕੇ ਦੇ ਸਮੇਂ ਸਹਾਇਤਾ ਲੈ ਸਕਦਾ ਹੈ। ਪਰ ਤੇਲ ਪਾਈਪਲਾਈਨ ਇੱਕ ਸਿਆਸੀ ਤੌਰ 'ਤੇ ਸੰਵੇਦਨਸ਼ੀਲ ਮੁੱਦਾ ਹੈ।

ਪ੍ਰਧਾਨ ਮੰਤਰੀ ਕਾਰਨੀ ਦੀ ਭੂਮਿਕਾ ਪ੍ਰਧਾਨ ਮੰਤਰੀ ਮਾਰਕ ਕਾਰਨੀ ਇਸ ਸਮੇਂ ਵਿਚੋਲੇ ਦੀ ਭੂਮਿਕਾ ਨਿਭਾ ਰਹੇ ਹਨ। ਉਹ ਚਾਹੁੰਦੇ ਹਨ ਕਿ ਕੈਨੇਡਾ ਦੀ ਊਰਜਾ ਨੂੰ ਅੰਤਰਰਾਸ਼ਟਰੀ ਬਾਜ਼ਾਰਾਂ ਤੱਕ ਪਹੁੰਚਾਉਣ ਲਈ ਦੋਵੇਂ ਸੂਬੇ ਮਿਲ ਕੇ ਕੰਮ ਕਰਨ। LNG ਅਤੇ ਬਿਜਲੀ 'ਤੇ ਬਣੀ ਸਹਿਮਤੀ ਇੱਕ ਚੰਗਾ ਸੰਕੇਤ ਹੈ, ਪਰ ਨਵੀਂ ਪਾਈਪਲਾਈਨ ਦੇ ਸੁਪਨੇ ਨੂੰ ਹਕੀਕਤ ਵਿੱਚ ਬਦਲਣ ਲਈ ਓਟਵਾ ਨੂੰ ਬੀ.ਸੀ. ਸਰਕਾਰ ਦੀਆਂ ਚਿੰਤਾਵਾਂ ਦੂਰ ਕਰਨ ਲਈ ਅਜੇ ਲੰਬਾ ਪੈਂਡਾ ਤੈਅ ਕਰਨਾ ਪਵੇਗਾ। ਕੁੱਲ ਮਿਲਾ ਕੇ, ਇਹ ਮੀਟਿੰਗ ਪੱਛਮੀ ਕੈਨੇਡਾ ਦੇ ਆਰਥਿਕ ਭਵਿੱਖ ਲਈ ਅਹਿਮ ਸੀ, ਜਿੱਥੇ ਸਹਿਯੋਗ ਦੀਆਂ ਸੰਭਾਵਨਾਵਾਂ ਵੀ ਹਨ ਅਤੇ ਸਿਆਸੀ ਮਤਭੇਦਾਂ ਦੀਆਂ ਰੁਕਾਵਟਾਂ ਵੀ। This report was written by Ekjot Singh as part of the Local Journalism Initiative.

ਇੰਟਰਨੈਸ਼ਨਲ
ਪੰਜਾਬੀ ਟ੍ਰਿਬਿਊਨ

International
Punjabi Tribune

• Rachhpal Singh Gill
Editor
604-616-2171

Funded by the Government of Canada | Financé par le gouvernement du Canada | Canada

**ADVISORY BOARD**

• Dr. Jagjit Singh
Journalist

• Gurlal Singh
Journalist

• Hardam Singh Maan
Surrey
604-308-6663

• Virpal Singh Bhagta
News Reporter | Punjab
+91 96532 00226

• Ekjot Singh
News Reporter

**Printed & Published in Canada by :**
**International Punjabi Tribune Inc.**

604-584-5577 (Office)
punjabitribune
iptribune@gmail.com
www.punjabitribune.ca
punjabitribune

**NOTICE TO ADVERTISER**

International Punjabi Tribune does not accept any liability or damage caused by an error or inaccuracy in the printing of an advertisement beyond the amount paid for the space actually occupied by that portion of the advertisement in which error occurs. All advertising is subject to publisher's approval. International Punjabi Tribune reserves the right to turn down or edit any material forwarded to us for printing. The publisher does not guarantee the insertion of any particular advertisement on a specified date, or at all.

**Publisher is not responsible in any mishappening between the customer and Advertiser.**

ਇੰਟਰਨੈਸ਼ਨਲ ਪੰਜਾਬੀ ਟ੍ਰਿਬਿਊਨ ਪੰਜਾਬੀ ਮਾਂ ਬੋਲੀ, ਸਭਿਆਚਾਰ ਅਤੇ ਪੰਜਾਂ ਪਾਣੀਆਂ ਦੀ ਧਰਤੀ ਦੀ ਸਲਾਮਤੀ ਨੂੰ ਸਮਰਪਿਤ ਹੈ। ਇੰਟਰਨੈਸ਼ਨਲ ਪੰਜਾਬੀ ਟ੍ਰਿਬਿਊਨ ਵਿੱਚ ਛਪੀਆਂ ਰਚਨਾਵਾਂ ਨਾ਼ਲ ਸੰਪਾਦਕ ਜਾਂ ਅਖ਼ਬਾਰ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ। ਲੇਖਕ ਆਪਣੀਆਂ ਰਚਨਾਵਾਂ ਨੂੰ ਈਮੇਲ ਰਾਹੀਂ ਭੇਜ ਸਕਦੇ ਹਨ। ਈਮੇਲ ਵਾ਼ਲੀਆਂ ਰਚਨਾਵਾਂ ਨੂੰ ਤਰਜੀਹ ਦਿੱਤੀ ਜਾਵੇਗੀ। ਇੰਟਰਨੈਸ਼ਨਲ ਪੰਜਾਬੀ ਟ੍ਰਿਬਿਊਨ ਨੂੰ ਰਚਨਾਵਾਂ ਵਿੱਚ ਲੋੜ ਅਨੁਸਾਰ ਕਾਂਟ-ਛਾਂਟ ਕਰਨ ਦਾ ਜਾਂ ਬਿਲਕੁਲ ਨਾਂ ਛਾਪਣ ਦਾ ਅਧਿਕਾਰ ਹੈ। ਅਸ਼ਲੀਲ, ਭੜਕਾਊ, ਨਸਲੀ ਵਿਤਕਰੇ ਜਾਂ ਕਿਸੇ ਵਿਅਕਤੀ 'ਤੇ ਨਿੱਜੀ ਅਧਾਰ ਵਾ਼ਲੀ ਰਚਨਾਂ ਛਾਪਣ ਤੋਂ ਅਸੀਂ ਅਸਮਰਥ ਹਾਂ। ਇਸ਼ਤਿਹਾਰਾਂ ਵਿੱਚ ਛਪੀ ਸਮੱਗਰੀ ਲਈ ਇਸ਼ਤਿਹਾਰਦਾਤਾ ਖੁਦ ਜਿੰਮੇਵਾਰ ਹੋਵੇਗਾ।

# ਕੈਨੇਡਾ ਦੀ ਖੇਤੀਬਾੜੀ 'ਤੇ ਨਜ਼ਰ ਮਾਰਦਿਆਂ

ਲਿਖਤ : ਡਾ. ਨਿਰਮਲ ਸਿੰਘ ਹਰੀ

ਕੈਨੇਡਾ ਦੀ ਗੱਲ ਕਰਦਿਆਂ ਟੋਰਾਂਟੋ, ਵੈਨਕੂਵਰ ਵਰਗੇ ਮਹਾਂਨਗਰਾਂ ਦੀਆਂ ਉੱਚੀਆਂ-ਉੱਚੀਆਂ ਇਮਾਰਤਾਂ ਨਜ਼ਰ ਆਉਂਦੀਆਂ ਨੇ ਜਾਂ ਫਿਰ ਬਰਫ਼ ਦੀ ਚਿੱਟੀ ਚਿੱਟੀ ਚਾਦਰ, ਪਰ ਇਹਨਾਂ ਵੱਡੇ ਮਹਾਂਨਗਰਾਂ ਦਰਮਿਆਨ ਕੈਨੇਡਾ ਦੀ ਵਿਸ਼ਾਲ ਧਰਤੀ ਪਈ ਹੈ ਅਤੇ ਇਸਦੇ ਕੁਝ ਹਿੱਸਿਆਂ 'ਤੇ ਖੇਤੀ ਵੀ ਹੁੰਦੀ ਹੈ। ਕੱਚੇ ਰਾਹਾਂ, ਵੱਡੇ-ਵੱਡੇ ਖੇਤਾਂ ਵਾਲਾ ਕੈਨੇਡਾ ਘੱਟ ਹੀ ਉਜਾਗਰ ਹੋਇਆ ਹੈ।

ਚਲੋ ਖੇਤੀਬਾੜੀ ਦੀ ਇਹ ਕਹਾਣੀ ਇਤਿਹਾਸ ਦੇ ਪੰਨਿਆਂ ਵਿੱਚੋਂ ਸ਼ੁਰੂ ਕਰਦੇ ਹਾਂ। ਕਨੇਡਾ ਦੀ ਖੇਤੀਬਾੜੀ ਦਾ ਇਤਿਹਾਸ 200 ਕੁ ਸਾਲ ਪੁਰਾਣਾ ਹੈ। ਇਸ ਤੋਂ ਪਹਿਲਾਂ ਇੱਥੋਂ ਦੇ ਮੂਲ ਨਿਵਾਸੀ ਬਹੁਤ ਛੋਟੇ ਪੱਧਰ 'ਤੇ ਕੁਝ ਫਸਲਾਂ ਉਗਾਉਂਦੇ ਸਨ। ਪਰ ਬਾਅਦ ਵਿੱਚ ਯੂਰਪੀਅਨ ਲੋਕਾਂ ਦੇ ਆਉਣ ਨਾਲ ਬੇਅਬਾਦ ਧਰਤੀ ਖੇਤੀਯੋਗ ਬਣਾਈ ਜਾਣ ਲੱਗੀ। ਕਨੇਡਾ ਬਣਨ ਤੋਂ ਬਾਅਦ 1872 ਵਿੱਚ ਇੱਕ ਕਾਨੂੰਨ ਬਣਾਇਆ ਗਿਆ, ਜਿਸ ਤਹਿਤ ਬਾਹਰੋਂ ਲੋਕ ਆ ਕੇ ਜ਼ਮੀਨ ਅਬਾਦ ਕਰ ਸਕਦੇ ਸਨ।

ਬੱਸ ਫਿਰ ਕੀ ਸੀ, ਯੂਰਪ ਦੇ ਕਈ ਦੇਸਾਂ (ਸਕਾਟਲੈਂਡ, ਯੂਕਰੇਨ, ਆਈਸਲੈਂਡ, ਰੂਸ, ਪੋਲੈਂਡ, ਜਰਮਨੀ, ਫਰਾਂਸ ਖਾਸ ਤੌਰ 'ਤੇ) ਦੇ ਵਾਹੀਵਾਨਾਂ ਨੇ ਮੂੰਹ ਕਨੇਡਾ ਵੱਲ ਕਰ ਲਿਆ। ਸਮੁੰਦਰੀ ਜਹਾਜ਼ਾਂ ਅਤੇ ਫਿਰ ਰੇਲ ਗੱਡੀਆਂ ਰਾਹੀਂ ਇਹ ਲੋਕ ਦੱਖਣੀ ਓਂਟਾਰੀਓ ਅਤੇ ਪ੍ਰੇਰੀਜ਼ ਦੇ ਮੈਦਾਨਾਂ (ਮੈਨੀਟੋਬਾ, ਸਸਕੈਚਵਨ ਅਤੇ ਅਲਬਰਟਾ ਸੂਬੇ) ਵਿੱਚ ਪਹੁੰਚ ਗਏ। ਰੇਲਵੇ ਸਟੇਸ਼ਨਾਂ ਦੇ ਬਾਹਰ ਤੰਬੂਆਂ ਵਿੱਚ ਆਉਣ ਵਾਲਿਆਂ ਦੀ ਇੰਮੀਗ੍ਰੇਸ਼ਨ ਹੁੰਦੀ ਤੇ ਫਿਰ ਉਹਨਾਂ ਨੂੰ ਜ਼ਮੀਨ ਅਲਾਟ ਹੋ ਜਾਂਦੀ। ਇਹ ਗੱਲ 1896 ਤੋਂ 1914 ਦਰਮਿਆਨ ਦੀ ਹੈ। ਯੂਰਪ ਵਿੱਚ ਕੰਪਨੀਆਂ ਨੇ ਇਸ਼ਤਿਹਾਰ ਦਿੱਤੇ ਕਿ ਕਨੇਡਾ ਵਿੱਚ ਬੇਅੰਤ ਬੇਅਬਾਦ ਧਰਤੀ ਪਈ ਹੈ ਤੇ ਕੋਈ ਵੀ ਦਸ ਡਾਲਰ ਵਿੱਚ 160 ਏਕੜ ਪੈਲੀ ਲੈ ਕੇ ਉਸ ਨੂੰ ਅਬਾਦ ਕਰ ਸਕਦਾ ਹੈ। ਇਹਨਾਂ ਇਸ਼ਤਿਹਾਰਾਂ ਦਾ ਇਹ ਅਸਰ ਹੋਇਆ ਕਿ ਸਿਰਫ 18 ਸਾਲਾਂ ਦੌਰਾਨ ਕਨੇਡਾ ਵਿੱਚ 20 ਲੱਖ ਤੋਂ ਵੱਧ ਗੋਰੇ ਆਪਣੀ ਕਿਸਮਤ ਅਜ਼ਮਾਉਣ ਆ ਗਏ। ਇਹ ਇਸ਼ਤਿਹਾਰ ਸਿਰਫ਼ ਯੂਰਪ ਵਿੱਚ ਹੀ ਵੰਡੇ ਗਏ ਸਨ। ਨਸਲਵਾਦ ਤਹਿਤ ਗ਼ੈਰ-ਗੋਰੇ ਲੋਕਾਂ ਨੂੰ ਉਸ ਸਮੇਂ ਕਨੇਡਾ ਵਿੱਚ ਵੜਨ ਤੋਂ ਰੋਕਿਆ ਜਾਂਦਾ ਸੀ। ਸੰਨ 1914 ਵਿੱਚ ਕਾਮਾਗਾਟਾਮਾਰੂ ਜਹਾਜ਼ ਨੂੰ ਮੋੜਨਾ ਇਸੇ ਨੀਤੀ ਦਾ ਹਿੱਸਾ ਸੀ।

ਖੈਰ! ਇਹਨਾਂ ਯੂਰਪੀਅਨ ਮੁਲਕਾਂ ਵਿੱਚੋਂ ਜ਼ਿਮੀਦਾਰਾਂ ਨੂੰ ਕਨੇਡਾ ਵਿੱਚ ਵਸਾਉਣ ਪਿੱਛੇ ਇੱਕ ਤਰਕ ਵੀ ਸੀ। ਇਹ ਠੰਢੇ ਮੁਲਕ ਸਨ ਅਤੇ ਇੱਥੇ ਵੀ ਕਨੇਡਾ ਵਾਂਗ ਸਿਆਲ ਰੁੱਤੇ ਬਰਫ਼ ਪੈਂਦੀ ਸੀ। 1900ਵੇਂ ਦੇ ਸ਼ੁਰੂਆਤ ਵਿੱਚ ਕਨੇਡਾ ਦੀ ਬੇਅਬਾਦ ਧਰਤੀ ਨੂੰ ਵਾਹੀਯੋਗ ਕਰਨਾ ਕੋਈ ਖਾਲਾ ਜੀ ਦਾ ਵਾੜਾ ਨਹੀਂ ਸੀ। ਚਾਰ-ਪੰਜ ਮਹੀਨੇ ਮੌਸਮ ਚੰਗਾ ਤੇ ਬਾਕੀ ਸਾਰਾ ਸਾਲ ਠੰਢ ਵਾਲਾ ਮੌਸਮ। ਦਰਖ਼ਤਾਂ, ਬੂਟੀਆਂ, ਸਰਕੰਡਿਆਂ ਦੇ ਬੀਆਬਾਨ ਨੂੰ ਖੇਤੀਯੋਗ ਬਣਾਉਣਾ ਮੁਸ਼ਕਿਲ ਕੰਮ ਸੀ। ਜਿਵੇਂ ਆਪਣੇ ਬਲਦਾਂ, ਊਠਾਂ ਨਾਲ ਖੇਤੀ ਹੁੰਦੀ ਸੀ, ਇਹ ਨਵੇਂ-ਨਵੇਂ ਕਨੇਡੀਅਨ ਵਾਹੀਵਾਨ ਘੋੜਿਆਂ ਪਿੱਛੇ ਹੱਲ ਪਾ ਕੇ ਆਪਣੀ ਕਿਸਮਤ ਲਿਖਣ ਦੀ ਕੋਸ਼ਿਸ਼ ਕਰ ਰਹੇ ਸਨ। ਬਿਜਲੀ ਅਤੇ ਖੇਤੀ ਮਸ਼ੀਨਰੀ ਤੋਂ ਬਿਨਾਂ ਇਹ ਵੱਡਾ ਕੰਮ ਸੀ। 160 ਏਕੜ ਦੇ ਮੁਰੱਬੇ ਵਿੱਚ ਇੱਕ ਨੁੱਕਰ ਵਿੱਚ ਛੋਟਾ ਮੋਟਾ ਘਰ ਬਣਾਉਣ ਤੋਂ ਬਾਅਦ ਇਹ ਲੋਕ ਜ਼ਮੀਨ ਸਾਫ ਕਰਨ ਦੇ ਕੰਮ ਵਿੱਚ ਵਿਅਸਤ ਹੋ ਜਾਂਦੇ।

ਖੈਰ! ਇਸ ਸਮੇਂ ਕਨੇਡਾ ਸਰਕਾਰ ਨੇ ਇੱਕ ਵਧੀਆ ਕੰਮ ਕੀਤਾ। ਇਹਨਾਂ ਨਵੇਂ ਆ ਰਹੇ ਲੋਕਾਂ ਨੂੰ ਵਸਾਉਣ ਵਾਸਤੇ ਪ੍ਰੇਰੀਜ਼ ਦੇ ਮੈਦਾਨਾਂ ਦੀ ਖੇਤੀਯੋਗ ਜ਼ਮੀਨ ਨੂੰ ਮੀਲ ਲੰਮੇ ਤੇ ਮੀਲ ਚੌੜੇ ਵਰਗਾਕਾਰ ਮੁਰੱਬਿਆਂ ਵਿੱਚ ਵੰਡ ਦਿੱਤਾ। ਇੱਕ ਮੀਲ ਦੇ ਮੁਰੱਬੇ ਵਿੱਚ 640 ਏਕੜ ਜ਼ਮੀਨ ਹੁੰਦੀ ਹੈ। ਇਹਨਾਂ ਮੁਰੱਬਿਆਂ ਦੇ ਚਾਰੇ ਬੰਨੇ ਜੰਗਲ-ਬੀਆਬਾਨ ਸਾਫ਼ ਕਰਕੇ ਕੱਚੀਆਂ ਪਹੀਆਂ ਬਣਾ ਦਿੱਤੀਆਂ ਗਈਆਂ। ਇਹਨਾਂ ਰਸਤਿਆਂ ਨਾਲ ਨਵੇਂ ਵਾਹੀਵਾਨ ਦੇਸ਼ ਦੇ ਦੂਰ ਦੁਰਾਡੇ ਇਲਾਕਿਆਂ ਤਕ ਪਹੁੰਚ ਗਏ। ਐਨੀ ਵੱਡੀ ਧਰਤੀ ਨੂੰ ਮੀਲ ਮੀਲ ਦੇ ਵਰਗਾਕਾਰ ਟੁਕੜਿਆਂ ਵਿੱਚ ਕੱਟਣਾ ਤੇ ਆਸੇ ਪਾਸੇ ਰਾਹ ਉਸਾਰਨੇ ਕੋਈ ਸੁਖਾਲਾ ਕੰਮ ਨਹੀਂ ਸੀ ਅਤੇ ਇਸ ਕੰਮ ਨੂੰ ਸੰਪੂਰਨ ਹੋਣ ਵਿੱਚ ਲਗਭਗ 50 ਸਾਲ ਲੱਗੇ। ਲਗਭਗ 14 ਪੰਜਾਬਾਂ ਜਿੰਨੀ ਜ਼ਮੀਨ ਦੀ ਮੁਰੱਬਾਬੰਦੀ ਹੋਈ।

ਸੰਨ 1920 ਦੇ ਆਸ-ਪਾਸ ਖੇਤਾਂ ਵਿੱਚ ਘੋੜਿਆਂ ਦੀ ਜਗ੍ਹਾ ਲੋਹੇ ਦੇ ਟਾਇਰਾਂ ਵਾਲੇ ਟਰੈਕਟਰ ਆ ਗਏ। ਬੱਸ ਫਿਰ ਕੀ ਸੀ, ਖੇਤੀਬਾੜੀ ਵਿੱਚ ਕ੍ਰਾਂਤੀ ਆ ਗਈ ਤੇ ਬੇਅਬਾਦ ਜ਼ਮੀਨ ਨੂੰ ਖੇਤੀਯੋਗ ਵਿੱਚ ਬਦਲਣ ਲਈ ਮੁਸ਼ੱਕਤ ਘਟ ਗਈ।

ਅੱਜ ਕਨੇਡਾ ਦੇ ਵਾਹੀਵਾਨਾਂ ਦੀ ਚੌਥੀ-ਪੰਜਵੀਂ ਪੀੜ੍ਹੀ ਵੱਡੇ-ਵੱਡੇ ਟਰੈਕਟਰਾਂ 'ਤੇ ਸਵਾਰ ਖੇਤੀ ਕਰ ਰਹੀ ਹੈ। ਕਨੇਡਾ ਦੀ ਸਾਰੀ ਧਰਤੀ ਵਿੱਚੋਂ ਸਿਰਫ਼ 6.2 ਪ੍ਰਤੀਸ਼ਤ ਇਲਾਕਾ ਹੀ ਵਾਹੀਯੋਗ ਹੈ ਅਤੇ ਉੱਤਰ ਦਾ ਵਧੇਰੇ ਇਲਾਕਾ ਜੰਗਲਾਂ ਅਤੇ ਠੰਢ ਵਾਲੇ ਖੇਤਰਾਂ ਦਾ ਹੈ, ਜਿੱਥੇ ਖੇਤੀ ਨਹੀਂ ਕੀਤੀ ਜਾ ਸਕਦੀ। ਸਾਰੇ ਦੇਸ਼ ਵਿੱਚ ਲਗਭਗ 1 ਲੱਖ 90 ਹਜ਼ਾਰ ਫਾਰਮ ਹਨ ਅਤੇ ਇਹਨਾਂ ਵਿੱਚੋਂ ਬਹੁਤੇ ਫਾਰਮ ਪ੍ਰੇਰੀਜ਼ ਦੇ ਮੈਦਾਨਾਂ, ਕਿਊਬਕ ਅਤੇ ਓਂਟਾਰੀਓ ਸੂਬਿਆਂ ਵਿੱਚ ਹਨ।

ਕਨੇਡਾ ਦੀ ਖੇਤੀ 10-20 ਏਕੜਾਂ ਵਾਲੇ ਫਾਰਮਾਂ ਦੀ ਖੇਤੀ ਨਹੀਂ ਹੈ, ਸਗੋਂ ਵੱਡੇ ਵੱਡੇ ਫਾਰਮਾਂ ਵਾਲੀ ਖੇਤੀ ਹੈ। ਦੇਸ਼ ਵਿੱਚ ਔਸਤਨ ਫਾਰਮ 800 ਏਕੜਾਂ ਦਾ ਹੈ। ਥੋੜ੍ਹੇ ਏਕੜਾਂ ਵਾਲੀ ਖੇਤੀ ਵਾਰਾ ਹੀ ਨਹੀਂ ਖਾਂਦੀ। ਵਿਸ਼ਾਲ ਫਾਰਮ 'ਤੇ ਖੇਤੀ ਸੰਦ ਵੀ ਉਸੇ ਹਿਸਾਬ ਨਾਲ ਵੱਡੇ ਵੱਡੇ ਹਨ।

ਮੋਟੇ ਰੂਪ ਵਿੱਚ ਕਨੇਡਾ ਦੀ ਖੇਤੀ ਤਿੰਨ ਤਰ੍ਹਾਂ ਦੀ ਹੈ। ਬਾਗਬਾਨੀ, ਪਸ਼ੂ ਰੱਖਣ ਵਾਸਤੇ ਹਰੇ ਚਾਰੇ ਦੀ ਬੀਜਾਂਦ ਅਤੇ ਦਾਣਿਆਂ ਵਾਸਤੇ ਬੀਜੀਆਂ ਜਾਣ ਵਾਲੀਆਂ ਫਸਲਾਂ। ਬਾਗਬਾਨੀ ਜ਼ਿਆਦਾਤਰ ਬ੍ਰਿਟਿਸ਼ ਕੋਲੰਬੀਆ ਸੂਬੇ ਦੀ ਫਰੇਜ਼ਰ ਅਤੇ ਓਕਾਨੈਗਨ ਵੈਲੀਆਂ ਜਾਂ ਓਂਟਾਰੀਓ ਦੇ ਨਿਆਗਰਾ ਫਾਲਜ਼ ਇਲਾਕੇ ਵਿੱਚ ਹੁੰਦੀ ਹੈ। ਅੰਗੂਰਾਂ, ਸੇਬਾਂ, ਆੜੂਆਂ, ਖੁਰਮਾਨੀਆਂ ਤੇ ਬੈਰੀਆਂ ਦੇ ਬਾਗ। ਅੰਗੂਰਾਂ ਤੋਂ ਜ਼ਿਆਦਾਤਰ ਵਾਈਨ (ਇੱਕ ਤਰ੍ਹਾਂ ਦੀ ਸ਼ਰਾਬ) ਬਣਾਈ ਜਾਂਦੀ ਹੈ। ਇਹ ਬਾਗ ਛੋਟੇ ਹੁੰਦੇ ਨੇ, 10-20 ਕਿੱਲਿਆਂ ਦੇ ਫਾਰਮ। ਬ੍ਰਿਟਿਸ਼ ਕੋਲੰਬੀਆ ਵਿੱਚ ਬੈਰੀ ਉਗਾਉਣ ਦੇ ਕਿੱਤੇ ਵਿੱਚ ਕਈ ਪੰਜਾਬੀ ਕਿਸਾਨ ਵੀ ਹਨ। ਬੈਰੀਆਂ ਹੱਥੀਂ ਤੋੜਨੀਆਂ ਪੈਂਦੀਆਂ ਨੇ, ਇਸ ਕਰਕੇ ਸਰੀ, ਐਬਟਸਫੋਰਡ ਦੇ ਇਲਾਕਿਆਂ ਵਿੱਚ ਪੰਜਾਬੀ ਬਜ਼ੁਰਗ ਬੈਰੀਆਂ ਤੋੜ ਕੇ ਡਾਲਰ ਕਮਾ ਲੈਂਦੇ ਨੇ। ਕਲੋਨਾ ਅਤੇ ਇਸਦੇ ਦੱਖਣ ਵਿੱਚ ਵੀ ਕਈ ਬਾਗ ਪੰਜਾਬੀਆਂ ਦੇ ਹਨ।

ਕਨੇਡਾ ਵਿੱਚ ਕੁਝ ਖਿੱਤਿਆਂ ਵਿੱਚ ਜ਼ਮੀਨ ਉਪਜਾਊ ਨਾ ਹੋਣ ਕਰਕੇ ਕਈ ਵਾਰੀ ਇੱਥੇ ਦਾਣੇਦਾਰ ਫਸਲਾਂ ਬੀਜਣੀਆਂ ਲਾਹੇਵੰਦ ਨਹੀਂ ਹੁੰਦੀਆਂ। ਇਹਨਾਂ ਉੱਚੀਆਂ ਨੀਵੀਂਆਂ ਪੈਲੀਆਂ ਦੇ ਆਸੇ ਪਾਸੇ ਵਾੜ ਕਰਕੇ ਇੱਥੇ ਮੀਟ ਵਾਸਤੇ ਗਾਵਾਂ ਪਾਲੀਆਂ ਜਾਂਦੀਆਂ ਹਨ। ਫਾਰਮਾਂ ਦੁਆਲੇ ਵਾੜ ਕਰਕੇ ਪਸ਼ੂ ਖੁੱਲ੍ਹੇ ਹੀ ਛੱਡੇ ਜਾਂਦੇ ਨੇ। ਪਸ਼ੂ ਨੂੰ ਸੰਗਲ ਪਾਉਣ ਦਾ ਰਿਵਾਜ਼ ਉੱਕਾ ਹੀ ਨਹੀਂ। ਪਸ਼ੂਆਂ ਦੇ ਖਾਣ ਵਾਸਤੇ ਹਰੇ ਚਾਰੇ ਦੇ ਬੀਜ ਦਾ ਛੱਟਾ ਦੇ ਦਿੱਤਾ ਜਾਂਦਾ ਹੈ ਤੇ ਫਿਰ ਮੀਂਹ ਆਸਰੇ ਹਾਰਾ ਚਾਰਾ ਹੁੰਦਾ ਰਹਿੰਦਾ ਹੈ। ਕਿਤੇ ਕਿਤੇ ਫੁਹਾਰਿਆਂ ਰਾਹੀਂ ਪਾਣੀ ਦੇਣ ਦਾ ਪ੍ਰਬੰਧ ਵੀ ਹੁੰਦਾ ਹੈ। ਪਸ਼ੂਆਂ ਦੇ ਚਾਰੇ ਲਈ ਲੂਸਣ ਦੀ ਬੀਜਾਂਦ ਵੀ ਬਹੁਤ ਹੁੰਦੀ ਹੈ। ਪਸ਼ੂਆਂ ਵਾਲੇ ਕਿਸਾਨ ਸਾਰਾ ਸਾਲ ਹੀ ਰੁੱਝੇ ਰਹਿੰਦੇ ਨੇ। ਫਰਵਰੀ ਮਾਰਚ ਵਿੱਚ ਗਾਵਾਂ ਸੂੰਦੀਆਂ ਨੇ ਤੇ ਇਹਨਾਂ ਠੰਢ ਦੇ ਦਿਨਾਂ ਵਿੱਚ ਹਰ ਰੋਜ਼ ਗਾਵਾਂ ਤੇ ਨਵਜਨਮੇ ਵਛੜਿਆਂ ਨੂੰ ਸਾਂਭਣਾ ਸੁਖਾਲਾ ਕੰਮ ਨਹੀਂ ਹੈ।

ਯਾਦ ਰਹੇ ਜ਼ਿਆਦਾਤਰ ਫਾਰਮਾਂ 'ਤੇ ਗਾਵਾਂ ਦੀ ਗਿਣਤੀ ਸੈਂਕੜਿਆਂ ਵਿੱਚ ਹੁੰਦੀ ਹੈ। ਇਹਨਾਂ ਗਾਵਾਂ ਨੂੰ ਚਰਾਂਦਾਂ ਵਿੱਚ ਕਾਬੂ ਰੱਖਣ ਲਈ ਕਿਸਾਨ ਘੋੜਿਆਂ ਦੀ ਵਰਤੋਂ ਵੀ ਕਰਦੇ ਹਨ। 'ਕਾਉ ਬੁਆਏ' ਵਾਲਾ ਕਲਚਰ ਇਹਨਾਂ ਵੱਡੀਆਂ ਵੱਡੀਆਂ ਟੋਪੀਆਂ ਅਤੇ ਗੋਡਿਆਂ ਤਕ ਬੂਟਾਂ ਵਾਲੇ ਕਿਸਾਨਾਂ ਤੋਂ ਹੀ ਪਿਆ ਹੈ। ਕਾਉ ਬੁਆਏ ਵਜੋਂ ਸਾਨੂੰ ਘੋੜੇ 'ਤੇ ਚੜ੍ਹਿਆ, ਹੱਥ ਵਿੱਚ ਰੱਸਾ ਫੜੀ ਬੈਠਾ ਕਿਸਾਨ ਚੇਤੇ ਵਿੱਚ ਆਉਂਦਾ ਹੈ, ਕਿਉਂਕਿ ਇਸ ਤਰ੍ਹਾਂ ਇਹ ਦੂਰ ਗਈਆਂ ਗਾਵਾਂ ਨੂੰ ਵਾਪਸ ਮੋੜ ਕੇ ਲਿਆਉਂਦੇ ਨੇ।

ਖੇਤੀਬਾੜੀ ਦਾ ਤੀਜਾ ਮੁੱਖ ਪੱਖ ਦਾਣੇਦਾਰ ਫਸਲਾਂ ਬੀਜਣਾ ਹੈ। ਪੰਜਾਬ ਵਾਂਗ ਸਾਲ ਵਿੱਚ ਦੋ ਫਸਲਾਂ ਨਹੀਂ, ਸਗੋਂ ਸਿਰਫ ਇੱਕ ਫਸਲ ਹੀ ਹੁੰਦੀ ਹੈ। ਬਿਜਾਈ ਅਪਰੈਲ-ਮਈ ਵਿੱਚ ਤੇ ਵਢਾਈ ਅਗਸਤ ਤੋਂ ਅਕਤੂਬਰ ਦੌਰਾਨ। ਕਨੇਡਾ ਦੀਆਂ ਪ੍ਰਮੁੱਖ ਫਸਲਾਂ ਕਣਕ, ਕਨੋਲਾ, ਮੱਕੀ, ਜੌਂ, ਜਵੀ ਹਨ। ਠੰਢੇ ਮੁਲਕ ਵਿੱਚ ਠੰਢ ਵਾਲੀਆਂ ਫਸਲਾਂ ਜ਼ਿਆਦਾ ਕਾਮਯਾਬ ਹਨ। ਜੌਂ, ਜਵੀ ਦਾਣਿਆਂ ਲਈ ਉਗਾਈ ਜਾਂਦੀ ਹੈ। ਕਣਕ ਗਰਮੀਆਂ ਦੀ ਰੁੱਤ ਦੀ ਵੀ ਹੈ ਤੇ ਸਿਆਲੂ ਵੀ।

ਗਰਮੀਆਂ ਵਾਲੀ ਕਣਕ ਅਪਰੈਲ-ਮਈ ਵਿੱਚ ਬੀਜ ਦਿੱਤੀ ਜਾਂਦੀ ਹੈ ਤੇ ਸਿਆਲੂ ਕਣਕ ਬਰਫ ਪੈਣ ਤੋਂ ਦੋ ਕੁ ਮਹੀਨੇ ਪਹਿਲਾਂ ਅੱਧ ਸਤੰਬਰ ਵਿੱਚ। ਬਰਫ ਤੋਂ ਪਹਿਲਾਂ ਕਣਕ ਗਿੱਠ ਗਿੱਠ ਹੋ ਜਾਂਦੀ ਹੈ ਤੇ ਫਿਰ ਇਹ ਬਰਫ ਹੇਠਾਂ ਚਾਰ ਮਹੀਨੇ ਦੱਬੀ ਰਹਿੰਦੀ ਹੈ। ਅਸਲ ਵਿੱਚ ਬਰਫ ਸਿਆਲੂ ਕਣਕ ਨੂੰ ਠੰਢ ਤੋਂ ਬਚਾਉਣ ਲਈ ਰਜਾਈ ਦਾ ਕੰਮ ਕਰਦੀ ਹੈ।

ਸਸਕੈਚਵਨ ਸੂਬੇ ਦੀਆਂ ਰੇਤਲੀਆਂ ਜ਼ਮੀਨਾਂ ਵਿੱਚ ਪਕਾਵੇਂ ਮਟਰ, ਮਸਰ ਵੀ ਵਧੀਆ ਹੁੰਦੇ ਨੇ। ਅਸਲ ਵਿੱਚ ਭਾਰਤ ਦਾਲਾਂ ਕਨੇਡਾ ਤੋਂ ਵੀ ਮੰਗਵਾਉਂਦਾ ਹੈ। ਮੈਨੀਟੋਬਾ ਵਿੱਚ ਅਲਸੀ, ਸੂਰਜਮੁਖੀ ਵੀ ਥੋੜ੍ਹੀ ਬਹੁਤੀ ਹੁੰਦੀ ਹੈ। ਕਨੇਡਾ ਵਿੱਚ ਨਰਮਾ, ਝੋਨਾ ਕਿਤੇ ਨਹੀਂ ਹੁੰਦਾ ਕਿਉਂਕਿ ਇੱਥੇ ਭਾਰਤ ਵਾਂਗ ਬਹੁਤਾ ਗਰਮ ਮੌਸਮ ਨਹੀਂ ਹੈ। ਜਿਹੜੀ ਕਣਕ ਪੰਜਾਬ ਵਿੱਚ ਪੰਜ ਮਹੀਨਿਆਂ ਵਿੱਚ ਹੁੰਦੀ ਹੈ, ਉਹ ਕਨੇਡਾ ਵਿੱਚ ਸਿਰਫ ਤਿੰਨ ਮਹੀਨਿਆਂ ਵਿੱਚ ਹੀ ਪੱਕ ਜਾਂਦੀ ਹੈ। ਕਾਰਨ, ਇੱਕ ਤਾਂ ਬਹੁਤੀਆਂ ਫਸਲਾਂ ਬਰਾਨੀ ਨੇ, ਦੂਜਾ ਗਰਮੀਆਂ ਵਿੱਚ ਦਿਨ 14 ਤੋਂ 16 ਘੰਟਿਆਂ ਦੇ ਹੁੰਦੇ ਨੇ ਤੇ ਫਸਲਾਂ ਦਿਨਾਂ ਵਿੱਚ ਹੀ ਜਵਾਨ ਹੋ ਜਾਂਦੀਆਂ ਨੇ।

ਜ਼ਿਆਦਾਤਰ ਫਾਰਮਾਂ ਵਿੱਚ ਕੋਈ ਵੱਟ, ਕੋਈ ਖਾਲਾ ਨਹੀਂ ਹੈ ਕਿਉਂ ਜੋ ਪਾਣੀ ਕਿਸਾਨ ਲਾਉਂਦੇ ਹੀ ਨਹੀਂ। ਬਹੁਤੀ ਖੇਤੀ ਮੀਂਹ ਸਹਾਰੇ ਹੀ ਹੈ ਪਰ ਕਿਤੇ ਕਿਤੇ ਜ਼ਮੀਨੀ ਪਾਣੀ ਦੀ ਵਰਤੋਂ ਫੁਹਾਰਿਆਂ ਨਾਲ ਕੀਤੀ ਜਾਂਦੀ ਹੈ। ਮੁਫਤ ਕੁਝ ਵੀ ਨਹੀਂ। ਵਰਤੋਂ ਕੀਤੇ ਪਾਣੀ ਦਾ ਮੁੱਲ ਤਾਰਨਾ ਪੈਂਦਾ ਹੈ। ਬਰਾਨੀ ਖੇਤੀ ਹੋਣ ਕਰਕੇ ਔਸਤਨ ਝਾੜ ਪੰਜਾਬ ਨਾਲੋਂ ਥੋੜ੍ਹਾ ਘੱਟ ਹੁੰਦਾ ਹੈ। ਕਣਕ 40-42 ਮਣੀ ਝੜ ਜਾਂਦੀ ਹੈ। ਫਾਰਮ ਬਹੁਤ ਵੱਡੇ ਵੱਡੇ ਨੇ। ਉਦਾਹਰਣ ਦੇ ਤੌਰ 'ਤੇ ਮੈਨੀਟੋਬਾ ਵਿੱਚ ਔਸਤਨ ਫਾਰਮ ਹਜ਼ਾਰ ਕੁ ਕਿੱਲਿਆਂ ਦਾ ਹੈ। 100-200 ਕਿੱਲਿਆਂ 'ਤੇ ਕਣਕ, ਕਨੋਲਾ ਦੀ ਖੇਤੀ ਵਾਰਾ ਨਹੀਂ ਖਾਂਦੀ। ਜ਼ਮੀਨ ਖਰੀਦਣੀ ਸਸਤੀ ਹੈ (ਪ੍ਰੇਰੀਜ਼ ਦੇ ਮੈਦਾਨਾਂ ਵਿੱਚ), ਪਰ ਮਸ਼ੀਨਰੀ ਬਹੁਤ ਮਹਿੰਗੀ ਹੈ। ਉਦਾਹਰਣ ਦੇ ਤੌਰ 'ਤੇ ਇਸ ਸਮੇਂ ਪ੍ਰੇਰੀਜ਼ ਵਿੱਚ ਇੱਕ ਕਿੱਲਾ ਜ਼ਮੀਨ 4-5 ਹਜ਼ਾਰ ਡਾਲਰ ਨੂੰ ਖਰੀਦੀ ਜਾ ਸਕਦੀ ਹੈ, ਪਰ ਇੱਕ ਆਮ ਟਰੈਕਟਰ (100 ਕੁ ਹੌਰਸ ਪਾਵਰ) ਇੱਕ ਲੱਖ ਡਾਲਰ ਦੇ ਕਰੀਬ ਹੈ। ਇਹੀ ਕਾਰਨ ਹੈ ਕਿ ਪ੍ਰੇਰੀਜ਼ ਵਿੱਚ ਬਹੁਤ ਥੋੜ੍ਹੇ ਪੰਜਾਬੀ ਖੇਤੀ ਦੇ ਧੰਦੇ ਵਿੱਚ ਹਨ। ਦੂਜੇ ਪਾਸੇ ਬੀ. ਸੀ. ਅਤੇ ਓਂਟਾਰੀਓ ਦੀ ਬਾਗਬਾਨੀ ਵਾਲੀ ਜ਼ਮੀਨ ਬਹੁਤ ਮਹਿੰਗੀ ਹੈ।

ਗਰਮੀਆਂ ਦੌਰਾਨ ਪ੍ਰੇਰੀਜ਼ ਦੇ ਮੈਦਾਨਾਂ ਦੀ ਖੇਤੀ ਦੇਖਣਯੋਗ ਹੁੰਦੀ ਹੈ, ਹਜ਼ਾਰਾਂ ਕਿੱਲਿਆਂ 'ਤੇ ਪੀਲੀ ਪੀਲੀ ਕਨੋਲਾ ਤੇ ਕਿਤੇ ਸੁਨਹਿਰੀ ਕਣਕ ਦੀ ਝਲਕ। ਕਨੇਡਾ ਦੀ ਪੈਦਾਵਾਰ ਜ਼ਿਆਦਾ ਹੈ ਤੇ ਖਪਤ ਘੱਟ, ਸੋ ਜ਼ਿਆਦਾਤਰ ਫਸਲਾਂ ਦੂਜੇ ਦੇਸ਼ਾਂ ਨੂੰ ਵੇਚੀਆਂ ਜਾਂਦੀਆਂ ਨੇ। ਖੇਤੀਬਾੜੀ ਕਨੇਡਾ ਲਈ ਬੜੀ ਅਹਿਮ ਹੈ।

# ਮਹਿੰਗਾਈ ਦੀ ਮਾਰ ਝੱਲ ਰਹੇ ਕੈਨੇਡੀਅਨਾਂ ਲਈ ਮਾਰਕ ਕਾਰਨੀ ਦਾ ਵੱਡਾ ਐਲਾਨ, ਜੀ.ਐਸ.ਟੀ. ਕ੍ਰੈਡਿਟ 'ਚ ਵਾਧੇ ਸਮੇਤ ਕਈ ਰਾਹਤਾਂ ਦਿੱਤੀਆਂ

ਵੈਨਕੂਵਰ, (ਏਕਜੋਤ ਸਿੰਘ): ਕੈਨੇਡਾ ਵਿੱਚ ਅਸਮਾਨ ਛੂਹ ਰਹੀਆਂ ਖਾਣ-ਪੀਣ ਦੀਆਂ ਚੀਜ਼ਾਂ ਦੀਆਂ ਕੀਮਤਾਂ ਨਾਲ ਜੂਝ ਰਹੇ ਆਮ ਲੋਕਾਂ ਲਈ ਰਾਹਤ ਦੀ ਖ਼ਬਰ ਹੈ। ਪ੍ਰਧਾਨ ਮੰਤਰੀ ਮਾਰਕ ਕਾਰਨੀ ਨੇ ਔਟਵਾ ਵਿਖੇ ਇੱਕ ਕਰਿਆਨੇ ਦੀ ਦੁਕਾਨ (Grocery Store) ਤੋਂ ਸੰਬੋਧਨ ਕਰਦਿਆਂ ਮਹਿੰਗਾਈ ਨਾਲ ਨਜਿੱਠਣ ਲਈ ਕਈ ਅਹਿਮ ਐਲਾਨ ਕੀਤੇ। ਇਨ੍ਹਾਂ ਵਿੱਚ ਖਪਤਕਾਰਾਂ ਨੂੰ ਸਿੱਧੀ ਵਿੱਤੀ ਮਦਦ ਦੇਣ ਲਈ "ਕੈਨੇਡਾ ਗ੍ਰੋਸਰੀਜ਼ ਐਂਡ ਐਸੈਂਸ਼ੀਅਲਸ ਬੈਨੀਫਿਟ" (Canada Groceries and Essentials Benefit) ਸ਼ਾਮਲ ਹੈ। ਇਹ ਕਦਮ ਅਜਿਹੇ ਸਮੇਂ ਚੁੱਕਿਆ ਗਿਆ ਹੈ ਜਦੋਂ ਦਸੰਬਰ 2025 ਵਿੱਚ ਖੁਰਾਕੀ ਮਹਿੰਗਾਈ ਦਰ 5 ਫੀਸਦੀ ਤੋਂ ਪਾਰ ਹੋ ਗਈ ਸੀ, ਜੋ ਕਿ ਰਾਸ਼ਟਰੀ ਔਸਤ ਨਾਲੋਂ ਦੁੱਗਣੀ ਹੈ।

ਦੋ ਵੱਖ-ਵੱਖ ਰਣਨੀਤੀਆਂ ਇਸ ਸਮੇਂ ਫੈਡਰਲ ਸਰਕਾਰ ਅਤੇ ਮੈਨੀਟੋਬਾ ਦੀ ਸੂਬਾਈ ਸਰਕਾਰ ਮਹਿੰਗਾਈ ਨੂੰ ਕਾਬੂ ਕਰਨ ਲਈ ਦੋ ਵੱਖੋ-ਵੱਖਰੇ ਤਰੀਕੇ ਅਪਣਾ ਰਹੀਆਂ ਹਨ।

ਮੈਨੀਟੋਬਾ ਸਰਕਾਰ: ਸੂਬਾਈ ਪੱਧਰ 'ਤੇ ਮੈਨੀਟੋਬਾ ਸਰਕਾਰ ਕੁਝ ਬੁਨਿਆਦੀ ਖਾਣ-ਪੀਣ ਵਾਲੀਆਂ ਚੀਜ਼ਾਂ ਦੀਆਂ ਕੀਮਤਾਂ ਨੂੰ ਫ੍ਰੀਜ਼ (ਸਥਿਰ) ਕਰਨ ਦੀ ਰਣਨੀਤੀ 'ਤੇ ਕੰਮ ਕਰ ਰਹੀ ਹੈ ਤਾਂ ਜੋ ਕੀਮਤਾਂ ਹੋਰ ਨਾ ਵਧਣ।

ਫੈਡਰਲ ਸਰਕਾਰ: ਦੂਜੇ ਪਾਸੇ, ਔਟਵਾ ਨੇ ਲੋਕਾਂ ਦੀਆਂ ਜੇਬਾਂ ਵਿੱਚ ਸਿੱਧਾ ਪੈਸਾ ਪਾਉਣ ਦਾ ਰਾਹ ਚੁਣਿਆ ਹੈ ਤਾਂ ਜੋ ਉਹ ਮਹਿੰਗੀਆਂ ਚੀਜ਼ਾਂ ਖਰੀਦਣ ਦੇ ਯੋਗ ਹੋ ਸਕਣ।




## ਕੀ ਹੈ ਨਵਾਂ 'ਗ੍ਰੋਸਰੀ ਬੈਨੀਫਿਟ'?

ਪ੍ਰਧਾਨ ਮੰਤਰੀ ਕਾਰਨੀ ਨੇ ਵਿਸਥਾਰ ਵਿੱਚ ਦੱਸਿਆ ਕਿ ਇਸ ਨਵੇਂ ਲਾਭ ਤਹਿਤ ਯੋਗ ਕੈਨੇਡੀਅਨਾਂ ਨੂੰ ਮੌਜੂਦਾ ਜੀਐਸਟੀ (GST) ਕ੍ਰੈਡਿਟ ਵਿੱਚ 25 ਫੀਸਦੀ ਦਾ ਵਾਧਾ ਮਿਲੇਗਾ। ਇਸ ਤੋਂ ਇਲਾਵਾ, ਇੱਕ ਵਾਰ ਦੀ ਵਿਸ਼ੇਸ਼ ਅਦਾਇਗੀ (One-time payment) ਵੀ ਕੀਤੀ ਜਾਵੇਗੀ, ਜੋ ਕਿ ਇਸ ਸਾਲ ਦੇ ਕੁੱਲ ਜੀਐਸਟੀ ਕ੍ਰੈਡਿਟ ਦੇ 50 ਫੀਸਦੀ ਦੇ ਬਰਾਬਰ ਹੋਵੇਗੀ। ਇਸ ਦਾ ਮਕਸਦ ਘੱਟ ਆਮਦਨ ਵਾਲੇ ਪਰਿਵਾਰਾਂ ਨੂੰ ਤੁਰੰਤ ਸਹਾਇਤਾ ਦੇਣਾ ਹੈ।

ਯੂਨੀਵਰਸਿਟੀ ਆਫ ਗਵੇਲਫ ਦੇ ਪ੍ਰੋਫੈਸਰ ਅਤੇ ਫੂਡ ਇਕਨੌਮਿਸਟ ਮਾਈਕ ਵੌਨ ਮੈਸੋ (Mike von Massow) ਨੇ ਇਸ ਕਦਮ ਦੀ ਸ਼ਲਾਘਾ ਕੀਤੀ ਹੈ। ਉਨ੍ਹਾਂ ਕਿਹਾ, "ਅਸੀਂ ਜਾਣਦੇ ਹਾਂ ਕਿ ਬਹੁਤ ਸਾਰੇ ਘੱਟ ਆਮਦਨ ਵਾਲੇ ਕੈਨੇਡੀਅਨਾਂ ਨੂੰ ਰਾਸ਼ਨ ਖਰੀਦਣ ਅਤੇ ਕਿਰਾਇਆ ਭਰਨ ਵਿਚਕਾਰ ਚੋਣ ਕਰਨੀ ਪੈ ਰਹੀ ਹੈ। ਇਹ ਮਦਦ ਉਨ੍ਹਾਂ ਲੋਕਾਂ ਲਈ ਅਸਲ ਰਾਹਤ ਸਾਬਤ ਹੋਵੇਗੀ ਜੋ ਵਧਦੀਆਂ ਕੀਮਤਾਂ ਦਾ ਸਭ ਤੋਂ ਵੱਧ ਦਰਦ ਝੱਲ ਰਹੇ ਹਨ।"

ਲੰਬੇ ਸਮੇਂ ਦੇ ਹੱਲ ਕਾਰਨੀ ਨੇ ਸਪੱਸ਼ਟ ਕੀਤਾ ਕਿ ਇਹ ਨਕਦ ਅਦਾਇਗੀਆਂ ਮਹਾਂਮਾਰੀ ਤੋਂ ਬਾਅਦ ਵਧੀਆਂ ਕੀਮਤਾਂ ਦੀ ਭਰਪਾਈ ਕਰਨ ਲਈ ਹਨ, ਪਰ ਸਰਕਾਰ ਮਸਲੇ ਦੇ ਪੱਕੇ ਹੱਲ ਲਈ ਵੀ ਕੰਮ ਕਰ ਰਹੀ ਹੈ। ਉਨ੍ਹਾਂ ਕਿਹਾ, "ਅਸੀਂ ਮਹਿੰਗਾਈ ਦੇ ਮੂਲ ਕਾਰਨਾਂ ਨੂੰ ਹੱਲ ਕਰਨ ਲਈ ਵਚਨਬੱਧ ਹਾਂ। ਇਸ ਦੀ ਸ਼ੁਰੂਆਤ ਸਾਡੀ ਸਪਲਾਈ ਚੇਨ ਨੂੰ ਮਜ਼ਬੂਤ ਕਰਨ ਨਾਲ ਹੁੰਦੀ ਹੈ।"

ਪ੍ਰਧਾਨ ਮੰਤਰੀ ਨੇ ਸਮਝਾਇਆ ਕਿ ਜਦੋਂ ਟਰਾਂਸਪੋਰਟ ਤੋਂ ਲੈ ਕੇ ਪ੍ਰੋਸੈਸਿੰਗ ਅਤੇ ਵੰਡ ਤੱਕ ਹਰ ਪੜਾਅ 'ਤੇ ਲਾਗਤ ਵਧਦੀ ਹੈ, ਤਾਂ ਅੰਤ ਵਿੱਚ ਇਹ ਬੋਝ ਗ੍ਰੋਸਰੀ ਦੇ ਬਿੱਲਾਂ 'ਤੇ ਪੈਂਦਾ ਹੈ। ਇਸ ਲਈ ਸਰਕਾਰ ਸਪਲਾਈ ਚੇਨ ਨੂੰ ਵਧੇਰੇ ਲਚਕੀਲਾ ਬਣਾਉਣ 'ਤੇ ਜ਼ੋਰ ਦੇਵੇਗੀ ਤਾਂ ਜੋ ਭਵਿੱਖ ਵਿੱਚ ਅਜਿਹੇ ਝਟਕਿਆਂ ਤੋਂ ਬਚਿਆ ਜਾ ਸਕੇ।

ਮਹਿੰਗਾਈ ਦੇ ਅੰਕੜੇ ਸਟੈਟਿਸਟਿਕਸ ਕੈਨੇਡਾ ਦੇ ਤਾਜ਼ਾ ਅੰਕੜੇ ਦੱਸਦੇ ਹਨ ਕਿ ਖਾਣ-ਪੀਣ ਦੀਆਂ ਚੀਜ਼ਾਂ ਦੀ ਮਹਿੰਗਾਈ ਬਾਕੀ ਸਾਰੀਆਂ ਵਸਤਾਂ ਅਤੇ ਸੇਵਾਵਾਂ ਦੇ ਮੁਕਾਬਲੇ ਬਹੁਤ ਤੇਜ਼ੀ ਨਾਲ ਵਧੀ ਹੈ। ਦਸੰਬਰ 2025 ਵਿੱਚ ਇਹ ਦਰ 5 ਫੀਸਦੀ ਤੋਂ ਉੱਪਰ ਸੀ, ਜਿਸ ਨੇ ਆਮ ਆਦਮੀ ਦਾ ਬਜਟ ਹਿਲਾ ਕੇ ਰੱਖ ਦਿੱਤਾ ਹੈ।

ਸਰਕਾਰ ਦੇ ਇਸ ਐਲਾਨ ਨਾਲ ਲੱਖਾਂ ਕੈਨੇਡੀਅਨ ਪਰਿਵਾਰਾਂ ਨੂੰ ਕੁਝ ਸੁੱਖ ਦਾ ਸਾਹ ਮਿਲਣ ਦੀ ਉਮੀਦ ਹੈ। ਹੁਣ ਦੇਖਣਾ ਇਹ ਹੋਵੇਗਾ ਕਿ ਕੀ ਇਹ ਵਿੱਤੀ ਮਦਦ ਅਤੇ ਸਪਲਾਈ ਚੇਨ ਦੇ ਸੁਧਾਰ ਆਉਣ ਵਾਲੇ ਮਹੀਨਿਆਂ ਵਿੱਚ ਮਹਿੰਗਾਈ ਨੂੰ ਕਾਬੂ ਕਰਨ ਵਿੱਚ ਕਿੰਨੇ ਕੁ ਕਾਰਗਰ ਸਾਬਤ ਹੁੰਦੇ ਹਨ। This report was written by Ekjot Singh as part of the Local Journalism Initiative.

UNIVERSAL FINGERPRINTING SERVICE

RCMP Criminal Record Check Fingerprints for:

*Permanent Residence
*Canadian Citizenship
*Security License
*Employment
*Name Change
*Privacy Act Request
*Visa/Border Crossing/
*Foreign Travel/Work
*Vulnerable Sector Checks
*US Entry Waiver
*Record Suspension Application
*FBI Fingerprints
*Digitize the ink fingerprints
*Ink Fingerprints
*Name Based Record Checks

•ਪਰਮਾਨੈਂਟ ਰੈਜ਼ੀਡੈਂਸ
•ਕਨੇਡੀਅਨ ਸਿਟੀਜ਼ਨਸ਼ਿਪ
•ਸਕਿਓਰਟੀ ਲਾਇਸੈਂਸ •ਇੰਪਲਾਇਮੈਂਟ
•ਨਾਮ ਬਦਲੀ •ਪ੍ਰਾਈਵੇਸੀ ਐਕਟ ਰਿਕੁਐਸਟ
•ਵਲਨਰੇਬਲ ਸੈਕਟਰ ਚੈਕਸ
•ਯੂ ਐਸ ਐਂਟਰੀ ਵੇਵਰ
•ਵੀਜ਼ਾ/ਬਾਰਡਰ ਕਰਾਸਿੰਗ/ਫੌਰਨ ਟਰੈਵਲ/ਕੰਮ
•ਰਿਕਾਰਡ ਸਸਪੈਂਸ਼ਨ ਐਪਲੀਕੇਸ਼ਨ
•ਐਫ ਬੀ ਆਈ ਫਿੰਗਰਪ੍ਰਿੰਟ
•ਡਿਜੀਟਲ ਦਾ ਇੰਕ ਫਿੰਗਰਪ੍ਰਿੰਟਸ
•ਇੰਕ ਫਿੰਗਰਪ੍ਰਿੰਟਸ
•ਨਾਮ ਬੇਸਡ ਰਿਕਾਰਡ ਚੈੱਕ

EAST WEST IMMIGRATION SERVICES INC.

*INDIA VISA *India E Visa, UK & Schengen Visa
*Entry Visa Application for 1 year & 5 years
*Overseas Citizenship of India Application (OCI)
*ਇੰਡੀਅਨ ਵੀਜ਼ਾ *ਇੰਡੀਅਨ ਈ-ਵੀਜ਼ਾ *ਯੂਕੇ & Schengen ਵੀਜ਼ਾ
*ਐਂਟਰੀ ਵੀਜ਼ਾ ਐਪਲੀਕੇਸ਼ਨ (1 ਸਾਲ ਅਤੇ 5 ਸਾਲ)
*ਓਵਰਸੀਜ਼ ਸਿਟੀਜ਼ਨਸ਼ਿਪ ਆਫ ਇੰਡੀਆ (ਓਸੀਆਈ)

*Indian PCC
*Indian Passport Renewal
*OCI Applications
*Visitor Visa Application
*Canadian Citizenship Application
*US Visa Application
*PR card renewal Application
*BC-Name Change Application

•ਇੰਡੀਅਨ ਪੀ ਸੀ ਸੀ
•ਇੰਡੀਅਨ ਪਾਸਪੋਰਟ ਰੀਨਿਊ
•ਓ ਸੀ ਆਈ ਐਪਲੀਕੇਸ਼ਨਜ਼
•ਵਿਜ਼ਟਰ ਵੀਜ਼ਾ ਐਪਲੀਕੇਸ਼ਨ
•ਕਨੇਡੀਅਨ ਸਿਟੀਜ਼ਨਸ਼ਿਪ ਐਪਲੀਕੇਸ਼ਨ
•ਯੂ ਐਸ ਵੀਜ਼ਾ ਐਪਲੀਕੇਸ਼ਨ
•ਪੀ ਆਰ ਕਾਰਡ ਰੀਨਿਊ ਐਪਲੀਕੇਸ਼ਨ
•ਬੀ ਸੀ ਨਾਮ ਚੇਂਜ ਐਪਲੀਕੇਸ਼ਨ

Parminder Kindhra
CICC CCIC

PH : 604-503-8898

#303-(3rd floor) 8318-120St, Surrey Email:office@universalfingerprinting.com OPEN 7 DAYS A WEEK

# ਕੈਨੇਡੀਅਨ ਸਿਟੀਜ਼ਨਸ਼ਿੱਪ ਬਹੁ-ਸੱਭਿਆਚਾਰ, ਬਹੁ-ਧਰਮ ਤੇ ਬਹੁ-ਭਾਸ਼ਾ ਦਾ ਪ੍ਰਤੀਬਿੰਬ ਹੈ



ਸੁਰਿੰਦਰ ਸਿੰਘ ਜੱਬਲ

10 ਦਸੰਬਰ 2025 ਨੂੰ ਅੰਤਰਰਾਸ਼ਟਰੀ ਮਨੁੱਖੀ ਅਧਿਕਾਰ ਦਿਵਸ ਤੇ 8580-132 ਸਟਰੀਟ ਸਰੀ ਸਥਿਤ ਤਾਜ ਪਾਰਕ ਕਨਵੈਨਸ਼ਨ ਸੈਂਟਰ ਵਿਚ ਕਮਿਉਨਿਟੀ ਦੇ ਪਤਵੰਤਿਆਂ ਦਾ ਭਾਰੀ ਇਕੱਠ ਹੋਇਆ।ਜਿਸ ਦਾ ਮੰਤਵ ਸੀ ''ਆਓ ਗੱਲ ਕਰੀਏ ਯਾਦ ਪਹਿਚਾਣ ਅਤੇ ਸੰਸਥਾਵਾਂ 'ਤੇ ਇਕ ਸੰਵਾਦ (ਗੁਰੂ ਨਾਨਕ ਜਹਾਜ਼-ਮੈਂ ਸਾਊਥ ਏਸ਼ੀਅਨ ਨਹੀਂ ਹਾਂ- ਮਿਊਜ਼ੀਅਮ, ਯੂਨੀਵਰਸਿਟੀਆਂ) ਅੱਜ ਦੇ ਇਸ ਲੇਖ ਦਾ ਮੇਨ ਮੁੱਦਾ ਜੋ ਵਿਚਾਰ ਚਰਚਾ ਦੀ ਮੰਗ ਕਰਦਾ ਹੈ, ਉਹ ਹੈ ਸਾਊਥ ਏਸ਼ੀਅਨ ਨਾਮ ਦੇ ਵਿਰੋਧ ਦਾ ਆਨ ਪ੍ਰਦਾਨ (ਵਿਚਾਰ ਵਟਾਂਦਰਾ) ਜਿਸ ਨੂੰ ਕਮਿਉਨਿਟੀ ਵਿਚ ਸਰਕਾਰ ਵਲੋਂ ਬਣਾਏ ਜਾ ਰਹੇ ਮੀਊਜ਼ੀਅਮ ਨੂੰ ਦਿੱਤਾ ਜਾ ਰਿਹਾ ਹੈ ਜਾਂ ਥੋਪਿਆ ਜਾ ਰਿਹਾ ਹੈ।ਆਓ ਸੰਵਾਦ ਦੀ ਲੜੀ ਵਿਚ ਕੁਝ ਕੁ ਵਿਚਾਰ ਕਰੀਏ ਕਿ ਜੋ ਇਸ ਇਕੱਠ ਪ੍ਰਚਾਰਿਆ ਗਿਆ ''ਮੈਂ ਸਾਊਥ ਏਸ਼ੀਅਨ ਨਹੀਂ ਹਾਂ'' ਅਤੇ ''ਸਿੱਖ ਕੈਨੇਡੀਅਨ'' ਜੋ ਅੱਜ ਵੀ ਸਲਾਹਿਆ ਜਾ ਰਿਹਾ ਹੈ ਵਿਰਾਸਤ ਦੇ ਖੇਤਰ ਵਿਚ ਕਿੰਨਾ ਕੁ ਪੂਰਾ ਢੁਕਦਾ ਹੈ।

ਇਸ ਵਿਚ ਕੋਈ ਸ਼ੱਕ ਨਹੀਂ ਕਿ ਸਾਊਥ ਏਸ਼ੀਅਨ ਕਈ ਦੇਸਾਂ ਦੇ ਸਮੂਹਿਕ ਖਿੱਤੇ ਦਾ ਨਾਉਂ ਹੈ ਕਿਸੇ ਇਕੱਲ ਦੁਕੱਲ ਇਨਸਾਨ ਕੋਈ ਇਕੱਲੀ ਕਮਿਉਨਿਟੀ ਦੀ ਵਿਰਾਸਤੀ ਪਹਿਚਾਣ ਨਹੀਂ ਹੈ।ਸਾਊਥ ਏਸ਼ੀਆ ਭਾਵ ਏਸ਼ੀਆ ਮਹਾਂਦੀਪ ਦਾ ਦੱਖਣੀ ਭਾਗ ਜਿਸ ਵਿਚ ਅੱਜਕੱਲ ਬੰਗਲਾ ਦੇਸ, ਭੂਟਾਨ, ਇੰਡੀਆ, ਮਲਡਾਈਵਜ਼, ਨੈਪਾਲ, ਪਾਕਿਸਤਾਨ, ਸ੍ਰੀ ਲੰਕਾ ਅਤੇ ਅਫਗਾਨਿਸਤਾਨ ਦੇਸ ਪਾਏ ਜਾਂਦੇ ਹਨ। ਵੈਸੇ ਏਸ਼ੀਆ ਨੂੰ ਸੈਂਟਰਲ, ਪੂਰਬੀ ਤੇ ਪੱਛਮੀ ਭਾਗਾਂ ਵਿਚ ਵੀ ਵੰਡਿਆ ਜਾਂਦਾ ਹੈ।ਆਪਾਂ ਇਸ ਵੇਲੇ ਗੱਲ ਕਰ ਰਹੇ ਹਾਂ ਸਾਊਥ ਏਸ਼ੀਆ ਭਾਵ ਦੱਖਣੀ ਏਸ਼ੀਆ ਦੀ ! ਜਿਸ ਵਿਚ ਵੱਖੋਵੱਖ ਸਭਿਅਤਾ, ਪਛਾਣ,ਰਹਿਣੀ ਸਹਿਣੀ ਤੇ ਧਰਮ ਆ ਜਾਂਦੇ ਹਨ।ਧਾਰਮਿਕ ਪੱਖੋਂ ਹਿੰਦੂ ਧਰਮ, ਇਸਲਾਮ, ਕ੍ਰਿਸਚੀਐਨਿਟੀ, ਬੁੱਧ ਧਰਮ, ਜੈਨ ਧਰਮ, ਸਿੱਖ ਧਰਮ, ਪਾਰਸੀ ਅਤੇ ਨਾਸਤਿਕਤਾ ਆ ਜਾਂਦੇ ਹਨ।ਸਾਰੀਆਂ ਸਭਿਅਕ ਵਿਰਾਸਤਾਂ ਜਾਂ ਮਾਨਵੀ ਸਖਸ਼ੀਅਤਾਂ ਦੀ ਜੰਮਣ ਭੁਇੰ ਦੇ ਖਿੱਤੇ ਨੂੰ ਕਿਸੇ ਅਨਜਾਣੇ ਖਿੱਤੇ ਨਾਲ ਨਰੜ ਕਰ ਦੇਣਾ ਕਿੰਨੀ ਕੁ ਦਿਆਨਤਦਾਰੀ ਹੈ।ਵੀਹਵੀਂ ਸਦੀ ਦੇ ਸ਼ੁਰੂ ਵਿਚ ਤਕਰੀਬਨ 56 ਦੇਸ ਕਾਮਨਵੈਲਥ ਵਿਚ ਜਾਣੇ ਜਾਂਦੇ ਸਨ। ਕੀ ਕਦੇ ਅੰਦਾਜ਼ਾ ਲਗਾਇਆ ਹੈ ਕਿ ਉਹਨਾਂ ਵਿਚੋਂ ਕਿੰਨਿਆਂ ਕੁ ਦੇ ਅੱਜ ਕੱਲ ਵਿਰਾਸਤੀ ਖੇਤਰ ਸਾਂਝੇ ਮਿਊਜ਼ੀਅਮ ਹਨ? ਪੰਜਾਬੀ ਅਖਾਣ ਹੈ ਕਿ ''ਸਾਂਝੀ ਅੰਮਾ ਤੇ ਰੋਵੇ ਕੌਣ'' ਭਾਵ ਜਿਸ ਨਾਲ ਵਿਰਾਸਤ ਨੁਕਸਾਨ ਹੋ ਜਾਵੇ ਉਸ ਨੂੰ ਹੀ ਪੁਛਿਆ ਜਾਣੀਦਾ ਹੈ ਕਿ ਉਸ ਨੂੰ ਇਸ ਗਲਗੱਡ ਦਾ ਕਿੰਨਾ ਕੁ ਨੁਕਸਾਨ ਹੋਇਆ ਹੈ ਜਾਂ ਹੋਵੇਗਾ?'' ਜਿਸ ਤਨ ਲਾਗੈ ਸੋ ਤਨ ਜਾਨੈ ਕੌਣ ਜਾਣੇ ਪੀੜ ਪਰਾਈ''।

ਉਸੇ ਸਮਾਗਮ ਵਿਚ ਮਿਊਜ਼ੀਅਮ ਸੰਬੰਧੀ ਆਪਣੀ ਪਛਾਣ Sikh Identity ਬਾਰੇ ਇਕ ਮੂਵੀ ਰਾਹੀਂ ਕੁਝਕੁ ਦੇ ਨਿੱਜੀ ਵਿਚਾਰ ਵੀ ਸੁਣਾਏ ਗਏ ਜਿਸ ਵਿਚ ਇਕ ਨੌਜੁਆਨ ਆਖ ਰਿਹਾ ਸੀ ਕਿ ''ਮੈਂ ਇਕ ਪੰਜਾਬੀ ਸਿੱਖ ਹਾਂ ਤੇ ਸਊਥ ਏਸ਼ੀਅਨ ਨਹੀਂ ਹਾਂ "I am a Punjabi Sikh, I am not a South Asian" ਇਸੇ ਹੀ ਤਰ੍ਹਾਂ ਇਕ ਮਸ਼ਹੂਰ ਰੇਡੀਓ ਜਨਰਲਿਸਟ ਆਖ ਰਿਹਾ ਸੀ ਕਿ ਬਹੁਤ ਚਿਰ ਤਕਰੀਬਨ 21 ਵਰ੍ਹੇ ਪਹਿਲਾਂ ਇਹ ਅੱਖਰ ਆਮ ਵਰਤੇ ਜਾਂਦੇ ਸਨ ਤੇ ਮੈਂ ਵੀ ਇਹੋ ਜਿਹਾ ਹੀ ਕਿਹਾ ਕਰਦਾ ਸੀ ਪਰ ਕੁਝ ਨੌਜੁਆਨਾਂ ਦੀ ਕੀਤੀ ਹੋਈ ਮਿਹਨਤ ਤੇ ਖੋਜ ਤੋਂ ਹੁਣ ਇਹ ਵਿਚਾਰ ਮਨ ਵਿਚ ਉਤਪੰਨ ਹੋਇਆ ਹੈ ਕਿ ਸਾਡੇ ਹੀ ਸਊਥ ਏਸ਼ੀਅਨ ਕਿਉਂ ਨੇ? ਜਾਂ ਇੰਡੋ ਕੈਨੇਡੀਅਨ ਸਾਡੀ ਕਮਿਉਨਿਟੀ ਦੇ ਹੀ ਕਿਉਂ ਨੇ? ਇਸੇ ਤਰ੍ਹਾਂ ਇਕ ਬੁਲਾਰਾ ਆਖ ਰਹੀ ਸੀ ਕਿ '' ਮੈਨੂੰ ਆਪਣੇ ਪੰਜਾਬੀ ਤੇ ਸਿੱਖ ਕੈਨੇਡੀਅਨ ਹੋਣ ਤੇ ਬਹੁਤ ਮਾਣ ਹੈ''। ਇਸੇ ਤਰ੍ਹਾਂ ਇਕ ਕਮਿਉਨਿਟੀ ਮੈਂਬਰ ਆਖ ਰਹੀ ਸੀ ਕਿ ਸਾਨੂੰ 1984 ਦਾ ਸਿੱਖ ਕਤਲੇਆਮ ਚੇਤੇ ਹੈ ਤੇ ਮਾਣ ਮੱਤੇ ਕੈਨੇਡੀਅਨ ਤੇ ਬਤੌਰੇ ਸਿੱਖ ਅਸੀਂ ਤੁਹਾਡੇ ਨਾਲ ਆਮੋ ਸਾਹਮਣੇ ਬੈਠ ਕੇ ਕੈਨੇਡਾ ਵਿਚ ਇਹ ਡੀਬੇਟ (Debate) ਕਰਨਾ ਚਾਹੁੰਦੇ ਹਾਂ ਕਿ ''ਸਊਥ ਏਸ਼ੀਅਨ'' ਕਮਿਉਨਿਟੀ ਨੂੰ ਇਕ ਨਸਲੀ ਨਾਂਅ ਵਜੋਂ ਦਿੱਤਾ ਗਿਆ ਹੈ। ਇਸੇ ਤਰ੍ਹਾਂ ਪੰਜ ਛੇ ਨੌਜੁਆਨਾਂ ਦੀ ਇਕ ਟੀਮ ਵਲੋਂ ਦਰਸਾਇਆ ਗਿਆ ਸੀ " I am a sikh Canadian-I am not a South Asian-ਮੈਂ ਦੱਖਣ ਏਸ਼ੀਆਈ ਨਹੀਂ ਹਾਂ''।ਆਓ ਜ਼ਰਾ ਵਿਚਾਰ ਕਰੀਏ ਕਿ ਅਪਣੇ ਆਪ ਨੂੰ ''ਸਿੱਖ ਕੈਨੇਡੀਅਨ Sikh Canadian" ਕਹਾਈ ਜਾਣ ਵਾਲੀ Terminology ਵੀ ਕਿੰਨੀ ਕੁ ਉਚਿੱਤ ਹੈ?

ਆਪਾਂ ਸਭ ਨੂੰ ਪਤਾ ਹੈ ਕਿ ਜੰਮਣ ਭੁਇੰ ਜਾਂ ਜਨਮ ਭੂਮੀ ਨਾਲ ਹਰੇਕ ਇਨਸਾਨ ਦਾ ਡੂੰਘਾ ਸੰਬੰਧ ਹੈ।''ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ'' ਗੁਰਬਾਣੀ ਅਨੁਸਾਰ ਧਰਤੀ ਨੂੰ ਮਾਤਾ ਭਾਵ 'ਮਾਂ' ਦਾ ਦਰਜਾ ਦਿੱਤਾ ਗਿਆ ਹੈ।ਇਸ ਵਿਚ ਵੀ ਕੋਈ ਸ਼ੱਕ ਨਹੀਂ ਹੈ ਕਿ ਏਸ ਲੋਕਾਈ ਤੇ ਵੱਖੋਵੱਖ ਖਿੱਤਿਆਂ ਤੇ ਦੇਸ ਬਣੇ ਹੋਏ ਹਨ ਜਿਸ ਕਰਕੇ ਹਰੇਕ ਇਨਸਾਨ ਨੂੰ ਉਸੇ ਜਨਮ ਭੂਮੀ ਦੇ ਸਪੁੱਤਰ ਹੋਣ ਦੇ ਵਿਰਾਸਤੀ ਮਾਣ ਸਨਮਾਨ ਮਿਲ ਜਾਂਦਾ ਹੈ।ਇਸੇ ਤਰ੍ਹਾਂ ਹੀ ਵੱਖੋ ਵੱਖ ਹਕੂਮਤਾਂ ਵਲੋਂ ਆਪੋ ਆਪਣੇ ਦੇਸ ਦੇਸਾਂਤਰਾਂ ਦੀ ਨਾਗਰਿਕਤਾ ਨਾਲ ਜੋੜ ਕੇ ਸੰਸਾਰ ਭਰ ਵਿਚ ਘੁੰਮਣ, ਫਿਰਨ ਫਰੌਣ ਤੇ ਨਾਲ ਹੀ ਪਰਵਾਸ ਕਰਨ ਲਈ ਦੇਸ ਦੇ ਨਿਯਮਾਂ ਅਨੁਸਾਰ ਅਜਾਜ਼ਤ ਮਿਲ ਜਾਂਦੀ ਹੈ।ਜਨਮ ਭੂਮੀ ਦੇ ਅਧਾਰ ਉੱਤੇ ਉਧਾਰਣ ਵਜੋਂ ਪੰਜਾਬ ਵਿਚ ਜਨਮੇ ਨੂੰ ਪੰਜਾਬੀ, ਬੰਗਾਲ ਵਿਚ ਜਨਮੇ ਨੂੰ ਬੰਗਾਲੀ, ਅਸਾਮੀ ਰਾਜਿਸਥਾਨੀ ਇਤਿ ਆਦਿ ਨਾਵਾਂ ਨਾਲ ਪੁਕਾਰਿਆ ਜਾਂਦਾ ਹੈ।ਧੰਨ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਅਪਣੀ ਲਿਖਤ ਵਿਚ ਫਰਮਾਉਂਦੇ ਹਨ ''ਬੰਗ ਕੇ ਬੰਗਾਲੀ ਫਿਰਹੰਗ ਕੇ ਫਿਰੰਗਾਵਾਲੀ ਦਿਲੀ ਕੇ ਦਿਲਵਾਲੀ ਤੇਰੀ ਆਗਿਆ ਮੈ ਚਲਤ ਹੈਂ'' ਇਸ ਸਮੁੱਚੇ ਸ਼ਬਦ ਵਿਚ ਉਹਨਾਂ ਦੀ ਪਹਿਚਾਣ ਉਨ੍ਹਾਂ ਦੀ ਜਨਮ ਭੂਮੀ ਉੱਤੇ ਹੀ ਨਿਰਭਰ ਕਰਦੀ ਹੈ।ਇਸੇ ਤਰ੍ਹਾਂ ਵੱਖੋਵੱਖ ਟੁਕੜਿਆਂ ਵਾਲੀ ਜਨਮ ਭੂਮੀਆਂ ਵਾਲੀ ਗੌਰਮਿੰਟ ਜਾਂ ਹਕੂਮਤ ਵਲੋਂ ਇਨ੍ਹਾਂ ਦੇ ਸਮੂਹਿਕ ਦੇਸ ਵਲੋਂ ਆਪਣੀ ਨਾਗਕਿਤਾ ਐਲਾਨੀ ਜਾਂਦੀ ਹੈ।ਨਾਗਰਿਕਤਾ ਜਨਮ ਸਿੱਧ ਅਧਿਕਾਰ ਜਾਂ ਕੋਈ ਹੋਰ ਦੇਸ ਵਿਚ ਪਰਵਾਸ ਗ੍ਰਹਿਣ ਤੇ ਨਿਰਭਰ ਕਰਦੀ ਹੈ ਪਰ ਧਰਮ ਦਾ ਖਾਤਾ ਤਾਂ ਜਨਮ ਤੋਂ ਬਾਦ ਹੀ ਖੁਲ੍ਹਦਾ ਹੈ।ਜਨਮ ਸਮੇਂ ਇਨਸਾਨ ਦਾ ਆਪਣਾ ਧਰਮ ਹਰਗਿਜ਼ ਨਹੀਂ ਹੁੰਦਾ ਪਰ ਹਾਂ ਉਹ ਬੱਚਾ ਕਿਸੇ ਇਕ ਧਰਮ ਦੇ ਪਰਿਵਾਰ ਵਿਚ ਜਨਮਿਆ ਜ਼ਰੂਰ ਹੈ ਪਰ ਧਰਮ ਦੀ ਪਹਿਚਾਣ ਵਜੋਂ ਉਹ ਧਾਰਮਿਕ ਸੰਸਕਾਰਾਂ ਨੂੰ ਗ੍ਰਹਿਣ ਕਰ ਲੈਣ ਤੋਂ ਬਾਦ ਹੀ ਜਾਣਿਆ ਜਾਂਦਾ ਹੈ।ਪੰਜਾਬ ਦੇ ਤਿੰਨ ਖਿਤਿਆਂ ਨੂੰ ਮਾਝਾ ਮਾਲਵਾ ਦੁਆਬ ਆਖਿਆ ਜਾਂਦਾ ਹੈ ਅਤੇ ਉਥੋਂ ਦੇ ਵਸਨੀਕਾਂ ਨੂੰ ਮਝੈਲ ਮਲਵਈ ਤੇ ਦੁਆਬੀਆ ਸ਼ਬਦਾਂ ਨਾਲ ਸੰਬੋਧਨ ਕੀਤਾ ਜਾਂਦਾ ਹੈ ਪਰ ਧਰਮ ਦੇ ਅਧਾਰ ਤੇ ਮਝੈਲ ਸਿੱਖ, ਮਲਵਈ ਸਿੱਖ ਤੇ ਦੋਆਬੀਆ ਸਿੱਖ ਸ਼ਬਦ ਵਰਤੇ ਜਾਂਦੇ ਹਨ ਤਾਂ ਫਿਰ ਕੈਨੇਡਾ ਵਾਸੀ ਨੂੰ ''ਕੈਨੇਡੀਅਨ ਸਿੱਖ'' ਕਹਿਣ ਕਹੌਣ ਦੀ ਥਾਂ ''ਸਿੱਖ ਕੈਨੇਡੀਅਨ '' ਕਿਉਂ? ਹੁਣ ਇਹ ਸੁਆਲ ਵੀ ਉਠਦਾ ਹੈ ਕਿ ''ਸਿੱਖ ਕੈਨੇਡੀਅਨ'' ਪਹਿਚਾਣ (Identity) ਕਬੂਲਣੀ ਤੇ ਪ੍ਰਚਾਰਨੀ ਕਿੰਨੀ ਕੁ ਉਚਿੱਤ ਹੈ? ਪਰਚਾਰ ਕਰਤਾ ਪਹਿਚਾਣ ਖੇਤਰ ਵਿਚ ਤਾਂ ਸੁਹਿਰਦ ਹਨ ਪਰ ਇਸ ਬਾਰੇ ਸੰਵਾਦ ਕਰਨ ਦੇ ਹੱਕ ਵਿਚ ਉੱਕਾ ਹੀ ਨਹੀਂ ਹਨ।

ਸੰਨ 1897 ਤੋਂ ਬਾਦ ਕੈਨੇਡਾ ਪਰਵਾਸ ਕਰਨ ਵਾਲਿਆਂ ਨੂੰ ਪੰਜਾਬ ਦੇ ਜੰਮਪਲ ਤੇ ਸਿੱਖ ਧਰਮ ਦੇ ਧਾਰਨੀ ਹੋਣ ਕਰਕੇ ਧਰਮ ਦੇ ਅਧਾਰ ਤੇ ਵਸਨੀਕਾਂ ਨੂੰ ਸਿੱਖ ਤਾਂ ਆਖਿਆ ਜਾ ਸਕਦਾ ਸੀ ਪਰ ਸਿਟੀਜ਼ਨ ਪੱਖੋਂ ਕੈਨੇਡੀਅਨ ਕਹਿਲਾਉਣ ਦਾ ਹੱਕ ਹਾਸਲ ਨਹੀਂ ਸੀ।ਉਸ ਸਮੇਂ ਦੇ 1910 ਦੇ ਨੇੜੇ ਤੇੜੇ ਕੈਨੇਡਾ ਮੁਲਕ ਵਿਚਲੀ ਬਰਤਾਨਵੀ ਸਰਕਾਰ ਦੇ ਕਾਨੂੰਨ ਅਨੁਸਾਰ ਬ੍ਰਿਟਿਸ਼ ਸਬਜੈਕਟ ਛੇ ਮਹੀਨੇ ਕੈਨੇਡਾ ਵਿਚ ਰਹਿਣ ਬਾਦ ਕੈਨੇਡੀਅਨ ਨਾਗਰਿਕ ਬਣ ਸਕਦਾ ਸੀ। ਇਸ ਵਿਚ ਵੀ ਕੋਈ ਸ਼ੱਕ ਨਹੀਂ ਕਿ ਇਹਨਾਂ ਪੰਜਾਬੀਆਂ ਨੇ ਸਿੱਖ ਸੰਸਥਾ ਖਾਲਸਾ ਦੀਵਾਨ ਸੁਸਾਇਟੀ ਦੀ ਰਹਿਨੁਮਾਈ ਹੇਠ ਕੈਨੇਡੀਅਨ ਨਾਗਰਿਕਤਾ ਦੀ ਪ੍ਰਾਪਤੀ ਲਈ ਸਰਕਾਰ ਦੀਆਂ ਨਸਲੀ ਪੱਖਪਾਤੀ ਨੀਤੀਆਂ ਵਿਰੁੱਧ ਵਰ੍ਹਿਆਂ ਬੱਧੀ ਸੰਘਰਸ਼ ਲੜਿਆ ਤੇ Canadian Citizenship act, 1946 ਦਾ ਕਾਨੂੰਨ 1 ਜਨਵਰੀ 1947 ਨੂੰ ਬਰਤਾਨਵੀ ਬਸਤੀਆਂ ਵਿਚੋਂ ਕੈਨੇਡਾ ਆ ਕੇ ਕੈਨੇਡਾ ਦੀ ਨਾਗਕਿਤਾ ਲੈਣ ਲਈ ਹੋਂਦ ਵਿਚ ਆਇਆ ਤੇ 2 ਅਪ੍ਰੈਲ 1947 ਨੂੰ ਵੋਟ ਪਾਉਣ ਵਿਚ ਸਫਲਤਾ ਪ੍ਰਾਪਤ ਕੀਤੀ।ਘੋਖ ਪੜਤਾਲ ਕਰਨ ਤੋਂ ਪਤਾ ਚੱਲਦਾ ਹੈ ਕਿ ਏਸ਼ੀਆ ਮਹਾਂਦੀਪ ਵਿਚਾਲੇ ਵੱਡੀ ਗਿਣਤੀ ਵਿਚ ਬਰਤਾਨਵੀ ਕੰਟਰੋਲ ਵਾਲੀਆਂ ਬਸਤੀਆਂ ਹੀ ਸਨ ਤੇ ਕੈਨੇਡਾ ਵੀ ਉਸੇ ਬਰਤਾਨਵੀ ਬਸਤੀ ਦਾ ਹਿੱਸਾ ਸੀ ਅਤੇ ਏਸ਼ੀਆ ਵਿਚੋਂ ਉਨੀਵੀਂ ਸਦੀ ਦੇ ਸ਼ੁਰੂ 'ਚ ਕੈਨੇਡਾ ਵਿਚ ਪ੍ਰਵਾਸ ਕਰਨ ਵਾਲਿਆਂ ਨੂੰ ''ਸਾਊਥ ਏਸ਼ੀਅਨ'' ਨਾਮ ਕੈਨੇਡਾ ਦੀਆਂ ਸਰਕਾਰਾਂ ਦੇ ਨਸਲੀ ਨੀਤੀਧਾਰਾਂ ਨੇ ਹੀ ਦਿੱਤਾ ਸੀ ਜੋ ਅੱਜ ਤੀਕ ਸਰਕਾਰੀ ਤੇ ਵਿਦਿਅਕ ਅਦਾਰਿਆਂ ਅਤੇ ਕਮਿਉਨਿਟੀ ਦੇ ਰਹਿਨੁਮਾਵਾਂ ਵਿਚ ਮੱਕੜਜਾਲ ਦੀ ਤਰ੍ਹਾਂ ਘਰ ਕਰ ਚੁਕਿਆ ਹੈ।ਇਸੇ ਤਰ੍ਹਾਂ ਹੁਣ ਸੁਆਲ ਆਉਂਦਾ ਹੈ ਸਿੱਖ ਕੈਨੇਡੀਅਨ ਅਤੇ ਕੈਨੇਡੀਅਨ ਸਿੱਖ ਦੀ ਪਰਿਭਾਸ਼ਾ (Idology) ਦਾ! ਜੇਕਰ ਉਸ ਵੇਲੇ ਭਾਵ ਉਨੀਵੀਂ ਸਦੀ ਦੇ ਸ਼ੁਰੂ ਵਿਚ ਸਰਕਾਰ ਪਰਵਾਸੀਆਂ ਨੂੰ ਬਰਿਟਿਸ਼ ਸਬਜੈਕਟ ਨਾਲ ਸੰਬੋਧਨ ਕਰਦੀ ਤਾਂ ਕੈਨੇਡਾ ਸਰਕਾਰ ਵਲੋਂ ਉਹਨਾਂ ਪਰਵਾਸੀਆਂ ਨੂੰ ਨਾਗਰਿਕਾਂ ਵਾਲੇ ਸਾਰੇ ਅਧਿਕਾਰ ਦੇਣੇ ਪੈ ਸਕਦੇ ਸਨ।ਇਸ ਲਈ ਸਰਕਾਰ ਵਲੋਂ ਧਰਮ ਦੇ ਆਧਾਰ ਤੇ ''ਸਿੱਖ ਕੈਨੇਡੀਅਨ'' ਪਰਚਾਰਨਾ ਸ਼ੁਰੂ ਕਰ ਦਿੱਤਾ ਪਰ ਕਿਸੇ ਹੋਰ ਕਮਿਉਨਿਟੀ ਨੂੰ ਧਰਮ ਦੇ ਆਧਾਰ ਤੇ ''ਕ੍ਰਿਸਚੀਅਨ ਕੈਨੇਡੀਅਨ'' ''ਜੀਊਜ਼ ਕੈਨੇਡੀਅਨ'' ਆਦਿਕ ਉਦਾਹਰਨ ਕਿਤੇ ਵੀ ਨਹੀਂ ਮਿਲਦੀ।ਧਰਮ ਦੇ ਅਧਾਰ ਤੇ ਇਹ ਕਿ ਪਾੜ ਪਾਊ ਫਿਰਕੂ ਨੀਤੀ ਸੀ ਅਤੇ ਹੈ ਜੋ ਕੈਨੇਡੀਅਨ ਨਾਗਰਿਕਾਂ ਵਿਚ ਧਰਮ ਦੀਆਂ ਵੰਡੀਆਂ ਵਿਚ ਅੱਜ ਵੀ ਬੰਨ੍ਹ ਦਿੰਦੀ ਹੈ।ਦੂਜੇ ਸਾਡੀਆਂ ਆਉਣ ਵਾਲੀਆਂ ਪੀਹੜੀਆਂ ਵਾਸਤੇ ਵੀ ਦੁਬਿਧਾ ਦਾ ਕਾਰਨ ਬਣਦੀ ਹੈ।ਕੈਨੇਡਾ ਵਿਚ ਜਨਮ ਲੈਣ ਵਾਲਾ ਬੱਚਾ ਆਪਣੇ ਆਪ ਨੂੰ ਕੈਨੇਡਾ ਵਿਚ ਵਸ ਰਹੀਆਂ ਕਮਿਉਨਿਟੀਆਂ ਵਾਂਗ ਕੀ ਆਪਣੇ ਆਪ ਨੂੰ ਕੈਨੇਡੀਅਨ ਸਿੱਖ ਕਹਾ ਸਕੇਗਾ?ਜਨਮ ਭੂਮੀ ਵਿਚ ਜਨਮ ਲੈ ਕੇ ਉਸੇ ਧਰਤਿ ਦਾ ਵਫਾਦਾਰ ਪੁੱਤਰ ਕਹਾਉਣ ਦਾ ਸਾਡਾ ਮੌਲਿਕ ਅਧਿਕਾਰ ਹੈ ਜਿਸ ਨੂੰ ਬਸਤੀਵਾਦੀ ਨੀਤੀਆਂ ਤੇ ਸਾਡੇ ਕੁਝਕੁ ਅਗਾਂਹ ਵਧੂ/ਕੱਟੜ/ਅਖੌਤੀ ਰਾਹ ਦਿਸੇਰਿਆਂ ਨੇ ਗ੍ਰਿਹਿਣਿਆ ਹੋਇਆ ਹੈ। ਕੀ ਇਹ ਸਿੱਖ ਆਗੂ ਸੋਚ ਵਿਚਾਰ ਕੇ ਦੱਸਣਗੇ ਕਿ ਧਰਮ ਵਿਚੋਂ ਨਾਗਰਿਕਤਾ citizenship ਨਹੀਂ ਨਿਕਲਦੀ ਪਰ ਸਿਟੀਜ਼ਨ ਦੀ ਬੁੱਕਲ ਵਿਚ ਸਾਰੇ ਧਰਮ ਸਮੇਤ ਨਾਸਤਿਕ ਸਮਾਏ ਹੋਏ ਹੁੰਦੇ ਹਨ।

ਸੱਚ ਜਾਣੋ ਤਾਂ ਕੈਨੇਡੀਅਨ ਨਾਗਰਿਕਤਾ ਦੀ ਪ੍ਰੀਭਾਸ਼ਾ ਵਿਚ ਸਿੱਖ ਕੈਨੇਡੀਅਨ ਨਾਉਂ ਦੀ ਕੋਈ ਮੱਦ/ਧਾਰਾ Category ਨਹੀਂ ਹੈ। ਇਹ ਵੀ ਇੰਡੋ-ਕੈਨੇਡੀਅਨ ਕਹੀ ਜਾਣ ਵਾਲੀ ਜਾਂ ਕਹਾਈ ਜਾਣ ਵਾਲੀ ਨਾਗਰਿਕਤਾ ਵਾਂਗੂੰ ਖੋਖਲੀ ਹੀ ਹੈ।ਨਾ ਤਾਂ ਸਿੱਖ ਕੈਨੇਡੀਅਨ ਨਾਮ ਦਾ ਕੋਈ ਦੇਸ ਹੈ ਤੇ ਨਾ ਹੀ ਇੰਡੋ ਕੈਨੇਡੀਅਨ ਨਾਮ ਦਾ ਕੋਈ ਦੇਸ ਹੈ ਜਿਥੇ ਕਿਸੇ ਦਾ ਜੰਮਪਲ ਹੋਇਆਂ ਹੋਵੇ?ਅਸੀਂ ਆਪ ਮੁਹਾਰੇ ਹੀ ਅਣਜਾਣੇ ਵਿਚ ਨਾਗਰਿਕਤਾ ਦੀ ਇੱਕੋ ਬੇੜੀ ਵਿਚ ਅਸਵਾਰ ਹੋ ਕੇ ਜਾਂ ਹੋ ਜਾਣ ਲਈ ਆਪਣੇ ਨਿਸ਼ਾਨੇ ਤੇ ਸਹੀ ਸਲਾਮਤ ਪਹੁੰਚ ਜਾਣ ਦੀ ਝੂਠੀ ਆਸ ਲਗਾਈ ਬੈਠੈ ਹਾਂ।ਦੋ ਬੇੜੀਆਂ ਦੇ ਸੁਆਰ ਦਾ ਹਸ਼ਰ ਜੇ ਸਾਨੂੰ ਮਾਲੂਮ ਹੈ ਤਾਂ ਜਾਣਦੇ ਹੋਏ ਵੀ ਕਿਉਂ ਇਸ ਨੂੰ ਅਪਣਾਉਂਦੇ ਹਾਂ?ਅਜੇ ਥੋੜਾ ਚਿਰ ਪਹਿਲਾਂ ਵਪਾਰਕ ਅਦਾਰਿਆਂ ਫਿਰੌਤੀਆਂ ਤੇ ਗੋਲੀਆਂ ਚੱਲਣ ਦੇ ਸੰਬੰਧ ਵਿਚ ਉਚ ਪੱਧਰੀ ਬੈਠਕਾਂ ਹੋ ਕੇ ਹਟੀਆਂ ਹਨ ਜਿਸ ਵਿਚ ਇਹ ਸੁਆਲ ਆਮ

• ਬਾਕੀ ਸਫ਼ਾ 16 'ਤੇ

# ਬੀ.ਸੀ. 'ਚ ਨਸ਼ਿਆਂ ਦਾ ਕਹਿਰ: ਜਾਨਵਰਾਂ ਨੂੰ ਬੇਹੋਸ਼ ਕਰਨ ਵਾਲੀ ਦਵਾਈ 'ਮੇਡੇਟੋਮੀਡੀਨ' ਦੀ ਮਿਲਾਵਟ ਨੇ ਵਧਾਇਆ ਖਤਰਾ, ਸੂਬਾ ਪੱਧਰੀ ਅਲਰਟ ਜਾਰੀ

ਸਫ਼ਾ 1 ਦਾ ਬਾਕੀ

ਮੌਤਾਂ ਦੇ ਖ਼ਤਰੇ ਨੂੰ ਵੇਖਦੇ ਹੋਏ ਜਾਰੀ ਕੀਤਾ ਗਿਆ ਹੈ। ਮਾਹਿਰਾਂ ਅਨੁਸਾਰ, ਮੌਜੂਦਾ ਸਮੇਂ ਬਾਜ਼ਾਰ ਵਿੱਚ ਮੌਜੂਦ ਨਸ਼ਿਆਂ ਵਿੱਚ ਅਜਿਹੇ ਘਾਤਕ ਤੱਤ ਮਿਲੇ ਹਨ ਜੋ ਉਪਭੋਗਤਾਵਾਂ ਲਈ ਜਾਨਲੇਵਾ ਸਾਬਤ ਹੋ ਰਹੇ ਹਨ। ਸਿਹਤ ਵਿਭਾਗ ਦੇ ਅੰਕੜਿਆਂ ਮੁਤਾਬਕ, ਪਿਛਲੇ ਕੁਝ ਦਿਨਾਂ ਵਿੱਚ ਓਵਰਡੋਜ਼ ਦੇ ਮਾਮਲਿਆਂ ਵਿੱਚ ਅਚਾਨਕ ਵੱਡਾ ਉਛਾਲ ਦੇਖਿਆ ਗਿਆ ਹੈ। ਇਹ ਚੇਤਾਵਨੀ ਸਿਰਫ਼ ਕਿਸੇ ਇੱਕ ਸ਼ਹਿਰ ਜਾਂ ਖੇਤਰ ਤੱਕ ਸੀਮਤ ਨਹੀਂ ਹੈ, ਸਗੋਂ ਪੂਰੇ ਬੀ.ਸੀ. ਵਿੱਚ ਲਾਗੂ ਕੀਤੀ ਗਈ ਹੈ, ਜੋ ਕਿ ਆਪਣੇ ਆਪ ਵਿੱਚ ਇੱਕ ਗੰਭੀਰ ਸੰਕੇਤ ਹੈ।

ਜਾਂਚ ਵਿੱਚ ਸਾਹਮਣੇ ਆਇਆ ਹੈ ਕਿ ਨਸ਼ੀਲੇ ਪਦਾਰਥਾਂ ਵਿੱਚ ਫੈਂਟਾਨਿਲ ਦੇ ਨਾਲ-ਨਾਲ ਹੋਰ ਕਈ ਅਣਪਛਾਤੇ ਅਤੇ ਸ਼ਕਤੀਸ਼ਾਲੀ ਸੈਡੇਟਿਵ (ਸ਼ਾਂਤ ਕਰਨ ਵਾਲੀਆਂ ਦਵਾਈਆਂ) ਮਿਲਾਏ ਜਾ ਰਹੇ ਹਨ, ਜਿਨ੍ਹਾਂ ਦਾ ਅਸਰ ਨਲੋਕਸੋਨ (Naloxone) ਵਰਗੀਆਂ ਜੀਵਨ-ਰੱਖਿਅਕ ਦਵਾਈਆਂ ਨਾਲ ਵੀ ਜਲਦੀ ਖ਼ਤਮ ਨਹੀਂ ਹੁੰਦਾ।

ਸਥਾਨਕ ਪ੍ਰਸ਼ਾਸਨ ਅਤੇ ਸਿਹਤ ਕਰਮਚਾਰੀਆਂ ਨੇ ਨਸ਼ਾ ਕਰਨ ਵਾਲੇ ਵਿਅਕਤੀਆਂ ਅਤੇ ਉਨ੍ਹਾਂ ਦੇ ਪਰਿਵਾਰਾਂ ਨੂੰ ਸੁਚੇਤ ਰਹਿਣ ਲਈ ਕਿਹਾ ਹੈ। ਲੋਕਾਂ ਨੂੰ ਸਲਾਹ ਦਿੱਤੀ ਗਈ ਹੈ ਕਿ ਉਹ ਇਕੱਲੇ ਨਸ਼ਾ ਨਾ ਕਰਨ ਅਤੇ ਆਪਣੇ ਕੋਲ ਹਮੇਸ਼ਾ ਨਲੋਕਸੋਨ ਕਿੱਟ ਰੱਖਣ। ਇਸ ਤੋਂ ਇਲਾਵਾ, ਨਸ਼ਿਆਂ ਦੀ ਜਾਂਚ ਕਰਵਾਉਣ ਵਾਲੀਆਂ ਸੇਵਾਵਾਂ (Drug Checking Services) ਦੀ ਵਰਤੋਂ ਕਰਨ 'ਤੇ ਵੀ ਜ਼ੋਰ ਦਿੱਤਾ ਗਿਆ ਹੈ। ਸਰਕਾਰ ਨੇ ਇਹ ਵੀ ਸਪੱਸ਼ਟ ਕੀਤਾ ਹੈ ਕਿ ਸੂਬੇ ਦੀ ਸਿਹਤ ਪ੍ਰਣਾਲੀ ਇਸ ਸੰਕਟ ਨਾਲ ਨਜਿੱਠਣ ਲਈ ਹਾਈ ਅਲਰਟ 'ਤੇ ਹੈ। ਪੁਲਿਸ ਅਤੇ ਐਮਰਜੈਂਸੀ ਸੇਵਾਵਾਂ ਨੂੰ ਹਦਾਇਤ ਕੀਤੀ ਗਈ ਹੈ ਕਿ ਉਹ ਪ੍ਰਭਾਵਿਤ ਇਲਾਕਿਆਂ ਵਿੱਚ ਤੁਰੰਤ ਸਹਾਇਤਾ ਯਕੀਨੀ ਬਣਾਉਣ। ਇਹ ਸੂਬਾ ਪੱਧਰੀ ਚੇਤਾਵਨੀ ਉਸ ਸਮੇਂ ਆਈ ਹੈ ਜਦੋਂ ਬੀ.ਸੀ. ਪਹਿਲਾਂ ਹੀ ਲੰਬੇ ਸਮੇਂ ਤੋਂ ਨਸ਼ਿਆਂ ਦੀ ਓਵਰਡੋਜ਼ ਕਾਰਨ




ਪੈਦਾ ਹੋਈ ਜਨਤਕ ਸਿਹਤ ਐਮਰਜੈਂਸੀ ਨਾਲ ਜੂਝ ਰਿਹਾ ਹੈ।

BCCDC ਮੁਤਾਬਕ, ਬਜ਼ਾਰ ਵਿੱਚ 'ਮੇਡੇਟੋਮੀਡੀਨ' (Medetomidine) ਨਾਮਕ ਇੱਕ ਦਵਾਈ ਫੈਲ ਰਹੀ ਹੈ, ਜੋ ਆਮ ਤੌਰ 'ਤੇ ਜਾਨਵਰਾਂ ਦੇ ਇਲਾਜ ਲਈ ਵਰਤੀ ਜਾਂਦੀ ਹੈ, ਪਰ ਹੁਣ ਇਹ ਇਨਸਾਨਾਂ ਲਈ ਜਾਨਲੇਵਾ ਸਾਬਤ ਹੋ ਰਹੀ ਹੈ।

ਮੇਡੇਟੋਮੀਡੀਨ ਇੱਕ ਬਹੁਤ ਹੀ ਸ਼ਕਤੀਸ਼ਾਲੀ ਸੈਡੇਟਿਵ (Sedative) ਹੈ, ਜਿਸਦੀ ਵਰਤੋਂ ਪਸ਼ੂਆਂ ਦੇ ਡਾਕਟਰ ਜਾਨਵਰਾਂ ਨੂੰ ਬੇਹੋਸ਼ ਕਰਨ ਜਾਂ ਸੁਲਾਉਣ ਲਈ ਕਰਦੇ ਹਨ। ਚਿੰਤਾ ਦੀ ਗੱਲ ਇਹ ਹੈ ਕਿ ਇਸ ਦਵਾਈ ਨੂੰ ਹੁਣ ਫੈਂਟਾਨਿਲ (Fentanyl) ਵਰਗੇ ਓਪੀਔਡਜ਼ ਨਾਲ ਮਿਲਾਇਆ ਜਾ ਰਿਹਾ ਹੈ। ਬੀ.ਸੀ. ਸੈਂਟਰ ਆਨ ਸਬਸਟੈਂਸ ਯੂਜ਼ (BC Centre on Substance Use) ਦੁਆਰਾ ਕੀਤੀ ਗਈ ਜਾਂਚ ਵਿੱਚ ਸਾਹਮਣੇ ਆਇਆ ਹੈ ਕਿ ਟੈਸਟ ਕੀਤੇ ਗਏ 38 ਫੀਸਦੀ ਓਪੀਔਡ ਸੈਂਪਲਾਂ ਵਿੱਚ ਮੇਡੇਟੋਮੀਡੀਨ ਦੀ ਮੌਜੂਦਗੀ ਪਾਈ ਗਈ ਹੈ। ਇਹ ਦਵਾਈ ਇਨਸਾਨਾਂ ਵਿੱਚ ਦਿਲ ਦੀ ਧੜਕਣ ਨੂੰ ਬਹੁਤ ਹੌਲੀ (Bradycardia) ਕਰ ਸਕਦੀ ਹੈ, ਬਲੱਡ ਪ੍ਰੈਸ਼ਰ ਬਦਲ ਸਕਦੀ ਹੈ ਅਤੇ ਵਿਅਕਤੀ ਨੂੰ ਲੰਬੇ ਸਮੇਂ ਲਈ ਬੇਹੋਸ਼ੀ ਦੀ ਹਾਲਤ ਵਿੱਚ ਭੇਜ ਸਕਦੀ ਹੈ।

ਓਵਰਡੋਜ਼ ਅਤੇ ਲੱਛਣ ਸਿਹਤ ਮਾਹਿਰਾਂ ਨੇ ਚੇਤਾਵਨੀ ਦਿੱਤੀ ਹੈ ਕਿ ਜਦੋਂ ਇਸ ਦਵਾਈ ਨੂੰ ਹੋਰ ਨਸ਼ਿਆਂ ਨਾਲ ਮਿਲਾਇਆ ਜਾਂਦਾ ਹੈ, ਤਾਂ ਓਵਰਡੋਜ਼ ਦਾ ਖਤਰਾ ਕਈ ਗੁਣਾ ਵਧ ਜਾਂਦਾ ਹੈ। ਇਸਦੇ ਪ੍ਰਭਾਵ ਕਾਰਨ ਵਿਅਕਤੀ ਬਹੁਤ ਜ਼ਿਆਦਾ ਸੁਸਤ ਹੋ ਸਕਦਾ ਹੈ ਜਾਂ ਚੇਤਨਾ ਗੁਆ ਸਕਦਾ ਹੈ। ਅਜਿਹੀ ਹਾਲਤ ਵਿੱਚ ਪੀੜਤ ਵਿਅਕਤੀ ਲੰਬੇ ਸਮੇਂ ਤੱਕ ਨਹੀਂ ਜਾਗਦਾ, ਜਿਸ ਕਾਰਨ ਉਸਦਾ ਸਾਹ ਘੁੱਟ ਸਕਦਾ ਹੈ ਅਤੇ ਦਿਲ ਦੀ ਗਤੀ ਖਤਰਨਾਕ ਪੱਧਰ ਤੱਕ ਡਿੱਗ ਸਕਦੀ ਹੈ।

ਇਸ ਤੋਂ ਇਲਾਵਾ, ਜੇਕਰ ਕੋਈ ਵਿਅਕਤੀ ਇਸ ਦਵਾਈ ਦਾ ਆਦੀ ਹੋ ਜਾਂਦਾ ਹੈ, ਤਾਂ ਇਸਨੂੰ ਛੱਡਣ (Withdrawal) ਵੇਲੇ ਵੀ ਗੰਭੀਰ ਲੱਛਣ ਸਾਹਮਣੇ ਆ ਸਕਦੇ ਹਨ। ਇਨ੍ਹਾਂ ਵਿੱਚ ਉਲਟੀਆਂ ਆਉਣਾ, ਛਾਤੀ ਵਿੱਚ ਦਰਦ, ਦਿਲ ਦੀ ਤੇਜ਼ ਧੜਕਣ, ਬੇਚੈਨੀ ਅਤੇ ਸਖ਼ਤ ਸਿਰ ਦਰਦ ਸ਼ਾਮਲ ਹਨ।

ਮੌਤਾਂ ਦੇ ਅੰਕੜੇ ਅਤੇ ਚਿੰਤਾ ਹਾਲਾਂਕਿ ਬੀ.ਸੀ. ਕੋਰੋਨਰਜ਼ ਸਰਵਿਸ (Coroners Service) ਦੇ ਅੰਕੜੇ ਦੱਸਦੇ ਹਨ ਕਿ ਫਿਲਹਾਲ ਓਵਰਡੋਜ਼ ਨਾਲ ਹੋਣ ਵਾਲੀਆਂ ਮੌਤਾਂ ਵਿੱਚ ਕੋਈ ਵੱਡਾ ਵਾਧਾ ਨਹੀਂ ਹੋਇਆ ਹੈ, ਪਰ ਸਿਹਤ ਅਧਿਕਾਰੀਆਂ ਦਾ ਕਹਿਣਾ ਹੈ ਕਿ ਗੈਰ-ਘਾਤਕ ਜ਼ਹਿਰੀਲੇਪਣ (Non-fatal poisonings) ਦੇ ਵਧਦੇ ਮਾਮਲੇ ਬੇਹੱਦ ਚਿੰਤਾਜਨਕ ਹਨ। ਇਹ ਦਰਸਾਉਂਦਾ ਹੈ ਕਿ ਸਪਲਾਈ ਵਿੱਚ ਮਿਲਾਵਟ ਵਧ ਰਹੀ ਹੈ ਅਤੇ ਇਹ ਕਿਸੇ ਵੀ ਸਮੇਂ ਜਾਨਲੇਵਾ ਰੂਪ ਧਾਰਨ ਕਰ ਸਕਦੀ ਹੈ।

ਸਿਹਤ ਵਿਭਾਗ ਨੇ ਸਪੱਸ਼ਟ ਕੀਤਾ ਹੈ ਕਿ ਸਭ ਤੋਂ ਸੁਰੱਖਿਅਤ ਵਿਕਲਪ ਇਹੀ ਹੈ ਕਿ ਅਨਿਯੰਤ੍ਰਿਤ ਓਪੀਔਡਜ਼ ਤੋਂ ਬਚਿਆ ਜਾਵੇ। ਲੋਕਾਂ ਨੂੰ ਸਲਾਹ ਦਿੱਤੀ ਗਈ ਹੈ ਕਿ ਉਹ ਓਪੀਔਡ ਐਗੋਨਿਸਟ ਥੈਰੇਪੀ (Opioid Agonist Therapy) ਬਾਰੇ ਆਪਣੇ ਡਾਕਟਰ ਨਾਲ ਗੱਲ ਕਰਨ। This report was written by Ekjot Singh as part of the Local Journalism Initiative.

ਸਫ਼ਾ 1 ਦਾ ਬਾਕੀ

## ਸ਼੍ਰੀ ਗੁਰੂ ਰਵਿਦਾਸ ਸਭਾ ਵੈਨਕੂਵਰ...

ਸ਼੍ਰੀ ਅਖੰਡ ਪਾਠ ਸਾਹਿਬ ਦਾ ਆਰੰਭ ਸ਼ੁੱਕਰਵਾਰ, 30 ਜਨਵਰੀ 2026 ਨੂੰ ਸਵੇਰੇ 9:30 ਵਜੇ ਕੀਤਾ ਜਾਵੇਗਾ. ਸਮਾਗਮਾਂ ਦੀ ਲੜੀ ਵਿੱਚ ਅਗਲੇ ਦਿਨ ਸ਼ਨੀਵਾਰ, 31 ਜਨਵਰੀ 2026 ਨੂੰ ਸਵੇਰੇ 11:00 ਵਜੇ ਨਿਸ਼ਾਨ ਸਾਹਿਬ ਦੇ ਚੋਲਾ ਸਾਹਿਬ ਦੀ ਸੇਵਾ ਬੜੇ ਸਤਿਕਾਰ ਨਾਲ ਨਿਭਾਈ ਜਾਵੇਗੀ। ਪ੍ਰਕਾਸ਼ ਪੁਰਬ ਦੇ ਮੁੱਖ ਸਮਾਗਮ ਐਤਵਾਰ, 1 ਫਰਵਰੀ 2026 ਨੂੰ ਹੋਣਗੇ। ਇਸ ਦਿਨ ਸਵੇਰੇ 9:30 ਵਜੇ ਸ਼੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਜਾਣਗੇ। ਭੋਗ ਉਪਰੰਤ ਵਿਸ਼ੇਸ਼ ਦੀਵਾਨ ਸਜਾਏ ਜਾਣਗੇ, ਜਿਸ ਵਿੱਚ ਵੱਖ-ਵੱਖ ਰਾਗੀ ਜਥਿਆਂ ਅਤੇ ਢਾਡੀ ਜਥਿਆਂ ਵੱਲੋਂ ਸੰਗਤਾਂ ਨੂੰ ਗੁਰਬਾਣੀ ਕੀਰਤਨ ਅਤੇ ਗੁਰੂ ਇਤਿਹਾਸ ਸਰਵਣ ਕਰਵਾਇਆ ਜਾਵੇਗਾ. ਪ੍ਰਬੰਧਕਾਂ ਨੇ ਜਾਣਕਾਰੀ ਦਿੱਤੀ ਹੈ ਕਿ ਸਮਾਗਮਾਂ ਦੌਰਾਨ ਤਿੰਨੇ ਦਿਨ ਗੁਰੂ ਦਾ ਲੰਗਰ ਅਤੁੱਟ ਵਰਤੇਗਾ। ਸਭਾ ਵੱਲੋਂ ਸਮੂਹ ਸਾਧ ਸੰਗਤ ਨੂੰ ਨਿਮਰਤਾ ਸਹਿਤ ਬੇਨਤੀ ਕੀਤੀ ਗਈ ਹੈ ਕਿ ਉਹ ਪਰਿਵਾਰਾਂ ਸਮੇਤ ਤਿੰਨੇ ਦਿਨ ਗੁਰਦੁਆਰਾ ਸਾਹਿਬ ਵਿਖੇ ਹਾਜ਼ਰੀ ਭਰਨ, ਨਤਮਸਤਕ ਹੋਣ ਅਤੇ ਗੁਰਬਾਣੀ ਦਾ ਸਰਵਣ ਕਰਕੇ ਲਾਹਾ ਪ੍ਰਾਪਤ ਕਰਨ। ਇਸ ਸਮਾਗਮ ਸਬੰਧੀ ਵਧੇਰੇ ਜਾਣਕਾਰੀ ਲਈ ਸਭਾ ਦੇ ਪ੍ਰਧਾਨ ਹਰਜੀਤ ਕੁਮਾਰ ਸੋਹਪਾਲ (778-668-2653), ਜਨਰਲ ਸਕੱਤਰ ਅਮਰਜੀਤ ਸਿੰਘ ਲੇਹਿਲ (604-307-6174) ਅਤੇ ਖਜ਼ਾਨਚੀ ਰਾਜੇਸ਼ ਕੁਮਾਰ ਤੂਰਾ (604-671-3853) ਨਾਲ ਸੰਪਰਕ ਕੀਤਾ ਜਾ ਸਕਦਾ ਹੈ।

# ਯੂਰਪ 'ਚ ਖਸਰੇ ਦਾ ਕਹਿਰ: ਬ੍ਰਿਟੇਨ ਸਮੇਤ ਕਈ ਦੇਸ਼ਾਂ ਨੇ ਗਵਾਇਆ 'ਖਸਰਾ-ਮੁਕਤ' ਹੋਣ ਦਾ ਦਰਜਾ

ਲੰਡਨ : ਯੂਰਪੀ ਦੇਸ਼ਾਂ ਵਿੱਚ ਖਸਰੇ (Measles) ਦੇ ਵਧਦੇ ਮਾਮਲਿਆਂ ਨੇ ਵਿਸ਼ਵ ਪੱਧਰ 'ਤੇ ਸਿਹਤ ਅਧਿਕਾਰੀਆਂ ਦੀ ਚਿੰਤਾ ਵਧਾ ਦਿੱਤੀ ਹੈ। ਵਿਸ਼ਵ ਸਿਹਤ ਸੰਗਠਨ (WHO) ਨੇ ਸੋਮਵਾਰ ਨੂੰ ਇੱਕ ਅਹਿਮ ਐਲਾਨ ਕਰਦਿਆਂ ਦੱਸਿਆ ਕਿ ਬ੍ਰਿਟੇਨ ਸਮੇਤ ਕਈ ਹੋਰ ਯੂਰਪੀ ਦੇਸ਼ਾਂ ਨੇ ਆਪਣਾ "ਖਸਰਾ-ਮੁਕਤ" (Measles Elimination Status) ਹੋਣ ਦਾ ਦਰਜਾ ਗਵਾ ਦਿੱਤਾ ਹੈ। ਇਹ ਕਦਮ ਮਹਾਂਦੀਪ ਭਰ ਵਿੱਚ ਇਨਫੈਕਸ਼ਨ ਦੇ ਮਾਮਲਿਆਂ ਵਿੱਚ ਆਏ ਅਚਾਨਕ ਉਛਾਲ ਤੋਂ ਬਾਅਦ ਚੁੱਕਿਆ ਗਿਆ ਹੈ। ਸਿਹਤ ਮਾਹਿਰਾਂ ਦਾ ਮੰਨਣਾ ਹੈ ਕਿ ਕੋਵਿਡ-19 ਮਹਾਂਮਾਰੀ ਤੋਂ ਬਾਅਦ ਟੀਕਾਕਰਨ ਦਰਾਂ ਵਿੱਚ ਆਈ ਗਿਰਾਵਟ ਇਸ ਦਾ ਮੁੱਖ ਕਾਰਨ ਹੈ। WHO ਦੀ ਰਿਪੋਰਟ ਮੁਤਾਬਕ, ਬ੍ਰਿਟੇਨ ਤੋਂ ਇਲਾਵਾ ਸਪੇਨ, ਆਸਟਰੀਆ, ਅਰਮੇਨੀਆ, ਅਜ਼ਰਬਾਈਜਾਨ ਅਤੇ ਉਜ਼ਬੇਕਿਸਤਾਨ ਵੀ ਉਨ੍ਹਾਂ ਦੇਸ਼ਾਂ ਦੀ ਸੂਚੀ ਵਿੱਚ ਸ਼ਾਮਲ ਹੋ ਗਏ ਹਨ ਜਿਨ੍ਹਾਂ ਤੋਂ ਇਹ ਵਿਸ਼ੇਸ਼ ਦਰਜਾ ਵਾਪਸ ਲੈ ਲਿਆ ਗਿਆ ਹੈ। ਸੰਗਠਨ ਨੇ ਇਨ੍ਹਾਂ ਦੇਸ਼ਾਂ ਨੂੰ ਚੇਤਾਵਨੀ ਦਿੱਤੀ ਹੈ ਕਿ ਉਹ ਤੁਰੰਤ ਆਪਣੇ ਟੀਕਾਕਰਨ ਪ੍ਰੋਗਰਾਮਾਂ ਵਿੱਚ ਤੇਜ਼ੀ ਲਿਆਉਣ, ਖਾਸ ਕਰਕੇ ਉਨ੍ਹਾਂ ਆਬਾਦੀ ਸਮੂਹਾਂ ਵਿੱਚ ਜਿੱਥੇ ਟੀਕਾਕਰਨ ਦੀ ਦਰ ਘੱਟ ਹੈ, ਤਾਂ ਜੋ ਬੱਚਿਆਂ ਨੂੰ ਇਸ ਗੰਭੀਰ ਬਿਮਾਰੀ ਤੋਂ ਬਚਾਇਆ ਜਾ ਸਕੇ। ਜ਼ਿਕਰਯੋਗ ਹੈ ਕਿ ਫਰਾਂਸ ਅਤੇ ਰੋਮਾਨੀਆ ਵਰਗੇ ਦੇਸ਼ ਪਹਿਲਾਂ ਹੀ ਖਸਰੇ ਦੇ ਫੈਲਾਅ ਨਾਲ ਜੂਝ ਰਹੇ ਹਨ। ਕੈਨੇਡਾ ਨੇ ਪਿਛਲੇ ਸਾਲ ਹੀ ਆਪਣਾ ਖਸਰਾ-ਮੁਕਤ ਦਰਜਾ ਗਵਾ ਦਿੱਤਾ ਸੀ, ਜਦਕਿ ਅਮਰੀਕਾ ਵਿੱਚ ਵੀ ਵਧਦੇ ਮਾਮਲਿਆਂ ਕਾਰਨ ਇਹ ਦਰਜਾ ਬਰਕਰਾਰ ਰੱਖਣਾ ਮੁਸ਼ਕਲ ਹੁੰਦਾ ਜਾ ਰਿਹਾ ਹੈ।



# ਰਣਨੀਤਕ ਅਸਪੱਸ਼ਟਤਾ ਦਾ ਹੁੰਦਾ ਅੰਤ

ਲਿਟ. ਜਨਰਲ ਐਸ.ਐਸ. ਮਹਿਤਾ



ਦਹਾਕਿਆਂ ਤੋਂ ਰਣਨੀਤਕ ਅਸਪੱਸ਼ਟਤਾ ਨੂੰ ਸਿਆਣਪ, ਕਾਰਵਾਈ ਲਈ ਸਮਾਂ ਲੈਣ ਅਤੇ ਤਣਾਅ ਘਟਾਉਣ ਦਾ ਤਰੀਕਾ ਮੰਨਿਆ ਜਾਂਦਾ ਸੀ, ਜਿਸ ਦੇ ਸਹੀ ਜਾਂ ਗ਼ਲਤ ਹੋਣ ਬਾਰੇ ਇਤਿਹਾਸ ਹੀ ਆਪਣਾ ਨਿਰਣਾ ਦੇ ਸਕਦਾ ਹੈ। ਉਸ ਸੰਤੁਲਿਤ ਸੰਸਾਰ ਵਿੱਚ ਇਹ ਸਥਿਰਤਾ ਕਾਇਮ ਕਰਨ ਵਾਲਾ ਇੱਕ ਕਾਰਕ ਹੁੰਦੀ ਸੀ। ਇਸ ਦੇ ਉਲਟ ਅਜੋਕੀ ਵਿਸ਼ਵ ਵਿਵਸਥਾ ਵਿੱਚ ਇਹ ਫ਼ੈਸਲਿਆਂ ਨੂੰ ਮੁਲਤਵੀ ਕਰਨ, ਸਹਿਣਸ਼ੀਲਤਾ ਦੀ ਪਰਖ ਅਤੇ ਜਵਾਬਦੇਹੀ ਤੋਂ ਬਿਨਾਂ ਤੱਥਾਂ ਨੂੰ ਤੋੜ-ਮਰੋੜ ਕੇ ਪੇਸ਼ ਕਰਨ ਦਾ ਸਾਧਨ ਬਣ ਗਈ ਹੈ। ਕਦੇ ਸ਼ਾਂਤੀ ਕਾਇਮ ਰੱਖਣ ਵਾਲੀ ਪਹੁੰਚ ਹੁਣ ਅਨਿਸ਼ਚਿਤਤਾ ’ਚ ਵਾਧਾ ਕਰਨ ਲੱਗੀ ਹੈ। ਇਸ ਦੇ ਸਿੱਟੇ ਵਜੋਂ ਰੁਖ਼ ਬਦਲ ਦਿੱਤਾ ਗਿਆ। ਰਣਨੀਤਕ ਅਸਪੱਸ਼ਟਤਾ ਮਹਿਜ਼ ਇਤਫ਼ਾਕਵੱਸ ਅਸਫ਼ਲ ਨਹੀਂ ਹੋਈ; ਇਸ ਨੂੰ ਜਾਣਬੁੱਝ ਕੇ ਪਛਾੜਿਆ ਗਿਆ ਹੈ।

ਕੌਮਾਂਤਰੀ ਵਿਵਸਥਾ ਨੇ ਹੌਲੀ-ਹੌਲੀ ਨਿਯੰਤਰਣ ਨੂੰ ਚੁੱਪ ਦਰਸਾਉਣਾ ਸਿੱਖ ਲਿਆ ਹੈ। ਔਖੇ ਸਵਾਲਾਂ ਦੇ ਜਵਾਬ ਨਾ ਦਿੱਤੇ ਗਏ, ਸਪੱਸ਼ਟ ਹੱਦਾਂ ਤੈਅ ਨਾ ਕੀਤੀਆਂ ਗਈਆਂ ਅਤੇ ਸਮਾਂ-ਸੀਮਾਵਾਂ ਵੀ ਪਰਿਭਾਸ਼ਿਤ ਨਹੀਂ ਕੀਤੀਆਂ ਗਈਆਂ। ਬੇਮੇਲ ਇੱਛਾਵਾਂ ਅਤੇ ਮੌਕਾਪ੍ਰਸਤੀ ਵਾਲੇ ਸੁਧਾਰਵਾਦ ਦੇ ਇਸ ਯੁੱਗ ਵਿੱਚ ਰਣਨੀਤਕ ਅਸਪੱਸ਼ਟਤਾ ਲਾਹੇਵੰਦ ਨੀਤੀ ਤੋਂ ਗਲ ਪਏ ਢੋਲ ਵਿੱਚ ਬਦਲ ਗਈ ਹੈ, ਜਿਸ ਦਾ ਉਨ੍ਹਾਂ ਵੱਲੋਂ ਲਾਹਾ ਲਿਆ ਜਾਂਦਾ ਹੈ ਜਿਨ੍ਹਾਂ ਨੂੰ ਦੇਰੀ ਤੋਂ ਫ਼ਾਇਦਾ ਹੁੰਦਾ ਹੈ ਜਦੋਂਕਿ ਵਿਵਸਥਾ ’ਤੇ ਨਿਰਭਰ ਰਹਿਣ ਵਾਲਿਆਂ ਨੂੰ ਇਸ ਦੀ ਕੀਮਤ ਚੁਕਾਉਣੀ ਪੈਂਦੀ ਹੈ।

ਰਣਨੀਤਕ ਅਸਪੱਸ਼ਟਤਾ ਟਾਲ-ਮਟੋਲ ਦੀ ਨੀਤੀ ਵਜੋਂ ਸ਼ੁਰੂ ਨਹੀਂ ਹੋਈ ਸੀ। ਇਸ ਦਾ ਉਦੇਸ਼ ਇਰਾਦਿਆਂ ਨੂੰ ਪਰਖਣਾ ਅਤੇ ਮੱਤਭੇਦ ਦੂਰ ਕਰਨਾ ਸੀ। ਸਬੰਧਿਤ ਧਿਰਾਂ ਦੀ ਦੁਵੱਲੀ ਨੀਤੀ ਹੋਣ ਅਤੇ ਤਵਾਜ਼ਨ ਕਾਇਮੀ ਦੇ ਇਰਾਦਿਆਂ ਕਾਰਨ ਇਹ ਕਾਰਗਰ ਸੀ। ਸਮਾਂ ਪਾ ਕੇ ਦੁਹਰਾਅ ਕਾਰਨ ਇਹ ਕਾਰਗਰ ਨਾ ਰਹੀ। ਜੋ ਢੰਗ ਤਰੀਕੇ ਅਸਥਾਈ ਹੋਣੇ ਚਾਹੀਦੇ ਸਨ ਉਹ ਆਦਤ ਹੀ ਬਣ ਗਏ; ਇਰਾਦਿਆਂ ਨੂੰ ਪਰਖਣ ਲਈ ਵਰਤੀ ਜਾਂਦੀ ਇਹ ਨੀਤੀ ਯਥਾਸਥਿਤੀ ਨੂੰ ਹੌਲੀ ਹੌਲੀ ਜਾਣਬੁੱਝ ਕੇ ਖੋਰਾ ਲਾਉਣ ਲਈ ਮੁਖੌਟਾ ਬਣ ਗਈ।

### ਜਦੋਂ ਅਸਪੱਸ਼ਟਤਾ ਬੇਮੇਲ ਹੋ ਜਾਵੇ

ਅਸ਼ਾਂਤ ਸਰਹੱਦਾਂ ’ਤੇ ਇਹ ਸਭ ਤੋਂ ਪ੍ਰਤੱਖ ਦਿਸਦੀ ਹੈ। ਇਸ ਨੀਤੀ ਦੀ ਕੀਮਤ ਬਹੁਤ ਜ਼ਿਆਦਾ ਉਚਾਈ ਅਤੇ ਸਾਰਾ ਸਾਲ ਬਰਫ਼ ਨਾਲ ਭਰੇ ਰਹਿਣ ਵਾਲੇ ਘੱਟ ਆਕਸੀਜਨ ਵਾਲੇ ਖੇਤਰਾਂ ਵਿੱਚ ਪਤਾ ਲੱਗਦੀ ਹੈ। ਇਸ ਦੀ ਕੀਮਤ ਪਹਿਲਾਂ ਨਾਗਰਿਕ ਨੂੰ ਤਾਰਨੀ ਪੈਂਦੀ ਹੈ, ਜਿਵੇਂ ਉਸ ਚਰਵਾਹੇ ਨੂੰ ਜਿਸ ਦੀ ਪੀੜ੍ਹੀਆਂ ਤੋਂ ਚਲੀ ਆ ਰਹੀ ਚਰਾਗਾਹ ਦੇ ਰਾਹ ’ਚ ਨਵੀਂ, ਅਣਜਾਣ ਵਾੜ ਲੱਗ ਜਾਵੇ ਜਾਂ ਫਿਰ ਉਸ ਪਿੰਡ ਵਾਸੀ ਨੂੰ ਜਿਸ ਦੇ ਜੱਦੀ ਪਿੰਡ ਨੂੰ ਰਾਤ ਦੀ ਗਸ਼ਤ ਪਾਰਟੀ ਚੁੱਪਚਾਪ ਆਪਣਾ ਖੇਤਰ ਸਮਝ ਕੇ ਮੱਲ ਲਵੇ। ਤੇ ਕਦੇ ਦੂਰ ਸਮੁੰਦਰੀ ਪਾਣੀਆਂ ਵਿੱਚ ਠਿੱਲੀਆਂ ਕਿਸ਼ਤੀਆਂ ’ਚ ਮਛੇਰਿਆਂ ਵੱਲੋਂ ਬੈਠ ਕੇ ਰੋਜ਼ੀ ਕਮਾਉਣ ਨੂੰ ਰਾਤੋ-ਰਾਤ ਅਪਰਾਧ ਬਣਾ ਦਿੱਤਾ ਜਾਵੇ, ਇਹ ਸਭ ਇਸ ਕਰਕੇ ਨਹੀਂ ਕਿ ਜਨਤਕ ਤੌਰ ’ਤੇ ਨਕਸ਼ੇ ਦੁਬਾਰਾ ਬਣਾਏ ਗਏ ਸਨ ਸਗੋਂ ਇਸ ਲਈ ਕਿਉਂਕਿ ਜਾਣਬੁੱਝ ਕੇ ਸਪੱਸ਼ਟ ਹੱਦ ਨਹੀਂ ਸੀ ਉਲੀਕੀ ਗਈ।

ਬੇਯਕੀਨੀ ਇਨ੍ਹਾਂ ਸਰਹੱਦਾਂ ’ਤੇ ਤਾਇਨਾਤ ਸੈਨਿਕਾਂ ਦੇ ਹੱਡੀਂ ਰਚ ਜਾਂਦੀ ਹੈ। ਉਹ ਨਿਰਵਿਘਨ ਨਿਯੰਤਰਣ ਬਣਾਈ ਰੱਖਣ ਦੇ ਪੁਰਸਲਾਤ ’ਤੇ ਤੁਰਦੇ ਰਹਿੰਦੇ ਹਨ। ਜਦੋਂ ਉਲਝਣ ਟਕਰਾਅ ਵਿੱਚ ਬਦਲ ਜਾਂਦੀ ਹੈ ਤਾਂ ਰਾਜਧਾਨੀਆਂ ਵੱਲੋਂ ਫ਼ੈਸਲੇ ਲੈਣ ਦੀ ਘਾਟ ਕਾਰਨ ਪੈਦਾ ਹੋਏ ਖ਼ਤਰਿਆਂ ਨਾਲ ਸਿੱਝਣ ਲਈ ਉਨ੍ਹਾਂ ਨੂੰ ਮਨੁੱਖੀ ਢਾਲਾਂ ਬਣਾ ਕੇ ਅੱਗੇ ਭੇਜ ਦਿੱਤਾ ਜਾਂਦਾ ਹੈ।

### ਰੁਖ਼ ਬਦਲਣ ਦੀ ਜਮਹੂਰੀ ਕੀਮਤ

ਲੰਮਾ ਸਮਾਂ ਚਲਦੀ ਰਣਨੀਤਕ ਅਸਪੱਸ਼ਟਤਾ ਦੀ ਕੀਮਤ ਸਾਰੇ ਇੱਕੋ ਜਿੰਨੀ ਨਹੀਂ ਤਾਰਦੇ। ਜਮਹੂਰੀਅਤਾਂ ਬਹਿਸ ਅਤੇ ਜਵਾਬਦੇਹੀ ਰਾਹੀਂ ਅੰਦਰੂਨੀ ਤੌਰ ’ਤੇ ਅਨਿਸ਼ਚਿਤਤਾ ਨੂੰ ਜਜ਼ਬ ਕਰਦੀਆਂ ਹਨ। ਸੁਧਾਰਵਾਦੀ ਪ੍ਰਣਾਲੀਆਂ ਹਨੇਰੇ ਵਿੱਚ ਅਸਪੱਸ਼ਟਤਾ ਨੂੰ ਅਮਲ ਵਿੱਚ ਲਿਆਉਂਦੀਆਂ ਹਨ। ਬੇਮੇਲ ਮੁਕਾਬਲਿਆਂ ਵਿੱਚ ਕਿਸੇ ਵੀ ਕਿਸਮ ਦੀ ਰਣਨੀਤਕ ਅਸਪੱਸ਼ਟਤਾ ਮਜ਼ਬੂਤ ਧਿਰ ਦਾ ਹੀ ਪੱਖ ਪੂਰਦੀ ਹੈ। ਰੁਖ਼ ਬਦਲਣ ਜਾਂ ਮਸਲਾ ਟਾਲੀ ਰੱਖਣ ਦੀਆਂ ਕੋਸ਼ਿਸ਼ਾਂ ਦੀ ਕੀਮਤ ਵੀ ਦੋਵੇਂ ਦੁਸ਼ਮਣ ਮੁਲਕ ਇੱਕੋ ਜਿੰਨੀ ਨਹੀਂ ਤਾਰਦੇ ਅਤੇ ਕਮਜ਼ੋਰ ਮੁਲਕ ਕੋਲ ਰਸਮੀ ਚੋਣ ਕਰਨ ਦਾ ਵੀ ਵਿਕਲਪ ਨਹੀਂ ਰਹਿੰਦਾ। ਅਜਿਹੇ ਹਾਲਾਤ ਵਿੱਚ ਰਣਨੀਤਕ ਸਪੱਸ਼ਟਤਾ ਟਕਰਾਅ ’ਚ ਵਾਧਾ ਨਹੀਂ ਕਰਦੀ ਸਗੋਂ ਜਮਹੂਰੀਅਤ ਦੀ ਸਿਹਤ ਲਈ ਚੰਗੀ ਹੁੰਦੀ ਹੈ।

### ਨਿਯਮ ਕੌਣ ਘੜਦਾ ਹੈ?

ਜਦੋਂ ਜਮਹੂਰੀਅਤਾਂ ਯੋਜਨਾਬੰਦੀ ਨੂੰ ਟਾਲਦੀਆਂ ਹਨ ਤਾਂ ਉਹ ਆਪਣੀ ਹੋਣੀ ਆਪ ਘੜਨ ਦੇ ਹੱਕ ਨੂੰ ਤਿਆਗ ਦਿੰਦੀਆਂ ਹਨ। ਨਿਯਮ ਸਹਿਮਤੀ ਨਾਲ ਨਹੀਂ ਸਗੋਂ ਫ਼ੌਜਾਂ ਚਾੜ੍ਹਨ ਦੇ ਡਰਾਵੇ ਨਾਲ ਬਦਲਦੇ ਹਨ। ਅਸਪੱਸ਼ਟਤਾ ਚੋਣ ਦੇ ਵਿਕਲਪਾਂ ਨੂੰ ਖ਼ਤਮ ਕਰ ਦਿੰਦੀ ਹੈ ਤੇ ਆਖ਼ਰ ਇੱਕੋ ਵਿਕਲਪ ਰਹਿ ਜਾਂਦਾ ਹੈ, ਜੋ ਚੁਣਨਾ ਕਮਜ਼ੋਰ ਧਿਰ ਦੀ ਮਜਬੂਰੀ ਹੁੰਦਾ ਹੈ। ਇੱਕ ਸਦੀ ਤੋਂ ਵੱਧ ਸਮਾਂ ਪਹਿਲਾਂ ਬਰਤਾਨਵੀ ਲਾਰਡ ਕਰਜ਼ਨ ਨੇ ਦੇਖਿਆ ਕਿ ਸਰਹੱਦਾਂ ਦੇ ਮਸਲੇ ਅਸਥਿਰ ਛੱਡਣਾ ਉਨ੍ਹਾਂ ਨੂੰ ਸੁਲਝਾਉਣ ਨਾਲੋਂ ਵਧੇਰੇ ਲਾਭਦਾਇਕ ਹੋ ਸਕਦਾ ਹੈ। ਉਸ ਨੂੰ ਇਸ ਗੱਲ ਦੀ ਸੂਝ ਸੀ ਕਿ ਅਜਿਹਾ ਕਰਕੇ ਉਹ ਆਪਣੀ ਪਕੜ ਬਣਾਈ ਰੱਖ ਸਕਦੇ ਹਨ। ਅਸਪੱਸ਼ਟਤਾ ਉਸ ਧਿਰ ਲਈ ਲਾਹੇਵੰਦ ਹੁੰਦੀ ਹੈ, ਜੋ ਨਕਸ਼ੇ ਨੂੰ ਬਦਲਣ ਯੋਗ ਸਮਝਦਿਆਂ ਸਮੇਂ ਨੂੰ ਹਥਿਆਰ ਵਜੋਂ ਵਰਤਦੀ ਹੈ।

### ਸਮਾਂ-ਸੀਮਾਵਾਂ ਦਾ ਟਕਰਾਅ: 2035 ਅਤੇ 2047

ਰਣਨੀਤਕ ਅਸਪੱਸ਼ਟਤਾ ਦੇ ਤਰਕ ਦੇ ਹੁਣ ਬਹੁਤੇ ਚੰਗੇ ਸਿੱਟੇ ਨਹੀਂ ਨਿਕਲਦੇ। ਸਥਿਰਤਾ ਹੁਣ ਅਣਕਹੀ ’ਤੇ ਨਿਰਭਰ ਨਹੀਂ ਕਰਦੀ ਸਗੋਂ ਇਸ ਬਾਰੇ ਤੈਅ ਕਰਨਾ ਲਾਜ਼ਮੀ ਹੈ। ਸਮਾਂ-ਸੀਮਾਵਾਂ ਦਾ ਟਕਰਾਅ ਹੀ ਕਿਸੇ ਫ਼ੈਸਲੇ ਦੀ ਲੋੜ ਨੂੰ ਨਿਰਧਾਰਤ ਕਰਦਾ ਹੈ। ਚੀਨ ਦੀ ਸਰਕਾਰ ਨੇ ਆਪਣੇ ਦੇਸ਼ ਦੇ ਕਾਇਆ ਕਲਪ ਲਈ ਸਾਲ 2035 ਤੱਕ ਦਾ ਸਮਾਂ ਨਿਰਧਾਰਤ ਕੀਤਾ ਹੈ ਜਦੋਂਕਿ ਭਾਰਤ ਦਾ ਸਾਲ 2047 ਦੇ ਆਜ਼ਾਦੀ ਦਿਹਾੜੇ ਤੱਕ ਮਿੱਥੇ ਟੀਚੇ ਹਾਸਲ ਕਰਨ ਦਾ ਇਰਾਦਾ ਹੈ। ਕੋਈ ਵੀ ਦੂਜਿਆਂ ਵੱਲੋਂ ਤੈਅ ਸਮਾਂ-ਸੀਮਾਵਾਂ ਮੁਤਾਬਿਕ ਦੇਸ਼ ਦੀ ਮਜ਼ਬੂਤੀ ਦਾ ਟੀਚਾ ਹਾਸਲ ਨਹੀਂ ਕਰ ਸਕਦਾ। ਜਦੋਂ ਇੱਕ ਪੱਖ ਦਹਾਕਿਆਂ ਲਈ ਯੋਜਨਾ ਬਣਾਉਂਦਾ ਹੈ ਅਤੇ ਦੂਜਾ ਰੁਕ ਰੁਕ ਕੇ ਕਦੇ-ਕਦਾਈਂ ਜਵਾਬ ਦਿੰਦਾ ਹੈ ਤਾਂ ਰਣਨੀਤਕ ਅਸਪੱਸ਼ਟਤਾ ਦੀ ਨੀਤੀ ਨਿਰਪੱਖ ਨਹੀਂ ਰਹਿੰਦੀ; ਇਹ ਦੂਜੇ ਦੀ ਮਹੱਤਵਕਾਂਖਿਆ ਲਈ ਸਹਾਇਕ ਬਣ ਜਾਂਦੀ ਹੈ।

### ਹੁਣ ਸਮਾਂ ਕਿਉਂ ਮਾਅਨੇ ਰੱਖਦਾ ਹੈ

ਯੋਜਨਾਬੰਦੀ ਲਈ ਸਮੇਂ ਮੁਤਾਬਿਕ ਅਨੁਸ਼ਾਸਨ ’ਚ ਰਹਿੰਦਿਆਂ ਕੰਮ ਕਰਨ ਦੀ ਲੋੜ ਹੁੰਦੀ ਹੈ। ਸਮਾਂ-ਸੀਮਾ ਵਾਲੇ ਢਾਂਚੇ ’ਚ ਦੇਰੀ ਨਾਲ ਲਾਭ ਨਹੀਂ ਹੁੰਦਾ। ਜਦੋਂ ਇੱਕ ਵਾਰ ਸਮਾਂ-ਸੀਮਾ ਤੈਅ ਕਰ ਕੇ ਸਰਹੱਦਾਂ ਮਿਥੀਆਂ ਜਾਂਦੀਆਂ ਹਨ ਤਾਂ ਸੰਜਮ ਦਿਖਾਉਣ ਵਾਲੀ ਧਿਰ ਨੂੰ ਨਹੀਂ ਸਗੋਂ ਉਲੰਘਣਾ ਕਰਨ ਵਾਲੀ ਧਿਰ ਨੂੰ ਆਪਣੀ ਸਫ਼ਾਈ ਦੇਣ ਦੀ ਲੋੜ ਪੈਂਦੀ ਹੈ। ਵਿਹਾਰਕ ਰੂਪ ਵਿੱਚ ਇਹ ਤਰਕ ਲੰਮੇ ਸਮੇਂ ਦੀ ਸਮਾਂ-ਸੀਮਾ ਵਾਲੀ ਪਕੜ ਵੱਲ ਇਸ਼ਾਰਾ ਕਰਦਾ ਹੈ, ਜਿਸ ਨੂੰ ਮਹੀਨਿਆਂ ਵਿੱਚ ਨਹੀਂ ਸਗੋਂ ਦਹਾਕਿਆਂ ਵਿੱਚ ਮਾਪਿਆ ਜਾਂਦਾ ਹੈ। ਇਸ ਨਾਲ ਮੌਜੂਦਾ ਸਥਿਤੀ ਜਿਉਂ ਦੀ ਤਿਉਂ ਰਹਿੰਦੀ ਹੈ ਅਤੇ ਇਸ ਦਾ ਹੱਲ ਬਾਅਦ ਵਿੱਚ ਵਧੇਰੇ ਢੁਕਵੇਂ ਸਮੇਂ ਤੱਕ ਮੁਲਤਵੀ ਕਰ ਦਿੱਤਾ ਜਾਂਦਾ ਹੈ। ਪੰਦਰਾਂ ਤੋਂ ਵੀਹ ਸਾਲ ਦਾ ਸਮਾਂ ਖੇਤਰੀ ਸਥਿਰਤਾ ਲਈ ਰਿਆਇਤ ਨਹੀਂ ਹੈ ਸਗੋਂ ਇਹ ਸਬਰ ਦਾ ਪ੍ਰਗਟਾਵਾ ਹੈ। ਇਹ ਗੱਲਬਾਤ ਨੂੰ ਰੋਕ ਕੇ ਜਾਂ ਇਕਪਾਸੜ ਤਬਦੀਲੀ ਨੂੰ ਜਾਇਜ਼ ਠਹਿਰਾਏ ਬਿਨਾਂ ਰਣਨੀਤਕ ਅਸਪੱਸ਼ਟਤਾ ਨੂੰ ਜ਼ਿੰਮੇਵਾਰੀ ਅਤੇ ਜਵਾਬਦੇਹੀ ਵਿੱਚ ਬਦਲ ਦਿੰਦਾ ਹੈ।

ਇੱਕ ਨਿਸ਼ਚਿਤ ਸਮੇਂ ਲਈ ਸਥਿਤੀ ਨੂੰ ਜਿਉਂ ਦੀ ਤਿਉਂ ਰੱਖਣਾ ਮਜ਼ਬੂਤ ਧਿਰ ਨੂੰ ਹੌਲੀ-ਹੌਲੀ ਅੱਗੇ ਵਧਣ ਤੋਂ ਰੋਕਦਾ ਹੈ ਅਤੇ ਸੁਧਾਰਵਾਰ ਨੂੰ ਚੁੱਪ-ਚੁਪੀਤੀ ਮੁਹਿੰਮ ਦੀ ਬਜਾਏ ਸੋਚੀ ਸਮਝੀ ਕਾਰਵਾਈ ਵਜੋਂ ਉਭਾਰਦਾ ਹੈ। ਕਿਸੇ ਵੇਲੇ ਸ਼ਕਤੀਸ਼ਾਲੀ ਧਿਰ ਦੁਆਰਾ ਹਥਿਆਰ ਵਜੋਂ ਵਰਤਿਆ ਜਾਂਦਾ ਸਮਾਂ ਉਸ ਦੇ ਇਰਾਦੇ ਦੇ ਰਾਹ ’ਚ ਰੁਕਾਵਟ ਬਣ ਜਾਂਦਾ ਹੈ। ਜਾਂ ਤਾਂ ਸਬਰ ਦੂਜੀ ਧਿਰ ਦੀ ਇੱਛਾ ਦੀ ਪੂਰਤੀ ਨੂੰ ਛੇਤੀ ਕੀਤਿਆਂ ਪੂਰੀ ਹੋਣ ਤੋਂ ਰੋਕਦਾ ਹੈ ਜਾਂ ਫਿਰ ਸਰਹੱਦਾਂ ’ਤੇ ਉਲੰਘਣਾਵਾਂ ਉਸ ਦੇ ਇਰਾਦਿਆਂ ਨੂੰ ਪ੍ਰਗਟ ਕਰ ਦਿੰਦੀਆਂ ਹਨ।

### ਯੋਜਨਾਬੰਦੀ ਨਾਲ ਮਸਲਾ ਲਟਕਦਾ ਨਹੀਂ

ਯੋਜਨਾਬੰਦੀ ਨਾਲ ਮਸਲੇ ਲਟਕਦੇ ਨਹੀਂ। ਇਹ ਇੱਕ ਐਲਾਨ ਹੁੰਦੀ ਹੈ। ਇਹ ਸੋਚੀ ਸਮਝੀ ਕਾਰਵਾਈ ਹੁੰਦੀ ਹੈ, ਜਿਸ ਰਾਹੀਂ ਕੋਈ ਜਮਹੂਰੀਅਤ ਜਨਤਕ ਤੌਰ ’ਤੇ ਸਪੱਸ਼ਟ ਦੱਸਦੀ ਹੈ ਕਿ ਹੁਣ ਕਿਸ ਮਸਲੇ ਬਾਰੇ ਸਮਝੌਤਾ ਨਹੀਂ ਕੀਤਾ ਜਾਵੇਗਾ, ਕਿਸ ਗੱਲ ਦੀ ਸਮੀਖਿਆ ਕੀਤੀ ਜਾਵੇਗੀ ਅਤੇ ਕਿਸ ਕਦਮ ਦੇ ਕੀ ਸਿੱਟੇ ਨਿਕਲਣਗੇ? ਯੋਜਨਾਬੰਦੀ ਦਾ ਮਕਸਦ ਆਪਣੀ ਗੱਲ ’ਤੇ ਅੜਨਾ ਨਹੀਂ ਹੁੰਦਾ ਸਗੋਂ ਇਹ ਰਣਨੀਤਕ ਅਸਪੱਸ਼ਟਤਾ ਕਾਰਨ ਦੂਜੀ ਧਿਰ ਲਈ ਨੈਤਿਕ ਤੌਰ ’ਤੇ ਬਚ ਨਿਕਲਣ ਲਈ ਰਾਹ ਨਹੀਂ ਛੱਡਦੀ।

ਸੰਜਮ ਤੋਂ ਜ਼ਿੰਮੇਵਾਰੀ ਤੱਕ

ਸਮਾਂ-ਬੱਧ ਯੋਜਨਾਬੰਦੀ ਸ਼ਾਂਤੀ ਨੂੰ ਭੰਗ ਨਹੀਂ ਕਰਦੀ। ਇਹ ਜ਼ਿੰਮੇਵਾਰੀ ਤੈਅ ਕਰਦੀ ਹੈ। ਜਦੋਂ ਸਮੇਂ ਮੁਤਾਬਿਕ ਸੀਮਾਵਾਂ ਤੈਅ ਕੀਤੀਆਂ ਜਾਂਦੀਆਂ ਹਨ ਤਾਂ ਸੰਜਮ ਦਾ ਰਾਹ ਅਪਣਾਉਣ ਲਈ ਅਫ਼ਸੋਸ ਨਹੀਂ ਹੁੰਦਾ ਸਗੋਂ ਹੱਦ ਉਲੰਘਣ ਵਾਲੇ ਮੁਲਕ ’ਤੇ ਨੈਤਿਕ ਬੋਝ ਹੁੰਦਾ ਹੈ। ਸਪੱਸ਼ਟਤਾ ਭੜਕਾਹਟ ਨਹੀਂ ਹੈ; ਇਹ ਜਵਾਬਦੇਹ ਬਣਾਉਣ ਦੀ ਕਾਰਵਾਈ ਹੈ।

### ਰਣਨੀਤਕ ਉਡੀਕ ਦਾ ਅੰਤ

ਕਿਸੇ ਵੇਲੇ ਰਣਨੀਤਕ ਅਸਪੱਸ਼ਟਤਾ ਨਾਲ ਤਵਾਜ਼ਨ ਕਾਇਮ ਰਹਿੰਦਾ ਸੀ। ਅੱਜ ਇਹ ਉਨ੍ਹਾਂ ਧਿਰਾਂ ਲਈ ਲਾਹੇਵੰਦ ਹੁੰਦੀ ਹੈ, ਜੋ ਦੇਰੀ ਤੋਂ ਲਾਭ ਉਠਾਉਂਦੇ ਹਨ। ਖਾਕਾ ਮੁੜ ਉਲੀਕਣ ਦਾ ਮਤਲਬ ਟਕਰਾਅ ਦੇ ਰਾਹ ਪੈਣਾ ਨਹੀਂ; ਇਸ ਦਾ ਅਰਥ ਹੈ ਆਪਣਾ ਭਵਿੱਖ ਆਪ ਤੈਅ ਕਰਨਾ। ਆਪਣੀਆਂ ਸ਼ਰਤਾਂ ਆਪ ਤੈਅ ਨਾ ਕਰਨ ਵਾਲੇ ਸ਼ਾਂਤੀ ਕਾਇਮ ਨਹੀਂ ਰੱਖਦੇ ਸਗੋਂ ਉਹ ਆਪਣਾ ਭਵਿੱਖ ਦੂਜਿਆਂ ਦੇ ਹੱਥੀਂ ਦੇ ਦਿੰਦੇ ਹਨ। ਵਿਹਾਰਕ ਤੌਰ ’ਤੇ ਸਮਾਂ-ਬੱਧ ਜਾਂ ਨਿਯਮਿਤ ਵਕਫੇ ’ਤੇ ਕੀਤੀ ਸਮੀਖਿਆ ਆਧਾਰਿਤ ਯੋਜਨਾਬੰਦੀ ਸੰਜਮ ਨੂੰ ਸਬਰ ਕਰਨ ਦੀ ਥਾਂ ਜ਼ਿੰਮੇਵਾਰ ਢਾਂਚੇ ਵਿੱਚ ਬਦਲਦੀ ਹੈ।

ਸੰਜਮ ਉਦੋਂ ਆਪਣੀ ਨੈਤਿਕ ਉੱਚਤਾ ਗੁਆ ਬੈਠਦਾ ਹੈ ਜਦੋਂ ਕੋਈ ਦੂਜਾ ਇਸ ’ਤੇ ਆਪਣੀ ਮਰਜ਼ੀ ਥੋਪ ਦੇਵੇ। ਜਦੋਂ ਇਕਪਾਸੜ ਲਾਭ ਹੀ ਹੋਵੇ ਤਾਂ ਸੰਵਾਦ ਵੀ ਨਿਰਜਿੰਦ ਹੁੰਦਾ ਹੈ। ਮਸਲੇ ਦੇ ਹੱਲ ਵਿੱਚ ਦੇਰੀ ਨਾਲ ਹੁਣ ਸੁਰੱਖਿਆ ਨਹੀਂ ਕੀਤੀ ਜਾ ਸਕਦੀ; ਇਹ ਸਿਰਫ਼ ਚਰਵਾਹੇ ਤੋਂ ਲੈ ਕੇ ਗਸ਼ਤ ਅਤੇ ਸਿਪਾਹੀ ਤੱਕ ਨੂੰ ਜੋਖ਼ਮ ਵਿੱਚ ਪਾ ਸਕਦੀ ਹੈ।

ਸੁਨ ਜ਼ੂ ਨੇ ਅਸਪੱਸ਼ਟਤਾ ਨੂੰ ਧੋਖੇ ਨਾਲ ਜੋੜਿਆ। ਚਾਣਕਿਆ ਨੇ ਚਿਤਾਵਨੀ ਦਿੱਤੀ ਸੀ ਕਿ ਦੇਰੀ ਨਾਲ ਲਏ ਗਏ ਫ਼ੈਸਲੇ ਰਾਜ ਖੁੱਸਣ ਤੱਕ ਦਾ ਕਾਰਨ ਬਣ ਸਕਦੇ ਹਨ। ਕਲਾਜ਼ਵਿਟਜ਼ ਨੇ ਸਾਨੂੰ ਚੇਤੇ ਕਰਵਾਇਆ ਕਿ ਝਿਜਕ ਦੁਸ਼ਮਣ ਨੂੰ ਪਹਿਲਕਦਮੀ ਤੇ ਕਬਜ਼ਾ ਕਰਨ ਦਾ ਮੌਕਾ ਦਿੰਦੀ ਹੈ। ਰਣਨੀਤਕ ਉਡੀਕ ਦਾ ਯੁੱਗ ਖ਼ਤਮ ਹੋ ਗਿਆ ਹੈ। ਭਵਿੱਖ ਵਿੱਚ ਯੋਜਨਾਬੰਦੀ ਹੀ ਕਾਰਗਰ ਹੋਵੇਗੀ।

# ਜਹਾਲਤ ਦੇ ਹਨੇਰੇ ’ਚ ਰੁਲਦੀ ਸਿੱਖਿਆ

ਅਰਵਿੰਦ ਜੌਹਲ

ਕਿਸੇ ਵੀ ਸਮਾਜ, ਦੇਸ਼ ਨੂੰ ਤਰੱਕੀ ਦੇ ਰਾਹ ’ਤੇ ਲਿਜਾਣ ਲਈ ਬਿਹਤਰੀਨ ਸਿੱਖਿਆ ਪ੍ਰਣਾਲੀ ਦਾ ਹੋਣਾ ਬੁਨਿਆਦੀ ਅਤੇ ਲਾਜ਼ਮੀ ਲੋੜ ਹੈ। ਸਿੱਖਿਆ ਮਨੁੱਖ ਨੂੰ ਬੌਧਿਕ ਤੌਰ ’ਤੇ ਤਰਕਸ਼ੀਲ, ਗਿਆਨਵਾਨ, ਬੁੱਧੀਮਾਨ, ਸੂਝਵਾਨ ਤੇ ਜ਼ਹੀਨ ਇਨਸਾਨ ਬਣਾਉਣ ਵਿੱਚ ਬਹੁਤ ਅਹਿਮ ਭੂਮਿਕਾ ਨਿਭਾਉਂਦੀ ਹੈ। ਇਹੀ ਕਾਰਨ ਹੈ ਕਿ ਹਰ ਚੇਤੰਨ ਸਮਾਜ ਇਹ ਯਕੀਨੀ ਬਣਾਉਂਦਾ ਹੈ ਕਿ ਸਿੱਖਿਆ ਦਾ ਮਿਆਰ ਕਾਇਮ ਰਹੇ ਅਤੇ ਇਸ ’ਤੇ ਕਿਸੇ ਕਿਸਮ ਦੀ ਸੌੜੀ ਫ਼ਿਰਕੂ ਰੰਗਤ ਨਾ ਚੜ੍ਹੇ। ਸਿੱਖਿਆ ਕਿਸੇ ਮਨੁੱਖ ਦੀ ਜ਼ਿੰਦਗੀ ਨੂੰ ਸੰਵਾਰਨ ਅਤੇ ਉਸ ਵਿੱਚ ਤਬਦੀਲੀ ਲਿਆਉਣ ’ਚ ਅਹਿਮ ਭੂਮਿਕਾ ਨਿਭਾਉਂਦੀ ਹੈ। ਇਸ ਲਈ ਸਮਾਜ ਦਾ ਸਿੱਖਿਆ ਦੇ ਮਿਆਰ ਅਤੇ ਸੁਚੱਜੇ ਪ੍ਰਬੰਧ ਬਾਰੇ ਚੌਕਸ ਰਹਿਣਾ ਬਣਦਾ ਹੈ।

ਆਦਰਸ਼ਕ ਸਥਿਤੀ ਤਾਂ ਇਹ ਹੈ ਕਿ ਸਿੱਖਿਆ ਇੱਕ ਆਜ਼ਾਦਾਨਾ ਵਰਤਾਰਾ ਹੋਵੇ ਅਤੇ ਇਸ ਵਿੱਚ ਕਿਸੇ ਤਰ੍ਹਾਂ ਦੀ ਸੰਸਥਾਗਤ, ਰਾਜਸੀ, ਸਰਕਾਰੀ ਜਾਂ ਧਾਰਮਿਕ ਦਖ਼ਲਅੰਦਾਜ਼ੀ ਹਰਗਿਜ਼ ਨਾ ਹੋਵੇ। ਦੁਖਾਂਤ ਇਹ ਹੈ ਕਿ ਮੌਜੂਦਾ ਹਾਲਾਤ ਇਸ ਬੁਨਿਆਦੀ ਸਿਧਾਂਤ ਤੋਂ ਦੂਰ ਜਾਂਦੇ ਦਿਸਦੇ ਹਨ। ਕੀ ਕਦੇ ਕਿਸੇ ਹਿੰਦੂ ਸੰਸਥਾ ਵੱਲੋਂ ਚਲਾਏ ਜਾਂਦੇ ਕਿਸੇ ਕਾਲਜ ਵਿੱਚ ਮੁਸਲਮਾਨ, ਸਿੱਖ, ਇਸਾਈ ਜਾਂ ਹੋਰ ਧਰਮਾਂ ਨਾਲ ਸਬੰਧਿਤ ਵਿਦਿਆਰਥੀਆਂ ਨੇ ਸਿੱਖਿਆ ਪ੍ਰਾਪਤ ਨਹੀਂ ਕੀਤੀ? ਜਵਾਬ ਹੈ, ‘ਬਿਲਕੁਲ ਕੀਤੀ ਹੈ।’ ਇਉਂ ਹੀ ਹੋਰ ਧਰਮਾਂ ਨਾਲ ਜੁੜੀਆਂ ਸਿੱਖਿਆ ਸੰਸਥਾਵਾਂ ਬਾਰੇ ਵੀ ਇਹੋ ਸੱਚ ਹੈ। ਸਾਡੀ ਪੀੜ੍ਹੀ ਦਾ ਤਜਰਬਾ ਰਿਹਾ ਹੈ ਕਿ ਸਕੂਲਾਂ, ਕਾਲਜਾਂ ਜਾਂ ਯੂਨੀਵਰਸਿਟੀਆਂ ਵਿੱਚ ਪੜ੍ਹਦਿਆਂ ਆਪਣੇ ਸਹਿਪਾਠੀਆਂ ਦੇ ਧਰਮਾਂ ਵੱਲ ਕਦੇ ਕਿਸੇ ਦਾ ਧਿਆਨ ਨਹੀਂ ਗਿਆ, ਪਰ ਪਿਛਲੇ ਕੁਝ ਸਮੇਂ ਤੋਂ ਧਰਮ ਅਤੇ ਸਿਆਸਤ ਇਸ ਕਦਰ ਰਲਗੱਡ ਹੋ ਗਏ ਹਨ ਕਿ ਇਹ ਮਿਲ ਕੇ ਵਿਦਿਅਕ ਸੰਸਥਾਵਾਂ ਦੇ ਬੌਧਿਕ ਮਾਹੌਲ ਵਿੱਚ ਵੀ ਜ਼ਹਿਰ ਘੋਲਣ ਲੱਗ ਪਏ ਹਨ ਅਤੇ ਸ੍ਰੀ ਮਾਤਾ ਵੈਸ਼ਨੋ ਦੇਵੀ ਟਰੱਸਟ ਵੱਲੋਂ ਚਲਾਏ ਜਾ ਰਹੇ ਮੈਡੀਕਲ ਕਾਲਜ ’ਚ ਦਾਖ਼ਲਿਆਂ ਉਪਰੰਤ ਪੈਦਾ ਹੋਏ ਵਿਵਾਦ ਅਤੇ ਯੋਜਨਾਬੱਧ ਅੰਦੋਲਨ ਮਗਰੋਂ ਇਸ ਮੈਡੀਕਲ ਕਾਲਜ ਦੀ ਮਾਨਤਾ ਰੱਦ ਹੋਣਾ ਇਸ ਦੀ ਤਾਜ਼ਾ ਉਦਾਹਰਣ ਹੈ।

ਅਸਲ ਵਿੱਚ ਕਿਸੇ ਵਿਦਿਅਕ ਸੰਸਥਾ ਵਿੱਚ ਦਾਖ਼ਲਿਆਂ ਦੇ ਖ਼ਾਸ ਮਾਪਦੰਡ ਹੁੰਦੇ ਹਨ ਅਤੇ ਸਬੰਧਿਤ ਸੰਸਥਾਵਾਂ ਇਨ੍ਹਾਂ ਮਾਪਦੰਡਾਂ ਅਨੁਸਾਰ ਹੀ ਯੋਗ ਵਿਦਿਆਰਥੀਆਂ ਨੂੰ ਮੈਰਿਟ ਦੇ ਆਧਾਰ ’ਤੇ ਦਾਖ਼ਲਾ ਦਿੰਦੀਆਂ ਹਨ, ਜਿਸ ਨਾਲ ਇਨ੍ਹਾਂ ਦੇ ਵੱਕਾਰ ਵਿੱਚ ਵਾਧਾ ਹੁੰਦਾ ਹੈ। ਦਾਖ਼ਲਿਆਂ ਨਾਲ ਸਬੰਧਿਤ ਪ੍ਰਕਿਰਿਆ ਵੇਲੇ ਇਹ ਨਹੀਂ ਦੇਖਿਆ ਜਾਂਦਾ ਕਿ ਵਿਦਿਆਰਥੀ ਕਿਸ ਧਰਮ ਨਾਲ ਸਬੰਧਿਤ ਹੈ, ਹਾਲਾਂਕਿ ਜਾਤੀ ਤੇ ਵਰਗ ਆਧਾਰਿਤ ਰਾਖਵਾਂਕਰਨ ਜ਼ਰੂਰ ਹੁੰਦਾ ਹੈ, ਉਹ ਵੀ ਸੰਵਿਧਾਨ ਦੇ ਮੁਤਾਬਿਕ। ਦਰਅਸਲ, ਸਮਾਜ ਦੇ ਦੱਬੇ-ਕੁਚਲੇ ਤੇ ਕਮਜ਼ੋਰ ਵਰਗਾਂ ਨੂੰ ਮੁੱਖ ਧਾਰਾ ਵਿੱਚ ਬਰਾਬਰੀ ਦੇ ਮੌਕੇ ਪ੍ਰਦਾਨ ਕਰਨ ਲਈ ਸੰਵਿਧਾਨ ਵਿੱਚ ਰਾਖਵੇਂਕਰਨ ਦੀ ਵਿਵਸਥਾ ਕੀਤੀ ਗਈ ਸੀ।

ਬੀਤੇ ਦਿਨੀਂ ਜੰਮੂ ਕਸ਼ਮੀਰ ਦੇ ਸ੍ਰੀ ਮਾਤਾ ਵੈਸ਼ਨੋ ਦੇਵੀ ਮੈਡੀਕਲ ਕਾਲਜ ਦੀ ਐੱਮ ਬੀ ਬੀ ਐੱਸ ਦੀ ਮਾਨਤਾ ਰੱਦ ਹੋ ਗਈ ਅਤੇ ਮੈਡੀਕਲ ਕਾਲਜ ਦੀ ਬੈਂਕ ਗਾਰੰਟੀ ਵੀ ਜ਼ਬਤ ਹੋ ਗਈ। ਇਹ ਹੈਰਾਨੀ ਦੀ ਗੱਲ ਹੈ ਕਿ ਨੈਸ਼ਨਲ ਮੈਡੀਕਲ ਕਮਿਸ਼ਨ ਦੀ ਟੀਮ ਨੇ ਅਚਾਨਕ ਇਸ ਮੈਡੀਕਲ ਕਾਲਜ ਦੀ ਇੰਸਪੈਕਸ਼ਨ ਕਰਕੇ ਇਸ ਦੇ ਤੈਅ ਮਾਪਦੰਡਾਂ ’ਤੇ ਖ਼ਰਾ ਨਾ ਉਤਰਨ ਬਾਰੇ ਆਪਣੀ ਰਿਪੋਰਟ ਦਿੱਤੀ ਸੀ, ਜਿਸ ਮਗਰੋਂ ਇਸ ਦੀ ਮਾਨਤਾ ਰੱਦ ਕਰ ਦਿੱਤੀ ਗਈ। ਇਸ ਕਾਲਜ ਨੂੰ ਪਹਿਲੇ




2025-26 ਦੇ ਬੈਚ ਲਈ 50 ਸੀਟਾਂ ਦੀ ਪ੍ਰਵਾਨਗੀ ਦਿੱਤੀ ਗਈ ਸੀ। ਇਸ ਵਿਵਾਦ ਦੀ ਸ਼ੁਰੂਆਤ ਇੱਥੋਂ ਹੋਈ ਕਿ ਸ੍ਰੀ ਮਾਤਾ ਵੈਸ਼ਨੋ ਦੇਵੀ ਮੈਡੀਕਲ ਕਾਲਜ ਦੀਆਂ 50 ਸੀਟਾਂ ’ਤੇ ਦਾਖ਼ਲਾ ਲੈਣ ਵਾਲਿਆਂ ਵਿੱਚੋਂ 42 ਵਿਦਿਆਰਥੀ ਮੁਸਲਮਾਨ ਸਨ, 7 ਹਿੰਦੂ ਤੇ ਇੱਕ ਸਿੱਖ। ਕੁਝ ਹਿੰਦੂ ਸੰਗਠਨਾਂ ਨੇ ਸ੍ਰੀ ਮਾਤਾ ਵੈਸ਼ਨੋ ਦੇਵੀ ਦੇ ਨਾਂ ’ਤੇ ਖੁੱਲ੍ਹੇ ਇਸ ਮੈਡੀਕਲ ਕਾਲਜ ’ਚ ਏਨੀ ਗਿਣਤੀ ਵਿੱਚ ਮੁਸਲਮਾਨ ਵਿਦਿਆਰਥੀਆਂ ਦੇ ਦਾਖ਼ਲੇ ਦਾ ਵਿਰੋਧ ਕਰਦਿਆਂ ਸੀਟਾਂ ਦੀ ਵੰਡ ’ਚ ਭੇਦ-ਭਾਵ ਹੋਣ ਦਾ ਦੋਸ਼ ਲਾਉਂਦਿਆਂ ਇਹ ਦਾਖ਼ਲਾ ਸੂਚੀ ਰੱਦ ਕਰਨ ਦੀ ਮੰਗ ਕੀਤੀ। ਉਨ੍ਹਾਂ ਦੀ ਦਲੀਲ ਬੜੀ ਸਿੱਧੀ ਤੇ ਸਪੱਸ਼ਟ ਸੀ ਕਿ ਜਦੋਂ ਕਾਲਜ ਸ੍ਰੀ ਮਾਤਾ ਵੈਸ਼ਨੋ ਦੇਵੀ ਦੇ ਭਗਤਾਂ ਦੇ ਚੜ੍ਹਾਵੇ ਨਾਲ ਚੱਲਦਾ ਹੈ ਤਾਂ ਇਸ ਵਿੱਚ ਹਿੰਦੂ ਵਿਦਿਆਰਥੀਆਂ ਨੂੰ ਹੀ ਤਰਜੀਹ ਮਿਲਣੀ ਚਾਹੀਦੀ ਹੈ ਜਾਂ ਫਿਰ ਇਸ ਕਾਲਜ ਨੂੰ ਬੰਦ ਕਰ ਦਿੱਤਾ ਜਾਣਾ ਹੈ। ਸ੍ਰੀ ਮਾਤਾ ਵੈਸ਼ਨੋ ਦੇਵੀ ਸੰਘਰਸ਼ ਸਮਿਤੀ ਦੇ ਇਸ ਦਾਅਵੇ ਦੇ ਜਵਾਬ ਵਿੱਚ ਜੰਮੂ ਕਸ਼ਮੀਰ ਸਟੂਡੈਂਟਸ ਐਸੋਸੀਏਸ਼ਨ ਦੇ ਨੈਸ਼ਨਲ ਕਨਵੀਨਰ ਨਾਸਿਰ ਖੁਆਮੀ ਦਾ ਕਹਿਣਾ ਹੈ ਕਿ ਸਰਕਾਰ ਵੱਲੋਂ ਇਸ ਸੰਸਥਾ ਨੂੰ 2017-18 ਵਿੱਚ ਦਸ ਲੱਖ; 2018-19 ਵਿੱਚ 50 ਲੱਖ; 2019-20 ਵਿੱਚ ਪੰਜ ਕਰੋੜ; 2020-21 ਵਿੱਚ 19.70 ਕਰੋੜ; 2024-25 ਵਿੱਚ 28 ਕਰੋੜ ਰੁਪਏ ਦਿੱਤੇ ਗਏ ਅਤੇ ਕੁੱਲ ਮਿਲਾ ਕੇ 121 ਕਰੋੜ ਰੁਪਏ ਦਾ ਸਰਕਾਰੀ ਫੰਡ ਸੰਸਥਾ ਨੂੰ ਹਾਸਲ ਹੋਇਆ।

ਖ਼ੈਰ, ਮੈਡੀਕਲ ਕਾਲਜ ਦੀ ਮਾਨਤਾ ਰੱਦ ਕਰਵਾਉਣ ਲਈ ‘ਸ੍ਰੀ ਮਾਤਾ ਵੈਸ਼ਨੋ ਦੇਵੀ ਸੰਘਰਸ਼ ਸਮਿਤੀ’ ਨੇ ਬਾਕਾਇਦਾ ਵਿਰੋਧ ਪ੍ਰਦਰਸ਼ਨ ਅਤੇ ਸੰਘਰਸ਼ ਦਾ ਰਾਹ ਅਖ਼ਤਿਆਰ ਕੀਤਾ ਤਾਂ ਜੋ ਦਾਖ਼ਲੇ ਰੱਦ ਕਰਵਾਏ ਜਾ ਸਕਣ। ਹਾਲਾਂਕਿ, ਇਸ ਕਾਲਜ ਵਿੱਚ ਵਿਦਿਆਰਥੀਆਂ ਨੂੰ ਬਾਕਾਇਦਾ ਕੇਂਦਰੀ ਪੱਧਰ ’ਤੇ ਹੋਈ ਦਾਖ਼ਲਾ ਪ੍ਰੀਖਿਆ ‘ਨੀਟ’ ਦੀ ਮੈਰਿਟ ਸੂਚੀ ਦੇ ਆਧਾਰ ’ਤੇ ਸੀਟਾਂ ਮਿਲੀਆਂ ਸਨ। ਕੀ ਕੇਂਦਰੀ ਪੱਧਰ ’ਤੇ ਹੋਈ ਇਸ ਪ੍ਰੀਖਿਆ ਦੀ ਮੈਰਿਟ ਸੂਚੀ ਸਹੀ ਨਹੀਂ ਸੀ? ਨੈਸ਼ਨਲ ਮੈਡੀਕਲ ਕਮਿਸ਼ਨ ਦਾ ਖ਼ੁਦ ਮੰਨਣਾ ਹੈ ਕਿ ਦਾਖ਼ਲੇ ਮੈਰਿਟ ’ਤੇ ਹੋਏ ਅਤੇ ਇਸ ਵਿੱਚ ਕਿਸੇ ਕਿਸਮ ਦੀ ਕੋਈ ਬੇਨੇਮੀ ਨਹੀਂ ਹੋਈ।

ਕੀ ਕਾਲਜ ਨੂੰ ਮਾਨਤਾ ਦੇਣ ਵਾਲੀ ਸੰਸਥਾ ਨੈਸ਼ਨਲ ਮੈਡੀਕਲ ਕੌਂਸਲ ਦੀ ਜਵਾਬਦੇਹੀ ਨਹੀਂ ਬਣਦੀ ਕਿ ਉਸ ਨੇ ਚਾਰ ਮਹੀਨੇ ਪਹਿਲਾਂ ਕਿਹੜੇ ਮਾਪਦੰਡਾਂ ਦੇ ਆਧਾਰ ’ਤੇ ਇਸ ਕਾਲਜ ਨੂੰ ਮਾਨਤਾ ਦਿੱਤੀ ਸੀ ਅਤੇ ਹੁਣ ਦਾਖ਼ਲਿਆਂ ਤੋਂ ਬਾਅਦ ਅਚਾਨਕ ਅਜਿਹਾ ਕੀ ਵਾਪਰਿਆ ਕਿ ਮੈਡੀਕਲ ਕਾਲਜ ਦੀ ਮਾਨਤਾ ਹੀ ਰੱਦ ਕਰ ਦਿੱਤੀ? ਜਦੋਂ ਨੈਸ਼ਨਲ ਮੈਡੀਕਲ ਕਮਿਸ਼ਨ ਨੂੰ ਹੁਣ ਇਹ ਸਵਾਲ ਪੁੱਛੇ ਜਾ ਰਹੇ ਹਨ ਕਿ ਕੀ ਉਨ੍ਹਾਂ ਹਿੰਦੂ ਜਥੇਬੰਦੀਆਂ ਦੇ ਦਬਾਅ ਹੇਠ ਆ ਕੇ ਅਜਿਹਾ ਕੀਤਾ ਹੈ ਤਾਂ ਉਨ੍ਹਾਂ ਦਾ ਸਪੱਸ਼ਟ ਕਹਿਣਾ ਹੈ ਕਿ ਅਜਿਹਾ ਹਰਗਿਜ਼ ਨਹੀਂ, ਇਹ ਫ਼ੈਸਲਾ ਤਾਂ ਮਾਪਦੰਡਾਂ ’ਤੇ ਪੂਰੇ ਨਾ ਉਤਰਨ ਕਾਰਨ ਲਿਆ ਗਿਆ ਹੈ। ਫਿਰ ਕਮਿਸ਼ਨ ਵੱਲੋਂ ਤਫ਼ਸੀਲ ਨਾਲ ਉਸ ਇੰਸਪੈਕਸ਼ਨ ਰਿਪੋਰਟ ਦਾ ਹਵਾਲਾ ਦਿੱਤਾ ਗਿਆ ਹੈ ਜੋ ਇਸ ਫ਼ੈਸਲੇ ਦਾ ਸਬੱਬ ਬਣੀ। ਇਸ ਰਿਪੋਰਟ ’ਚ ਢੇਰਾਂ ਖ਼ਾਮੀਆਂ ਦਾ ਜ਼ਿਕਰ ਹੈ ਜਿਵੇਂ ਕਾਲਜ ਵਿੱਚ ਅਧਿਆਪਕਾਂ ਦੀ ਗਿਣਤੀ 39 ਫ਼ੀਸਦੀ ਘੱਟ ਹੈ; ਟਿਊਟਰ ਡਿਮੌਂਸਟਰੇਟਰ, ਸੀਨੀਅਰ ਡਾਕਟਰਾਂ ਦੀ ਗਿਣਤੀ ਤੈਅ ਮਾਪਦੰਡ ਤੋਂ 65 ਫ਼ੀਸਦੀ ਘੱਟ ਹੈ; ਮਰੀਜ਼ਾਂ ਦੀ ਨਿਰਧਾਰਿਤ ਗਿਣਤੀ ਜੋ ਇੱਕ ਦਿਨ ’ਚ ਦੁਪਹਿਰ 1 ਵਜੇ ਤੱਕ ਘੱਟੋ ਘੱਟ 400 ਹੋਣੀ ਚਾਹੀਦੀ ਸੀ, ਉਹ ਸਿਰਫ਼ 182 ਸੀ (ਅਚਾਨਕ ਇੰਸਪੈਕਸ਼ਨ ਵਾਲੇ ਦਿਨ); ਔਰਤਾਂ ਅਤੇ ਮਰਦਾਂ ਲਈ ਅਲੱਗ ਅਲੱਗ ਵਾਰਡ ਵੀ ਨਹੀਂ ਸਨ; ਮਰੀਜ਼ਾਂ ਦੇ ਬੈੱਡ ਸਿਰਫ਼ 45 ਫ਼ੀਸਦੀ ਭਰੇ ਹੋਏ ਸਨ ਜਦੋਂਕਿ ਘੱਟੋ ਘੱਟ 80 ਫ਼ੀਸਦੀ ਭਰੇ ਹੋਏ ਹੋਣੇ ਚਾਹੀਦੇ ਸਨ; ਕਈ ਵਿਭਾਗਾਂ ’ਚ ਰਿਸਰਚ ਲੈਬ ਵੀ ਨਹੀਂ ਸੀ; ਲੈਕਚਰ ਥੀਏਟਰ ਵੀ ਤੈਅ ਮਾਪਦੰਡਾਂ ਅਨੁਸਾਰ ਨਹੀਂ ਸਨ; ਲਾਇਬ੍ਰੇਰੀ ’ਚ ਵੀ ਸਿਰਫ਼ 744 ਪੁਸਤਕਾਂ ਸਨ ਜਦੋਂਕਿ ਘੱਟੋ ਘੱਟ 1500 ਪੁਸਤਕਾਂ ਹੋਣੀਆਂ ਚਾਹੀਦੀਆਂ ਸਨ; ਇੱਥੇ ਸਿਰਫ਼ ਦੋ ਅਪਰੇਸ਼ਨ ਥੀਏਟਰ ਕੰਮ ਕਰ ਰਹੇ ਹਨ ਜਦੋਂਕਿ 5 ਅਪਰੇਸ਼ਨ ਥੀਏਟਰ ਕੰਮ ਕਰਦੇ ਹੋਣੇ ਚਾਹੀਦੇ ਹਨ। ਕਮਿਸ਼ਨ ਅਨੁਸਾਰ ਏਨੀਆਂ ਘੋਰ ਉਲੰਘਣਾਵਾਂ ਤੇ ਖ਼ਾਮੀਆਂ ਕਾਰਨ ਮੈਡੀਕਲ ਕਾਲਜ ਦੀ ਮਾਨਤਾ ਰੱਦ ਕੀਤੀ ਗਈ ਹੈ। ਖ਼ੈਰ, ਠੀਕ ਹੈ ਏਨੀਆਂ ਵਿਆਪਕ ਉਲੰਘਣਾਵਾਂ ਤੇ ਖ਼ਾਮੀਆਂ ਕਾਰਨ ਇਸ ਕਾਲਜ ਦੀ ਮਾਨਤਾ ਰੱਦ ਹੋਣੀ ਹੀ ਚਾਹੀਦੀ ਸੀ, ਪਰ ਕੀ ਇਹ ਸਵਾਲ ਪੁੱਛਣਾ ਨਹੀਂ ਬਣਦਾ ਕਿ ਏਨੀਆਂ ਖ਼ਾਮੀਆਂ ਅਤੇ ਮਾਪਦੰਡਾਂ ’ਤੇ ਖ਼ਰੇ ਨਾ ਉਤਰਨ ਵਾਲੇ ਮੈਡੀਕਲ ਕਾਲਜ ਨੂੰ ਮਹਿਜ਼ ਚਾਰ ਮਹੀਨੇ ਪਹਿਲਾਂ ਮਾਨਤਾ ਕਿਸ ਆਧਾਰ ’ਤੇ ਦਿੱਤੀ ਗਈ ਸੀ? ਨਾਲ ਹੀ ਇਹ ਸਵਾਲ ਵੀ ਉੱਠਦਾ ਹੈ ਕਿ ਕੀ ਤੈਅ ਨਿਯਮਾਂ ਅਨੁਸਾਰ ਮੈਡੀਕਲ ਕਾਲਜ ਨੂੰ ਉਪਰੋਕਤ ਖ਼ਾਮੀਆਂ ਦੂਰ ਕਰਨ ਲਈ ਕੋਈ ਸਮਾਂ ਦਿੱਤਾ ਗਿਆ ਜਾਂ ਫਿਰ ਇਸ ਰਿਪੋਰਟ ਮਗਰੋਂ ਤੱਟ-ਫੱਟ ਹੀ ਮਾਨਤਾ ਰੱਦ ਕਰਨ ਦਾ ਫ਼ੈਸਲਾ ਲੈ ਲਿਆ ਗਿਆ? ਇਸ ਸਾਰੇ ਵਿਵਾਦ ਦੀ ਘੁੰਮਣਘੇਰੀ ਵਿੱਚ ਇਨ੍ਹਾਂ ਸਵਾਲਾਂ ਦੇ ਜਵਾਬਾਂ ਦਾ ਵੇਰਵਾ ਗਾਇਬ ਹੈ।

ਕੋਈ ਸੰਸਥਾ ਖੁੱਲ੍ਹਵਾਉਣ ਲਈ ਸੰਘਰਸ਼ ਹੁੰਦੇ ਤਾਂ ਵੇਖੇ ਗਏ ਸਨ ਪਰ ਇਹ ਪਹਿਲੀ ਵਾਰ ਦੇਖਣ ਵਿੱਚ ਆਇਆ ਹੈ ਕਿ ਕਿਸੇ ਸੰਸਥਾ ਨੂੰ ਬੰਦ ਕਰਵਾਉਣ ਲਈ ਸੰਘਰਸ਼ ਕੀਤਾ ਗਿਆ। ਸਿੱਖਿਆ ਜਹਾਲਤ ਦਾ ਹਨੇਰਾ ਦੂਰ ਕਰ ਕੇ ਜ਼ਿੰਦਗੀਆਂ ਨੂੰ ਗਿਆਨ ਨਾਲ ਰੌਸ਼ਨ ਕਰਦੀ ਹੈ। ਜਦੋਂ ਕੋਈ ਸਿੱਖਿਆ ਸੰਸਥਾ ਬੰਦ ਹੁੰਦੀ ਹੈ ਤਾਂ ਲਾਜ਼ਮੀ ਹੈ ਕਿ ਕਿਸੇ ਵੀ ਸੰਵੇਦਨਸ਼ੀਲ ਮਨੁੱਖ ਨੂੰ ਦੁੱਖ ਹੁੰਦਾ ਹੈ ਪਰ ਉਦੋਂ ਤੁਹਾਨੂੰ ਹੋਰ ਵੀ ਡੂੰਘੀ ਉਦਾਸੀ ਘੇਰ ਲੈਂਦੀ ਹੈ ਜਦੋਂ ਇਸ ਤਰ੍ਹਾਂ ਦੀ ਪੇਸ਼ੇਵਰ ਸਿੱਖਿਆ ਦੇਣ ਵਾਲੀ ਸੰਸਥਾ ਦੀ ਮਾਨਤਾ ਰੱਦ ਹੋਣ ’ਤੇ ਢੋਲ ਵਜਾ ਕੇ ਖ਼ੁਸ਼ੀਆਂ ਮਨਾਈਆਂ ਜਾ ਰਹੀਆਂ ਹੋਣ, ਭੰਗੜੇ ਪਾਏ ਜਾ ਰਹੇ ਹੋਣ ਅਤੇ ਮਠਿਆਈਆਂ ਵੰਡ ਕੇ ਇੱਕ-ਦੂਜੇ ਨੂੰ ਵਧਾਈਆਂ ਦਿੱਤੀਆਂ ਜਾ ਰਹੀਆਂ ਹੋਣ। ਇਹੋ ਜਿਹੇ ਜਸ਼ਨ ਤਾਂ ਪਹਿਲਾਂ ਸਿੱਖਿਆ ਅਦਾਰੇ ਦੇ ਖੁੱਲ੍ਹਣ ’ਤੇ ਮਨਾਏ ਜਾਂਦੇ ਸਨ ਪਰ ਇਸ ਨਵੇਂ ਦੌਰ ਵਿੱਚ ਅਸੀਂ ਇਹ ਨਵੇਂ ਹੀ ਰੰਗ ਦੇਖ ਹਾਂ।

ਅਜਿਹੇ ਜਸ਼ਨਾਂ ਦੀਆਂ ਤਸਵੀਰਾਂ ਵਾਕਈ ਬਹੁਤ ਪ੍ਰੇਸ਼ਾਨ ਕਰਨ ਵਾਲੀਆਂ ਹਨ।

ਗੱਲ ਇੱਥੇ ਹੀ ਨਹੀਂ ਮੁੱਕਦੀ। ਹੁਣ ਆਖਿਆ ਜਾ ਰਿਹਾ ਹੈ ਕਿ ਮੈਡੀਕਲ ਕਾਲਜ ਦੀ ਥਾਂ ਉੱਥੇ ਗੁਰੂਕੁਲ ਖੋਲ੍ਹਿਆ ਜਾਵੇ ਤਾਂ ਜੋ ਬੱਚੇ ਸਨਾਤਨ ਧਰਮ ਦੀ ਸਿੱਖਿਆ ਹਾਸਲ ਕਰ ਸਕਣ। ਸਨਾਤਨ ਧਰਮ ਦੀ ਬੁਨਿਆਦੀ ਸਿੱਖਿਆ ਹੈ, ‘ਵਸੂਧੈਵ ਕਟੁੰਬਕਮ’ (ਸਮੁੱਚਾ ਵਿਸ਼ਵ ਇੱਕ ਪਰਿਵਾਰ ਹੈ)। ਅਸੀਂ ਸਨਾਤਨ ਦੀ ਇਸੇ ਬੁਨਿਆਦੀ ਸਿੱਖਿਆ ਬਾਰੇ ਕੁੱਲ ਜਹਾਨ ਨੂੰ ਦੱਸਦੇ ਹਾਂ ਕਿ ਕਿਸੇ ਨਾਲ ਵੀ ਵਿਤਕਰਾ ਕਰਨਾ ਸਾਡੇ ਸੁਭਾਅ ’ਚ ਸ਼ਾਮਲ ਨਹੀਂ ਕਿਉਂਕਿ ਆਪਣੇ ਅਕੀਦੇ ਅਨੁਸਾਰ ਅਸੀਂ ਸਭ ਨੂੰ ਆਪਣੇ ਭੈਣ-ਭਰਾ ਤੇ ਪਰਿਵਾਰ ਦੇ ਜੀਅ ਮੰਨਦੇ ਹਾਂ ਪਰ ਹਕੀਕੀ ਰੂਪ ’ਚ ਅਸੀਂ ਆਪਣੇ ਬੱਚਿਆਂ ਵਿੱਚ ਹਿੰਦੂ, ਮੁਸਲਮਾਨ, ਸਿੱਖ, ਇਸਾਈ ਆਦਿ ਦੀਆਂ ਵੰਡੀਆਂ ਪਾ ਰਹੇ ਹਾਂ ਅਤੇ ਸਨਾਤਨ ਦੀ ਬੁਨਿਆਦੀ ਸਿੱਖਿਆ ਤੋਂ ਦੂਰ ਜਾ ਰਹੇ ਹਾਂ।

ਕੀ ਅਸੀਂ ਇੱਕ ਵਿੱਦਿਅਕ ਅਦਾਰੇ ਦੇ ਬੰਦ ਹੋਣ ’ਤੇ ਆਪਣੀ ਭਵਿੱਖ ਦੀ ਪੀੜ੍ਹੀ ਨੂੰ ਜਹਾਲਤ ਦੇ ਹਨੇਰੇ ’ਚ ਧੱਕਣ ਦੇ ਜਸ਼ਨ ਮਨਾ ਰਹੇ ਹਾਂ? ਜਦੋਂ ਕੋਈ ਸਮਾਜ ਅਜਿਹੇ ਰਾਹ ਤੁਰ ਪਵੇ ਤਾਂ ਉਸ ਦੇ ਭਵਿੱਖ ਦਾ ਅੰਦਾਜ਼ਾ ਲਾਉਣਾ ਕੋਈ ਔਖਾ ਨਹੀਂ ਹੁੰਦਾ।

# ਸੋਨਾ ਉਗਲਦੀ ਜ਼ਮੀਨ ਦਾ ਘਾਣ ਕਿਉਂ?

ਸੁਰਿੰਦਰ ਸਿੰਘ ਤੇਜ



ਮਲਕਾ ਹਾਂਸ ਮੇਰੀ ਮਾਂ ਦਾ ਨਾਨਕਾ ਪਿੰਡ ਵੀ ਸੀ ਤੇ ਪੇਕਾ ਵੀ (ਨਾਨੇ ਵੱਲੋਂ ਧੀ ਵਜੋਂ ਗੋਦ ਲਈ ਹੋਣ ਕਰ ਕੇ)। ਸੰਤਾਲੀ ਵਾਲੀ ਵੰਡ ਤੋਂ ਪਹਿਲਾਂ ਇਹ ਮਿੰਟਗੁਮਰੀ (ਮੌਜੂਦਾ ਸਾਹੀਵਾਲ) ਜ਼ਿਲ੍ਹੇ ਵਿੱਚ ਪੈਂਦਾ ਸੀ। ਹੁਣ ਇਹ ਪਾਕ ਪੱਤਣ ਜ਼ਿਲ੍ਹੇ ਦਾ ਕਸਬਾ ਹੈ, ਤਕਰੀਬਨ 60 ਹਜ਼ਾਰ ਦੀ ਵਸੋਂ ਵਾਲਾ। ਸੰਤਾਲੀ ਤੋਂ ਪਹਿਲਾਂ ਪਾਕ ਪੱਤਣ ਮਿੰਟਗੁਮਰੀ ਜ਼ਿਲ੍ਹੇ ਦੀ ਤਹਿਸੀਲ ਸੀ। ਹੁਣ ਸਾਹੀਵਾਲ (ਮਿੰਟਗੁਮਰੀ) ਡਿਵੀਜ਼ਨ ਹੈ; ਭਾਰਤ ਦੇ ਫ਼ਾਜ਼ਿਲਕਾ ਤੇ ਫ਼ਿਰੋਜ਼ਪੁਰ ਜ਼ਿਲ੍ਹਿਆਂ ਨਾਲ ਜੁੜਦੀ ਹੋਈ। ਕਿੰਨੂਆਂ ਦੇ ਬਾਗ਼ਾਂ ਦੀ ਭਰਮਾਰ ਵਾਲੀ। ਮਾਂ ਮਲਕੇ ਦੀਆਂ ਗੱਲਾਂ ਅਕਸਰ ਕਰਿਆ ਕਰਦੀ ਸੀ। ਪਿੰਡ ਦਾ ਪੂਰਾ ਨਾਮ ਕਦੇ ਨਹੀਂ ਸੀ ਲੈਂਦੀ। ਕੁਝ ਦਹਾਕੇ ਪਹਿਲਾਂ ਜਦੋਂ ਮੈਂ ਇਹ ਪੜ੍ਹਿਆ ਕਿ ਵਾਰਿਸ ਸ਼ਾਹ ਦੀ ਕਬਰ ਮਲਕਾ ਹਾਂਸ ਵਿੱਚ ਸੀ ਅਤੇ 'ਸੈਫ਼ੁਲ ਮਲੂਕ' ਲਿਖਣ ਵਾਲਾ ਮੀਆਂ ਮੁਹੰਮਦ ਬਖ਼ਸ਼ ਵੀ ਉੱਥੇ ਰਹਿੰਦਾ ਰਿਹਾ ਸੀ ਤਾਂ ਮਾਂ ਤੋਂ ਉਸ ਪਿੰਡ ਬਾਰੇ ਜਾਣਨ ਦੀ ਜਿਗਿਆਸਾ ਹੋਈ। ਮਾਂ ਨੂੰ ਮੀਆਂ ਮੁਹੰਮਦ ਬਖ਼ਸ਼ ਬਾਰੇ ਤਾਂ ਕੁਝ ਵੀ ਪਤਾ ਨਹੀਂ ਸੀ, ਪਰ 'ਆਸ਼ਿਕ ਦੀ ਕਬਰ' ਬਾਰੇ ਥੋੜ੍ਹੀ ਬਹੁਤ ਜਾਣਕਾਰੀ ਜ਼ਰੂਰ ਸੀ। ਉਸ ਨੇ ਦੱਸਿਆ ਕਿ ਕੁੜੀਆਂ ਨੂੰ ਉੱਥੇ ਜਾਣ ਤੋਂ ਵਰਜਿਆ ਜਾਂਦਾ ਸੀ। ਇਹ ਵੱਖਰੀ ਗੱਲ ਹੈ ਕਿ ਹੁਣ ਉੱਥੇ ਇੱਕ ਸ਼ਾਨਦਾਰ ਮਸਜਿਦ ਵੀ ਉਸਰੀ ਹੋਈ ਹੈ ਅਤੇ ਉਸ ਦੇ ਨੇੜੇ ਹੀ 'ਸੱਯਦ' ਵਾਰਿਸ ਸ਼ਾਹ ਦੀ ਯਾਦ ਵਿੱਚ ਇੱਕ ਲਾਇਬ੍ਰੇਰੀ ਵੀ ਮੌਜੂਦ ਹੈ। ਪਿੰਡ ਵਿੱਚ ਖੇਤੀ ਬਾਰੇ ਮੇਰੇ ਸਵਾਲਾਂ ਦੇ ਜਵਾਬ ਵਿੱਚ ਮਾਂ ਅਕਸਰ ਕਿਹਾ ਕਰਦੀ ਸੀ ਕਿ ਜ਼ਮੀਨ ਜਿੰਨੀ ਉੱਥੇ ਜ਼ਰਖ਼ੇਜ਼ ਸੀ, ਉਹੋ ਜਿਹੀ ਜ਼ਰਖ਼ੇਜ਼ੀ ਉਹਨੇ 30-40 ਵਰ੍ਹਿਆਂ ਬਾਅਦ ਹੀ ਏਧਰਲੇ ਪੰਜਾਬ ਵਿੱਚ ਦੇਖੀ ਸੀ। ਫ਼ਸਲਾਂ ਵੱਲੋਂ ਉਹ ਮਲਕਾ ਹਾਂਸ ਵਿੱਚ ਕਣਕ, ਬਾਜਰਾ, ਨਰਮਾ, ਮੂੰਗ ਤੇ ਛੋਲਿਆਂ ਦੀ ਭਰਵੀਂ ਕਾਸ਼ਤ ਦਾ ਜ਼ਿਕਰ ਅਕਸਰ ਕਰਿਆ ਕਰਦੀ ਸੀ।

ਮਾਂ 98ਵਿਆਂ ਵਾਲੀ ਉਮਰ ਵਿੱਚ ਪੁੱਜ ਕੇ ਇਸ ਜਹਾਨ ਤੋਂ ਰੁਖ਼ਸਤ ਹੋਈ ਪਰ ਉਸ ਵਾਲੀਆਂ ਯਾਦਾਂ 'ਪੰਜਾਬ: ਫ਼ਸਲਾਂ ਹੇਠੋਂ ਖਿਸਕਦੀ ਜ਼ਮੀਨ' (ਚੇਤਨਾ ਪ੍ਰਕਾਸ਼ਨ; 222 ਪੰਨੇ; 350 ਰੁਪਏ) ਦਾ ਪਹਿਲਾ ਅਨੁਭਾਗ ਪੜ੍ਹਦਿਆਂ ਮੇਰੇ ਜ਼ਿਹਨ ਵਿੱਚ ਤਸਵੀਰਾਂ ਵਾਂਗ ਦ੍ਰਿਸ਼ਮਾਨ ਹੋ ਗਈਆਂ। ਪੰਜਾਬ ਦੇ ਬੇਥਵ੍ਹੇ ਤੇ ਬੇਤਰਤੀਬੇ ਸ਼ਹਿਰੀਕਰਨ ਖ਼ਿਲਾਫ਼ ਹੋਕਾ ਦੇਣ ਵਾਲੀ ਇਹ ਕਿਤਾਬ 'ਕਾਫ਼ਲਾ: ਜੀਵੇ ਪੰਜਾਬ' ਨਾਮੀ ਸਵੈਸੇਵੀ ਸੰਸਥਾ ਦੀ ਪੇਸ਼ਕਾਰੀ ਹੈ। ਇਸ ਦਾ ਸੰਪਾਦਨ ਗੁਰਪ੍ਰੀਤ ਸਿੰਘ ਤੂਰ, ਨਵਤੇਜ ਸਿੰਘ ਬੈਂਸ ਤੇ ਬਲਵੰਤ ਸਿੰਘ ਸੰਧੂ ਹੋਰਾਂ ਵੱਲੋਂ ਕੀਤਾ ਗਿਆ ਹੈ। 23 ਮਜ਼ਮੂਨ ਹਨ ਇਸ ਵਿੱਚ, ਸਾਰੇ ਮਾਹਿਰਾਂ ਵੱਲੋਂ ਲਿਖੇ ਗਏ। ਉਪਭਾਵੁਕਤਾ ਤੋਂ ਰਹਿਤ, ਤੱਥਾਂ ਨਾਲ ਲੈਸ। ਸਾਦੀ ਤੇ ਸਰਲ ਭਾਸ਼ਾ ਵਿੱਚ ਪੰਜਾਬ ਦੀ ਮਿੱਟੀ, ਪਾਣੀ ਅਤੇ ਤਹਿਜ਼ੀਬੀ ਵਜੂਦ ਨੂੰ ਸਮੇਂ ਦੀਆਂ ਸਰਕਾਰਾਂ ਦੇ ਮਾਇਕ ਮੋਹ ਅਤੇ ਲੈਂਡ ਸ਼ਾਰਕਾਂ (ਭੂ-ਮਾਫ਼ੀਆ) ਦੇ ਬੇਹਿਸਾਬੇ ਲੋਭ-ਲਾਲਚਾਂ ਤੋਂ ਬਚਾਉਣ ਦਾ ਵਾਸਤਾ ਪਾਉਣ ਵਾਲੇ। ਇੱਕ ਮਿਸਾਲ: ''ਇਸ ਵਿੱਚ ਕੋਈ ਸ਼ੱਕ ਨਹੀਂ ਕਿ ਯੋਜਨਾਬੱਧ ਸ਼ਹਿਰੀ ਵਿਕਾਸ ਹੋਣਾ ਜ਼ਰੂਰੀ ਹੈ, ਪਰ ਅਜਿਹਾ ਨਾ ਹੋਣ ਪਿੱਛੇ ਨੀਅਤ ਤੇ ਨੀਤੀ ਦੀ ਘਾਟ ਅਤੇ ਤਤਕਾਲੀ ਸਰਕਾਰਾਂ ਦੀ ਅਸਫ਼ਲਤਾ ਝਲਕਦੀ ਹੈ। ਸਾਲ 2001 ਦੀ ਜਨਗਣਨਾ ਅਨੁਸਾਰ ਪੰਜਾਬ ਵਿੱਚ 33.95 ਫ਼ੀਸਦੀ ਸ਼ਹਿਰੀ ਆਬਾਦੀ ਸੀ ਜੋ 2011 ਵਿੱਚ 37.48 ਫ਼ੀਸਦੀ ਹੋ ਗਈ। ਆਉਣ ਵਾਲੀ ਜਨਗਣਨਾ ਵਿੱਚ ਸ਼ਹਿਰੀ ਆਬਾਦੀ 43.44 ਫ਼ੀਸਦੀ ਪੁੱਜਣ ਦੀ ਉਮੀਦ ਹੈ। ਅਕਾਲੀ-ਭਾਜਪਾ ਸਰਕਾਰ ਵੱਲੋਂ ਵੀ ਲੈਂਡ ਪੂਲਿੰਗ ਪਾਲਿਸੀ ਅਧੀਨ ਜ਼ਮੀਨ ਲਈ ਗਈ ਸੀ ਪਰ ਉਸਦਾ ਸਕੇਲ ਹੁਣ ਵਾਲੀ ਪਾਲਿਸੀ ਦੇ ਸਕੇਲ ਨਾਲੋਂ ਬਹੁਤ ਛੋਟਾ ਸੀ। ... ਸਰਕਾਰ ਦੇ ਹਾਊਸਿੰਗ ਵਿਭਾਗ ਵੱਲੋਂ ਸਾਲ 2000 ਤੋਂ ਹੁਣ ਤੱਕ ਕੁਲ 10,967 ਏਕੜ ਜ਼ਮੀਨ ਐਕੁਆਇਰ ਕੀਤੀ ਗਈ ਹੈ ਜੋ ਸਾਲਾਨਾ ਔਸਤ ਤਕਰੀਬਨ 439 ਏਕੜ ਬਣਦੀ ਹੈ। ਉਸ ਵਿੱਚੋਂ ਵੀ ਹੁਣ ਤੱਕ 3000 ਏਕੜ ਜ਼ਮੀਨ ਵਿਕਸਿਤ ਕਰਨੀ ਬਾਕੀ ਹੈ।'' (ਪੰਨਾ 78)

ਅਜਿਹੀ ਸਥਿਤੀ ਵਿੱਚ ਮੌਜੂਦਾ ਸਰਕਾਰ ਨੂੰ ਹੋਰ ਦਿਹਾਤੀ ਜ਼ਮੀਨਾਂ ਐਕੁਆਇਰ ਕਰਨ ਦੀ ਚਾਹਤ ਕਿਉਂ ਸਤਾ ਰਹੀ ਹੈ? ਖ਼ਾਸ ਕਰ ਕੇ ਅਸਲ ਸਥਿਤੀ ਇਸ ਤਰ੍ਹਾਂ ਦੀ ਹੁੰਦਿਆਂ: ''ਕੁਝ ਕੁ ਧਨ ਕੁਬੇਰਾਂ, ਖ਼ਾਸ ਕਰ ਕੇ ਰੀਅਲ ਅਸਟੇਟ ਦਾ ਧੰਦਾ ਕਰਨ ਵਾਲਿਆਂ ਦੇ ਸ਼ਹਿਰਾਂ ਵਿੱਚ ਛੇ-ਛੇ/ਸੱਤ-ਸੱਤ ਪਲਾਟ ਹਨ। ਇਨ੍ਹਾਂ ਵਿੱਚੋਂ ਉਹ ਇੱਕ-ਇੱਕ ਕਰ ਕੇ ਉਦੋਂ ਹੀ ਵੇਚਦੇ ਹਨ, ਜਦੋਂ ਅੱਗੇ ਹੋਰ ਸੌਦਾ ਕਰ ਲਿਆ ਹੁੰਦਾ ਹੈ। ਅਜਿਹੇ ਮੁਨਾਫ਼ਿਆਂ ਵਿੱਚੋਂ ਉਹ ਪਲਾਟਾਂ ਦੀ ਗਿਣਤੀ ਵਿੱਚ ਇੱਕ-ਇੱਕ ਕਰਕੇ ਵਾਧਾ ਕਰਦੇ ਜਾਂਦੇ ਹਨ। ਕਿਰਤੀਆਂ ਤੇ ਸਰਵਿਸ ਸੈਕਟਰ ਨੂੰ ਘਰ ਇਸ ਕਰ ਕੇ ਨਹੀਂ ਮਿਲਦੇ ਕਿ ਬਾਜ਼ਾਰ ਵਿੱਚ ਪਲਾਟਾਂ ਦੀ ਕੀਮਤ ਬਹੁਤ ਵਧ ਜਾਂਦੀ ਹੈ।'' (ਪੰਨਾ 103)। ਖੇਤੀ ਵਾਲੀਆਂ ਜ਼ਮੀਨਾਂ ਦੀ ਬਲੀ ਦੇ ਕੇ ਅਜਿਹੇ ਅਨਸਰਾਂ ਨੂੰ ਥਾਪੜਾ ਦੇਣ ਵਿੱਚ ਸਰਕਾਰਾਂ ਨੂੰ ਕਿਹੜੇ ਲੋਕ-ਹਿੱਤ ਸਾਹਮਣੇ ਦਿਸਦੇ ਹਨ; ਇਸ ਦਾ ਜਵਾਬ ਸਮੇਂ ਦੇ ਹੁਕਮਰਾਨਾਂ ਤੋਂ ਅਵੱਸ਼ ਮੰਗਿਆ ਜਾਣਾ ਚਾਹੀਦਾ ਹੈ।

ਇਸ ਮਜ਼ਮੂਨ ਦੀ ਸ਼ੁਰੂਆਤ ਵਿੱਚ ਮੈਂ ਓਧਰਲੇ (ਪੱਛਮੀ) ਪੰਜਾਬ ਦੀਆਂ ਜ਼ਮੀਨਾਂ ਦੀ ਜ਼ਰਖ਼ੇਜ਼ੀ ਦੀ ਗੱਲ ਕੀਤੀ ਹੈ। ਦਰਅਸਲ, ਉਹ ਜ਼ਰਖ਼ੇਜ਼ੀ ਵੀ ਕੁਦਰਤੀ ਨਹੀਂ ਸੀ। ਕਈ ਦਹਾਕਿਆਂ ਦੀ ਕਿਸਾਨੀ ਮੁਸ਼ੱਕਤ ਦਾ ਸਿੱਟਾ ਸੀ। ਹੁਣ ਵਾਲੀਆਂ ਸਾਹੀਵਾਲ ਜਾਂ ਫ਼ੈਸਲਾਬਾਦ ਜਾਂ ਝੰਗ ਡਿਵੀਜ਼ਨਾਂ ਦੇ ਬਹੁਤੇ ਇਲਾਕੇ 20ਵੀਂ ਸਦੀ ਦੀ ਆਰੰਭਤਾ ਵੇਲੇ ਵੀ 'ਜਾਂਗਲੀਆਂ ਦੇ ਇਲਾਕੇ' ਮੰਨੇ ਜਾਂਦੇ ਸਨ, ਕਾਸ਼ਤਕਾਰਾਂ ਦੇ ਨਹੀਂ। ਜੰਗਲ ਕਿੱਕਰ-ਜੰਡ-ਕਰੀਰਾਂ ਵਾਲੇ ਸਨ। ਬ੍ਰਿਟਿਸ਼ ਹਕੂਮਤ ਨੇ ਆਪਣੀਆਂ ਕਮਰਸ਼ੀਅਲ ਗਰਜ਼ਾਂ ਦੀ ਖ਼ਾਤਿਰ ਨਹਿਰਾਂ ਕੱਢ ਕੇ ਸਤਲੁਜ, ਜਿਹਲਮ ਤੇ ਹੋਰਨਾਂ ਦਰਿਆਵਾਂ ਦੇ ਪਾਣੀ ਖੇਤਾਂ ਤੱਕ ਪਹੁੰਚਾਉਣ ਦਾ ਪ੍ਰਬੰਧ ਕੀਤਾ। ਫਿਰ ਖੇਤੀ ਵਾਲੀ ਫ਼ਿਜ਼ਾ ਤਿਆਰ ਕਰਨ ਲਈ ਏਧਰਲੇ ਪੰਜਾਬ ਦੇ ਮਿਹਨਤੀ ਕਾਸ਼ਤਕਾਰਾਂ ਨੂੰ ਉੱਥੇ ਜ਼ਮੀਨਾਂ ਅਲਾਟ ਕੀਤੀਆਂ। ਸਦੀਆਂ ਤੋਂ ਅਣਵਾਹੀ ਜ਼ਮੀਨ ਨੇ ਅਜਿਹੇ ਉਪਰਾਲਿਆਂ ਤੋਂ ਬਾਅਦ ਸੋਨਾ ਉਗਲਣਾ ਹੀ ਸੀ। ਇਸ ਤਰਜ਼ ਦੀ ਸਾਰੀ ਦ੍ਰਿਸ਼ਾਵਲੀ ਡਾ. ਹਰਦੀਪ ਸਿੰਘ ਸੁਰ ਅਤੇ ਡਾ. ਪਾਲ ਸਿੰਘ ਸਿੱਧੂ ਦੇ ਲੇਖਾਂ ਵਿੱਚ ਸੁਚੱਜੇ ਢੰਗ ਨਾਲ ਦਰਜ ਹੈ। ਇੱਕ ਝਲਕ: ''1947 ਵਿੱਚ ਦੁਨੀਆ ਦਾ ਸਭ ਤੋਂ ਵੱਡਾ ਵਸੋਂ ਤਬਾਦਲਾ ਹੋਇਆ। ਏਧਰਲਾ ਪੰਜਾਬ ਨਵੇਂ ਬਣੇ ਪਾਕਿਸਤਾਨ ਵਿੱਚ 67 ਲੱਖ ਏਰੀਆ, ਜਿਸ ਵਿੱਚੋਂ 43 ਲੱਖ ਏਰੀਆ ਸਿੰਚਾਈ ਹੇਠ ਸੀ, ਛੱਡ ਆਇਆ। ਉਸ ਦੇ ਬਦਲੇ ਵਿੱਚ ਇਸ ਪਾਸੇ 47 ਲੱਖ ਏਕੜ ਹੀ ਹਿੱਸੇ ਆਏ। ਇਨ੍ਹਾਂ ਵਿੱਚੋਂ 13 ਲੱਖ ਏਕੜ ਨੂੰ ਹੀ ਸਿੰਚਾਈ ਸਾਧਨ ਉਪਲਬਧ ਸਨ। ਦੇਸ਼ ਵੰਡ ਤੋਂ ਬਾਅਦ ਨਵੀਆਂ ਅਲਾਟਮੈਂਟਾਂ ਹੋਈਆਂ। ਭੂਮੀ ਸੁਧਾਰ ਐਕਟ ਤਹਿਤ ਪ੍ਰਾਂਤ ਦੀਆਂ ਸ਼ੋਰੇ, ਸੇਂਕੇ, ਤੇਜ਼ਾਬੀ ਤੇ ਬਰਾਨੀ ਜ਼ਮੀਨਾਂ ਨੂੰ ਸੁਧਾਰ ਕੇ ਖੇਤੀਯੋਗ ਬਣਾਇਆ।'' (ਪੰਨਾ 20)

ਮਿਹਨਤ ਤਤਕਾਲੀ ਸਰਕਾਰਾਂ ਨੇ ਵੀ ਕੀਤੀ, ਪਰ ਅਸਲ ਜਲਵਾ ਤਾਂ ਕਾਸ਼ਤਕਾਰਾਂ ਦੀ ਹੱਡ-ਭੰਨਵੀਂ ਮੁਸ਼ੱਕਤ ਨੇ ਹੀ ਸੰਭਵ ਬਣਾਇਆ। ਅਜਿਹੇ ਜਲਵੇ ਦੇ ਚਸ਼ਮਦੀਦਾਂ ਦੀ ਪੰਜਾਬ ਵਿੱਚ ਵੱਡੀ ਗਿਣਤੀ ਹੁਣ ਵੀ ਮੌਜੂਦ ਹੈ। ਰੇਤਲੇ ਟਿੱਬਿਆਂ ਨੂੰ ਉਪਜਾਊ ਜ਼ਮੀਨਾਂ ਵਿੱਚ ਬਦਲਣ ਦਾ ਜਿਹੜਾ ਹੁਨਰ ਪੰਜਾਬੀਆਂ ਦੇ ਹਿੱਸੇ ਆਇਆ, ਹੁਣ ਉਸ ਨੂੰ ਖੁੰਢਾ ਬਣਾਉਣ ਦੇ ਰਾਹ ਸਰਕਾਰਾਂ ਦੀ ਸਰਪ੍ਰਸਤੀ ਹੇਠ ਅਖੌਤੀ ਡਿਵੈਲਪਰ ਤੁਰੇ ਹੋਏ ਹਨ। ਇਸ ਤੋਂ ਵੱਡੀ ਤ੍ਰਾਸਦੀ ਹੋਰ ਕੀ ਹੋ ਸਕਦੀ ਹੈ? ਕਿਤਾਬ ਦੀ ਸੰਪਾਦਕੀ 'ਮੇਰਾ ਮਿੱਟੀ' ਦੱਸਦੀ ਹੈ: ''ਪੰਜਾਬ ਇੱਕ ਅਜਿਹਾ ਅਭਾਗਾ ਪ੍ਰਾਂਤ ਹੈ ਜੋ ਪਿਛਲੇ ਕੁਝ ਵਰ੍ਹਿਆਂ ਤੋਂ ਪ੍ਰਤੀ ਦਿਨ ਲਗਭਗ 80 ਏਕੜ ਜ਼ਰਖ਼ੇਜ਼ ਜ਼ਮੀਨ ਗਵਾ ਰਿਹਾ ਹੈ। ਉਹ ਜ਼ਮੀਨ, ਜਿਸ ਨੂੰ ਪੁੰਗਰਦੇ ਬੀਜਾਂ ਦੀ ਛੋਹ ਪ੍ਰਾਪਤ ਸੀ, ਅਚਾਨਕ ਕੰਕਰੀਟ ਦੇ ਅਥਾਹ ਭਾਰ ਹੇਠਾਂ ਦੱਬੀ ਜਾ ਰਹੀ ਹੈ। ਕਿਸਾਨਾਂ ਤੇ ਖੇਤ ਮਜ਼ਦੂਰਾਂ ਦੇ ਖੇਤਾਂ ਨਾਲ ਸਦੀਆਂ ਪੁਰਾਣੇ ਸਬੰਧ ਟੁੱਟ ਰਹੇ ਹਨ। ਪੰਜਾਬ ਖੇਤੀ ਪ੍ਰਮੁੱਖ ਸੂਬਾ ਹੋਣ ਦਾ ਆਪਣਾ ਰੁਤਬਾ ਗਵਾ ਰਿਹਾ ਹੈ।'' (ਪੰਨਾ 12)। ਪੰਜਾਬੀਆਂ ਨੂੰ ਅਜਿਹੀਆਂ ਹਕੀਕਤਾਂ ਪ੍ਰਤੀ ਸੁਚੇਤ ਕੀਤੇ ਜਾਣ ਦੀ ਇਸ ਸਮੇਂ ਸਖ਼ਤ ਲੋੜ ਹੈ। 'ਕਾਫ਼ਲਾ: ਜੀਵੇ ਪੰਜਾਬ' ਤਾਂ ਇਸ ਕਾਰਜ ਵਿੱਚ ਯੋਗਦਾਨ ਪਾ ਹੀ ਰਿਹਾ ਹੈ, ਹੋਰਨਾਂ ਸਮਾਜਿਕ-ਸਭਿਆਚਾਰਕ ਸੰਸਥਾਵਾਂ ਤੇ ਸੰਗਠਨਾਂ ਨੂੰ ਵੀ ਇਸ ਕਿਤਾਬ ਅੰਦਰਲੇ ਤੱਥਾਂ-ਤੱਤਾਂ ਤੋਂ ਸੇਧ ਲੈ ਕੇ ਸਾਂਝਾ ਹੰਭਲਾ ਮਾਰਨ ਦੀ ਜ਼ਰੂਰਤ ਹੈ।

# ਆਰਥਿਕ ਸਹਿਯੋਗ ਦਾ ਯੁੱਗ

ਜਗਜੀਤ ਸਿੰਘ

ਅਖ਼ੀਰ ਭਾਰਤ ਅਤੇ ਯੂਰਪੀ ਸੰਘ ਵਿਚਕਾਰ ਸਾਰੇ ਸਮਝੌਤਿਆਂ ਦਾ ਮੁੱਢ ਕਿਹਾ ਜਾਣ ਵਾਲਾ ਮੁਕਤ ਵਪਾਰ ਸਮਝੌਤਾ (ਐੱਫਟੀਏ) ਹੋ ਗਿਆ ਹੈ। ਇਸ ਸਮਝੌਤੇ ਦਾ ਮਹੱਤਵ ਸਿਰਫ਼ ਇਸ ਲਈ ਨਹੀਂ ਹੈ ਕਿ ਇਹ ਦੁਨੀਆ ਦੀ ਇਕ-ਚੌਥਾਈ ਆਬਾਦੀ ਵਾਲੇ ਭਾਰਤ ਅਤੇ 27 ਮੈਂਬਰਾਂ ਵਾਲੇ ਯੂਰਪੀ ਸੰਘ ਵਿਚਕਾਰ ਹੋਇਆ ਹੈ ਸਗੋਂ ਇਸ ਦੀ ਅਹਿਮੀਅਤ ਇਸ ਲਈ ਵੀ ਹੈ ਕਿਉਂਕਿ ਇਸ ਨੇ ਅਮਰੀਕਾ ਅਤੇ ਚੀਨ ਨੂੰ ਇਹ ਸੁਨੇਹਾ ਦਿੱਤਾ ਹੈ ਕਿ ਉਨ੍ਹਾਂ ਦਾ ਬਦਲ ਉਪਲਬਧ ਹੈ। ਇਸ ਸੁਨੇਹੇ ਦੀ ਪੁਸ਼ਟੀ ਅਮਰੀਕੀ ਨੇਤਾਵਾਂ ਦੇ ਉਹ ਬਿਆਨ ਕਰਦੇ ਹਨ ਜਿਨ੍ਹਾਂ ਵਿਚ ਇਹ ਕਿਹਾ ਗਿਆ ਹੈ ਕਿ ਉਨ੍ਹਾਂ ਨੂੰ ਇਹ ਸਮਝੌਤਾ ਰਾਸ ਨਹੀਂ ਆਇਆ। ਇਸ ਗੱਲ ਦੀ ਹੈਰਾਨੀ ਨਹੀਂ ਹੋਵੇਗੀ ਕਿ ਅਮਰੀਕਾ ਇਸ ਵਿਚ ਰੁਕਾਵਟ ਪੈਦਾ ਕਰਨ ਦੀ ਕੋਸ਼ਿਸ਼ ਕਰੇ। ਉਹ ਅਜਿਹਾ ਇਸ ਲਈ ਕਰ ਸਕਦਾ ਹੈ ਕਿਉਂਕਿ ਟਰੰਪ ਲੰਬੇ ਸਮੇਂ ਤੋਂ ਭਾਰਤ 'ਤੇ ਵਪਾਰ ਸਮਝੌਤਾ ਕਰਨ ਦਾ ਦਬਾਅ ਪਾ ਰਹੇ ਹਨ ਪਰ ਭਾਰਤ ਆਪਣੇ ਹਿੱਤਾਂ ਦੀ ਰੱਖਿਆ ਨੂੰ ਤਰਜੀਹ ਦਿੰਦਾ ਹੋਇਆ ਅਮਰੀਕਾ ਦੀਆਂ ਸ਼ਰਤਾਂ ਅੱਗੇ ਝੁਕਣ ਲਈ ਤਿਆਰ ਨਹੀਂ ਹੋ ਰਿਹਾ। ਹਕੀਕਤ ਇਹ ਹੈ ਕਿ ਟੈਰਿਫ ਦੇ ਮਾਮਲੇ ਵਿਚ ਅਮਰੀਕਾ ਦੇ ਮਨਮਾਨੇ ਰਵੱਈਏ ਨੇ ਹੀ ਇਸ ਸਮਝੌਤੇ ਦੇ ਰਾਹ ਨੂੰ ਆਸਾਨ ਬਣਾਇਆ। ਇਸ ਸਮਝੌਤੇ ਦਾ ਇਕ ਹੋਰ ਮਹੱਤਵ ਇਸ ਲਈ ਵੀ ਹੈ ਕਿਉਂਕਿ ਯੂਰਪੀ ਸੰਘ ਅਤੇ ਭਾਰਤ ਦੂਜੇ ਅਤੇ ਚੌਥੇ ਸਭ ਤੋਂ ਵੱਡੇ ਅਰਥਚਾਰੇ ਹਨ ਜੋ ਆਲਮੀ ਸਮੁੱਚੇ ਘਰੇਲੂ ਉਤਪਾਦ (ਜੀਡੀਪੀ) ਦੇ 25 ਪ੍ਰਤੀਸ਼ਤ ਦੇ ਬਰਾਬਰ ਹਨ ਅਤੇ ਜੋ ਵਿਸ਼ਵ ਵਪਾਰ ਦਾ ਇਕ ਤਿਹਾਈ ਹਿੱਸਾ ਹਨ। ਸਪਸ਼ਟ ਹੈ ਕਿ ਦੁਨੀਆ ਦੇ ਦੋ ਵੱਡੇ ਅਰਥਚਾਰਿਆਂ ਵਿਚਕਾਰ ਸਹਿਯੋਗ ਦੋਹਾਂ ਪੱਖਾਂ ਨੂੰ ਵਪਾਰ ਅਤੇ ਨਿਵੇਸ਼ ਦੇ ਬੇਮਿਸਾਲ ਮੌਕੇ ਪ੍ਰਦਾਨ ਕਰੇਗਾ। ਇਹ ਮੌਕਾ ਆਰਥਿਕ ਖ਼ੁਸ਼ਹਾਲੀ ਨੂੰ ਤਾਕਤ ਦੇਣ ਦੇ ਨਾਲ-ਨਾਲ ਰੁਜ਼ਗਾਰ ਦੀ ਸਮੱਸਿਆ ਨੂੰ ਵੀ ਦੂਰ ਕਰੇਗਾ। ਇਸ ਸਮਝੌਤੇ ਨਾਲ ਜਿੱਥੇ ਯੂਰਪੀ ਕਾਰਾਂ, ਵਾਈਨ, ਮਸ਼ੀਨਰੀ, ਰਸਾਇਣ, ਸਟੀਲ ਆਦਿ 'ਤੇ ਭਾਰਤੀ ਇੰਪੋਰਟ ਡਿਊਟੀ ਵਿਚ ਭਾਰੀ ਕਟੌਤੀ ਹੋਵੇਗੀ, ਓਥੇ ਹੀ ਭਾਰਤੀ ਕੱਪੜਿਆਂ, ਰਤਨ, ਦਵਾਈਆਂ ਆਦਿ ਲਈ ਯੂਰਪੀ ਬਾਜ਼ਾਰ ਵਿਚ ਪਹੁੰਚ ਆਸਾਨ ਹੋਵੇਗੀ। ਇਹ ਵੀ ਜ਼ਿਕਰਯੋਗ ਹੈ ਕਿ ਇਸ ਸਮਝੌਤੇ ਨਾਲ ਦੋਹਾਂ ਧਿਰਾਂ ਵਿਚਕਾਰ ਰਣਨੀਤਕ ਸਹਿਯੋਗ ਵਧੇਗਾ। ਇਸ ਤੋਂ ਇਲਾਵਾ ਭਾਰਤੀ ਵਿਦਿਆਰਥੀਆਂ, ਖੋਜ ਕਰਤਿਆਂ ਅਤੇ ਕੁਸ਼ਲ ਪੇਸ਼ੇਵਰਾਂ ਨੂੰ ਯੂਰਪ ਵਿਚ ਨਵੇਂ ਮੌਕੇ ਮਿਲਣਗੇ। ਕਿਉਂਕਿ ਭਾਰਤ ਅਤੇ ਯੂਰਪੀ ਸੰਘ ਵਿਚਕਾਰ ਹੋਇਆ ਐੱਫਟੀਏ ਦੋਹਾਂ ਲਈ ਲਾਭਦਾਇਕ ਹੈ, ਇਸ ਲਈ ਉਤਸ਼ਾਹ ਦਾ ਮਾਹੌਲ ਹੈ ਪਰ ਇਹ ਯਾਦ ਰੱਖਣਾ ਚਾਹੀਦਾ ਹੈ ਕਿ ਇਸ ਸਮਝੌਤੇ ਨੂੰ ਯੂਰਪੀ ਸੰਸਦ ਅਤੇ ਕੌਂਸਲ ਤੋਂ ਮਨਜ਼ੂਰੀ ਦੀ ਜ਼ਰੂਰਤ ਹੋਵੇਗੀ। ਇਸ ਵਿਚ ਜੋ ਸਮਾਂ ਲੱਗੇਗਾ, ਉਸ ਦਾ ਸਦਉਪਯੋਗ ਇਸ ਐੱਫਟੀਏ ਦਾ ਵੱਧ ਤੋਂ ਵੱਧ ਲਾਭ ਲੈਣ ਦੀ ਤਿਆਰੀ ਵਿਚ ਖਪਾਉਣਾ ਚਾਹੀਦਾ ਹੈ। ਇਹ ਤਿਆਰੀ ਭਾਰਤੀ ਉੱਦਮੀਆਂ ਨੂੰ ਖ਼ਾਸ ਤੌਰ 'ਤੇ ਕਰਨੀ ਹੋਵੇਗੀ। ਉਨ੍ਹਾਂ ਨੂੰ ਆਪਣੇ-ਆਪ ਨੂੰ ਸਾਬਿਤ ਕਰਨ ਦਾ ਜੋ ਮੌਕਾ ਮਿਲਣ ਜਾ ਰਿਹਾ ਹੈ, ਉਸ ਦਾ ਲਾਹਾ ਲੈਣ ਵਿਚ ਕੋਈ ਵੀ ਕਸਰ ਬਾਕੀ ਨਹੀਂ ਛੱਡਣੀ ਚਾਹੀਦੀ। ਉਨ੍ਹਾਂ ਨੂੰ ਗੁਣਵੱਤਾ ਅਤੇ ਉਤਪਾਦਕਤਾ ਦਾ ਪੱਧਰ ਉੱਨਤ ਕਰਦੇ ਹੋਏ ਅਜਿਹੇ ਮੁੱਲਵਾਨ ਵਿਸ਼ਵ-ਪੱਧਰੀ ਉਤਪਾਦ ਤਿਆਰ ਕਰਨੇ ਹੋਣਗੇ ਜਿਨ੍ਹਾਂ ਦੀ ਖ਼ਾਸ ਪਛਾਣ ਬਣੇ ਅਤੇ ਇਸ ਦੇ ਚੱਲਦੇ ਉਨ੍ਹਾਂ ਦੀ ਮੰਗ ਵਧੇ।

# ਮਹਾਰਾਜਾ ਰਣਜੀਤ ਸਿੰਘ : ਹਕੀਕਤ ਬਨਾਮ ਅਫ਼ਸਾਨੇ



ਰਣਜੀਤ ਪਵਾਰ,
ਈ-ਮੇਲ: ranjitpowar@gmail.com

ਮਹਾਰਾਜਾ ਰਣਜੀਤ ਸਿੰਘ ਦਾ ਰਾਜ ਕਾਲ ਪੰਜਾਬ ਤੇ ਹਿੰਦੋਸਤਾਨ ਦੇ ਇਤਿਹਾਸ ਵਿੱਚ ਬਹੁਤ ਗੌਰਵਮਈ ਸਥਾਨ ਰੱਖਦਾ ਹੈ ਕਿਉਂਕਿ ਇਹ ਨਿਆਂ, ਖ਼ੁਦਮੁਖ਼ਤਿਆਰੀ ਤੇ ਨੈਤਿਕ ਸ਼ਾਸਨ ਦਾ ਪ੍ਰਮਾਣ ਮੰਨਿਆ ਜਾਂਦਾ ਹੈ। ਮਹਾਰਾਜੇ ਦੀਆਂ ਜੰਗਾਂ ਤੇ ਜਿੱਤਾਂ ਬਾਰੇ ਤਾਂ ਅਸੀਂ ਕਾਫ਼ੀ ਕੁਝ ਜਾਣਦੇ ਹਾਂ, ਪਰ ਇਸ ਬਾਰੇ ਅਸੀਂ ਬਹੁਤਾ ਨਹੀਂ ਜਾਣਦੇ ਕਿ ਮਹਾਰਾਜਾ ਰਣਜੀਤ ਸਿੰਘ ਦੀ ਸ਼ਖ਼ਸੀਅਤ ਕਿਹੋ ਜਿਹੀ ਸੀ? ਉਸ ਦੀਆਂ ਰੁਚੀਆਂ ਕੀ ਸਨ? ਉਸ ਦੀ ਪਸੰਦ-ਨਾਪਸੰਦ ਕੀ ਸੀ? ਉਸ ਦੀ ਸੋਚ ਕਿਹੋ ਜਿਹੀ ਸੀ? ਕਿਹੜੀਆਂ ਖ਼ੂਬੀਆਂ ਨੇ ਉਸ ਨੂੰ ਪੰਜਾਬ, ਹਿੰਦੋਸਤਾਨ ਤੇ ਦੁਨੀਆ ਦੇ ਇਤਿਹਾਸ ਵਿੱਚ ਅਮਰ ਕਰ ਦਿੱਤਾ?

ਕਹਿੰਦੇ ਨੇ ਕਿ ਇਤਿਹਾਸ ਦੇ ਸਫ਼ੇ ਉਸ ਨੂੰ ਲਿਖਣ ਵਾਲੇ ਨਿਜ਼ਾਮ ਦੇ ਨਜ਼ਰੀਏ ਨੂੰ ਦਰਸਾਉਂਦੇ ਹਨ। ਸਿੱਖ ਇਤਿਹਾਸਕਾਰ ਮਹਾਰਾਜੇ ਦੇ ਰਾਜਕਾਲ ਨੂੰ ਸਿੱਖਾਂ ਦਾ ਸੁਨਹਿਰੀ ਸਮਾਂ ਮੰਨਦਿਆਂ ਉਸ ਨੂੰ 'ਸ਼ੇਰ-ਏ-ਪੰਜਾਬ' ਦਾ ਖਿਤਾਬ ਦਿੰਦੇ ਨੇ, ਪਰ ਕਈ ਅੰਗਰੇਜ਼ ਇਤਿਹਾਸਕਾਰ ਉਸ ਦੀ ਸ਼ਖ਼ਸੀਅਤ ਨੂੰ ਸ਼ੌਕੀਨ ਮਿਜਾਜ਼ ਦੀ ਰੰਗਤ ਵਿੱਚ ਪੇਸ਼ ਕਰਦੇ ਨੇ। ਵਿਲੀਅਮ ਮੂਰਕ੍ਰਾਫਟ ਤੇ ਵਿਕਟਰ ਜੈਕਮੌਂਟ ਨੇ ਰਣਜੀਤ ਸਿੰਘ ਨੂੰ ਇੱਕ ਅੱਯਾਸ਼ ਅਤੇ ਤਾਕਤ ਦਾ ਭੁੱਖਾ ਦੱਸਿਆ। ਕਈ ਇਤਿਹਾਸਕਾਰਾਂ ਨੇ ਰਣਜੀਤ ਸਿੰਘ ਦੀਆਂ ਬਹੁਤ ਸਾਰੀ ਸ਼ਾਦੀਆਂ ਤੇ ਰਖੇਲਾਂ ਦਾ ਮਸਲਾ ਉਛਾਲਿਆ।

ਆਖ਼ਰ ਮਹਾਰਾਜਾ ਰਣਜੀਤ ਸਿੰਘ ਕਿਹੋ ਜਿਹਾ ਇਨਸਾਨ ਸੀ? ਇਤਿਹਾਸਕਾਰ ਪ੍ਰਿੰਸਿਪ ਲਿਖਦਾ ਹੈ ਕਿ ਮਹਾਰਾਜਾ ਰਣਜੀਤ ਸਿੰਘ ਦਾ ਦਰਬਾਰ ਅੱਖਾਂ ਚੁੰਧਿਆ ਦੇਣ ਵਾਲੀ ਸ਼ਾਨੋ-ਸ਼ੌਕਤ ਵਾਲਾ ਸੀ, ਪਰ ਮਹਾਰਾਜਾ ਖ਼ੁਦ ਅਕਸਰ ਬਹੁਤ ਹੀ ਸਾਦਾ ਲਿਬਾਸ ਪਹਿਨਦਾ। ਉਸ ਦਾ ਜਾਮਾ ਸਫ਼ੇਦ ਜਾਂ ਕੇਸਰੀ ਹੁੰਦਾ। ਉਹ ਆਮ ਤੌਰ 'ਤੇ ਗਹਿਣੇ ਨਹੀਂ ਸੀ ਪਹਿਨਦਾ। ਹਾਲਾਂਕਿ ਉਸ ਦਾ ਤੋਸ਼ਾਖਾਨਾ ਬਿਹਤਰੀਨ ਸੁੱਚੇ ਮੋਤੀਆਂ ਅਤੇ ਹੀਰੇ ਜਵਾਹਰਾਤ ਨਾਲ ਭਰਪੂਰ ਸੀ। ਖ਼ਾਸ ਮੌਕਿਆਂ 'ਤੇ ਮਹਾਰਾਜਾ ਵੱਡੇ ਆਕਾਰ ਦੇ 300 ਨਾਯਾਬ ਮੋਤੀਆਂ ਦੀ ਮਾਲਾ ਤੇ ਖੱਬੀ ਬਾਂਹ 'ਤੇ ਕੋਹਿਨੂਰ ਜੜਿਆ ਬੇਜੋੜ ਬਾਜੂਬੰਦ ਪਹਿਨਦਾ ਸੀ। ਰਣਜੀਤ ਸਿੰਘ ਆਪਣੇ ਆਪ ਨੂੰ ਮਹਾਰਾਜਾ ਨਹੀਂ ਸੀ ਅਖਵਾਉਂਦਾ। ਆਪਣੀ ਸਰਕਾਰ ਨੂੰ ਸਰਕਾਰ-ਏ-ਖ਼ਾਲਸਾ ਆਖਣ ਵਾਲਾ ਰਣਜੀਤ ਸਿੰਘ ਖ਼ੁਦ ਲਈ 'ਸਰਕਾਰ' ਦਾ ਸੰਬੋਧਨ ਹੀ ਪਸੰਦ ਕਰਦਾ। ਉਹ ਹੋਰ ਮਹਾਰਾਜਿਆਂ ਵਾਂਗ ਤਖ਼ਤ 'ਤੇ ਨਹੀਂ ਸਗੋਂ ਇੱਕ ਆਮ ਗੋਲ ਕੁਰਸੀ 'ਤੇ ਇੱਕ ਪੈਰ ਉੱਪਰ ਮੋੜ ਕੇ ਬੜੇ ਗ਼ੈਰ-ਰਸਮੀ ਤਰੀਕੇ ਨਾਲ ਬੈਠਦਾ। ਆਪਣੇ ਸਾਫ਼ੇ 'ਤੇ ਕੋਈ ਸ਼ਾਹੀ ਕਲਗੀ ਨਾ ਸਜਾਉਂਦਾ। ਇੱਥੇ ਇਹ ਦੱਸਣਾ ਵੀ ਜ਼ਰੂਰੀ ਹੈ ਕਿ ਮਹਾਰਾਜੇ ਦੇ ਵਜ਼ੀਰ, ਸਰਦਾਰ, ਦਰਬਾਰੀ ਤੇ ਰਾਣੀਆਂ ਬਹੁਤ ਫੱਬਵੇਂ ਲਿਬਾਸ ਤੇ ਗਹਿਣੇ ਪਹਿਨਦੇ। ਇਸ ਦੇ ਬਾਵਜੂਦ ਛਾਂਟਵੇਂ ਸਰੀਰ, ਮਧਰੇ ਕੱਦ ਅਤੇ ਚਿਹਰੇ 'ਤੇ ਚੇਚਕ ਦੇ ਦਾਗਾਂ ਵਾਲੇ ਇਸ ਸਾਦੇ ਸ਼ਖ਼ਸ ਦੀ ਦਿਲਕਸ਼ ਸ਼ਖ਼ਸੀਅਤ ਸਭ ਤੋਂ ਪ੍ਰਭਾਵਸ਼ਾਲੀ ਦਿਸਦੀ।

ਸਭ ਤੋਂ ਦਿਲਚਸਪ ਗੱਲ ਇਹ ਸੀ ਕਿ ਉਸ ਸਮੇਂ ਦਾ ਇੱਕ ਜ਼ੋਰਾਵਰ ਮਹਾਰਾਜਾ ਏਨਾ ਸਾਦਗੀਪਸੰਦ ਤੇ ਰਾਜਸੀ ਤੜਕ ਭੜਕ ਤੋਂ ਦੂਰ ਸੀ। ਮਹਾਰਾਜਾ ਕਹਿੰਦਾ ਸੀ, "ਮੈਂ ਇੱਕ ਕਿਸਾਨ ਤੇ ਸਿਪਾਹੀ ਹਾਂ। ਮੈਨੂੰ ਬਾਹਰੀ ਅਲੰਕਾਰਾਂ ਵਿੱਚ ਕੋਈ ਦਿਲਚਸਪੀ ਨਹੀਂ। ਸ਼ੋਹਰਤ ਹਾਸਿਲ ਕਰਨ ਲਈ ਮੇਰੀ ਤਲਵਾਰ ਹੀ ਮੇਰੇ ਲਈ ਕਾਫ਼ੀ ਹੈ।" ਇਸ ਤੋਂ ਜ਼ਾਹਿਰ ਹੁੰਦਾ ਹੈ ਕਿ ਰਣਜੀਤ ਸਿੰਘ ਇੱਕ ਬਹੁਤ ਪਰਿਪੱਕ ਤੇ ਆਤਮ-ਵਿਸ਼ਵਾਸੀ ਵਿਅਕਤੀ ਸੀ।

ਆਮ ਰਾਜਿਆਂ ਵਾਂਗ ਉਸ ਨੂੰ ਸ਼ਾਨਦਾਰ ਦਿਸਣ ਦੀ ਪਰਵਾਹ ਨਹੀਂ ਸੀ। ਰਣਜੀਤ ਸਿੰਘ ਦੇ ਡੋਗਰੇ ਵਜ਼ੀਰ ਰਾਜਾ ਧਿਆਨ ਸਿੰਘ, ਰਾਜਾ ਗੁਲਾਬ ਤੇ ਰਾਜਾ ਸੁਚੇਤ ਸਿੰਘ ਬਹੁਤ ਖ਼ੂਬਸੂਰਤ ਲਿਬਾਸ ਪਹਿਨਦੇ, ਪਰ ਮਹਾਰਾਜੇ ਨੂੰ ਇਸ ਨਾਲ ਕੋਈ ਨਿੱਜੀ ਕਮਤਰੀ ਦਾ ਅਹਿਸਾਸ ਨਾ ਹੁੰਦਾ। ਯਾਦ ਰਹੇ ਕਿ ਉਸ ਵਕਤ ਪੱਛਮੀ ਮੁਲਕਾਂ ਦੇ ਰਾਜੇ ਸ਼ਾਨਦਾਰ ਹੀਰੇ ਮੋਤੀਆਂ ਜੜੇ ਤਾਜ ਪਹਿਨਦੇ ਤੇ ਕਈ ਤਾਂ ਕੁਝ ਖ਼ਾਸ ਰੰਗ ਵੀ ਸਿਰਫ਼ ਰਾਜਸੀ ਜਾਮਿਆਂ ਲਈ ਹੀ ਰਾਖਵੇਂ ਕਰ ਦਿੰਦੇ ਤੇ ਕੋਈ ਆਮ ਆਦਮੀ ਉਹ ਰੰਗ ਪਹਿਨ ਕੇ ਉਨ੍ਹਾਂ ਦੀ ਬਰਾਬਰੀ ਨਾ ਕਰ ਸਕਦਾ।

ਰਣਜੀਤ ਸਿੰਘ ਸੰਗੀਤ ਤੇ ਨ੍ਰਿਤ ਦਾ ਸ਼ੌਕੀਨ ਸੀ ਤੇ ਉਸ ਦੇ ਦਰਬਾਰ ਵਿੱਚ ਦਿਨ ਤਿਉਹਾਰ ਬਹੁਤ ਸ਼ਾਨਦਾਰ ਢੰਗ ਨਾਲ ਮਨਾਏ ਜਾਂਦੇ। ਰਣਜੀਤ ਸਿੰਘ 'ਤੇ ਅੰਗਰੇਜ਼ ਇਤਿਹਾਸਕਾਰਾਂ ਵੱਲੋਂ ਬਦਨਾਮ ਕਰਨ ਹਿੱਤ ਨਸ਼ਾ ਕਰਨ ਦੇ ਲਾਏ ਜਾਂਦੇ ਦੋਸ਼ ਤੱਥਾਂ 'ਤੇ ਖ਼ਰੇ ਨਹੀਂ ਉੱਤਰਦੇ। ਕੀ ਇਹ ਮੰਨਣਯੋਗ ਹੈ ਕਿ ਜਿਸ ਜ਼ਮਾਨੇ ਵਿੱਚ ਬਾਹੂਬਲ ਦੇ ਸਹਾਰੇ ਜੰਗਾਂ ਜਿੱਤੀਆਂ ਜਾਂਦੀਆਂ ਸਨ, ਕੋਈ ਅਜਿਹਾ ਸ਼ਖ਼ਸ ਇੰਨਾ ਤਾਕਤਵਰ ਤੇ ਨਾਮਵਰ ਮਹਾਰਾਜਾ ਬਣ ਸਕਦਾ ਸੀ? ਯਾਦ ਰਹੇ ਕਿ ਰਣਜੀਤ ਸਿੰਘ ਨੇ ਆਪਣਾ ਰਾਜ ਆਪਣੇ ਬਾਪ ਦਾਦਿਆਂ ਤੋਂ ਵਿਰਾਸਤ ਵਿੱਚ ਨਹੀਂ ਸੀ ਪਾਇਆ, ਆਪ ਆਪਣੇ ਬਲਬੂਤੇ 'ਤੇ ਹਾਸਿਲ ਕੀਤਾ ਸੀ। ਮਹਾਰਾਜਾ ਨਿਤਨੇਮ ਨਾਲ ਅੰਮ੍ਰਿਤ ਵੇਲੇ ਉੱਠ ਕੇ ਪਾਠ ਕਰਦਾ ਤੇ ਘੁੜਸਵਾਰੀ ਲਈ ਜਾਂਦਾ। ਘੋੜਿਆਂ ਨਾਲ ਉਸ ਨੂੰ ਖ਼ਾਸ ਪਿਆਰ ਸੀ। ਉਸ ਦੀ ਸਭ ਤੋਂ ਪਿਆਰੀ ਘੋੜੀ ਲੈਲਾ ਹਾਸਿਲ ਕਰਨ ਲਈ ਉਸ ਨੇ ਅਫ਼ਗਾਨ ਦੇ ਸ਼ਾਹ ਸੁਜਾ ਦੁੱਰਾਨੀ ਨਾਲ ਜੰਗ ਵੀ ਲੜੀ। ਰਣਜੀਤ ਸਿੰਘ ਬੇਮਿਸਾਲ ਤਲਵਾਰਬਾਜ਼ ਸੀ ਜਿਸ ਸਦਕਾ ਉਸ ਨੇ ਕਈ ਜੰਗਾਂ ਫ਼ਤਹਿ ਕਰਕੇ ਵਿਸ਼ਾਲ ਰਾਜ ਖੜ੍ਹਾ ਕੀਤਾ। ਕੀ ਨਸ਼ੇ ਦੀ ਵਰਤੋਂ ਕਰਨ ਵਾਲੇ ਕਿਸੇ ਸ਼ਖ਼ਸ ਲਈ ਅਜਿਹਾ ਨਿੱਜੀ ਅਨੁਸ਼ਾਸਨ ਤੇ ਮੁਹਾਰਤ ਸੰਭਵ ਹੈ? ਮਹਾਰਾਜਾ ਰਣਜੀਤ ਸਿੰਘ ਬੇਸ਼ੱਕ ਸ਼ਰਾਬ ਪੀਂਦਾ ਸੀ, ਪਰ ਉਸ ਦੀ ਜੀਵਨ ਸ਼ੈਲੀ ਗਵਾਹ ਹੈ ਕਿ ਉਹ ਸ਼ਰਾਬ ਦਾ ਗ਼ੁਲਾਮ ਨਹੀਂ ਸੀ।

ਇਹ ਸਹੀ ਹੈ ਕਿ ਮਹਾਰਾਜੇ ਦੇ ਰਣਵਾਸ ਵਿੱਚ ਚਾਲੀ ਰਾਣੀਆਂ ਤੇ ਕਈ ਰਖੇਲਾਂ ਸਨ। ਉਸ ਨੂੰ ਸ਼ੌਕੀਨ ਮਿਜ਼ਾਜ ਮੰਨਿਆ ਜਾ ਸਕਦਾ ਹੈ, ਪਰ ਇਹ ਉਸ ਵੇਲੇ ਦੇ ਬਹੁਤੇ ਹਾਕਮਾਂ ਦਾ ਸੱਚ ਸੀ। ਆਪਣੀ ਤਾਕਤ ਤੇ ਰਿਆਸਤ ਵਧਾਉਣ ਲਈ ਰਾਜਸੀ ਤਾਕਤਾਂ ਬੜੇ ਪੈਂਤੜੇ ਖੇਡਦੀਆਂ ਨੇ। ਰਣਜੀਤ ਸਿੰਘ ਵੀ ਇਸ ਵਿੱਚ ਮਾਹਿਰ ਸੀ।

ਬਹੁਤ ਸਾਰੇ ਵਿਆਹ ਉਸ ਨੇ ਰਾਜਨੀਤਕ ਰਿਸ਼ਤੇ ਬਣਾਉਣ ਲਈ ਕੀਤੇ ਜਿਵੇਂ ਨਕਈ ਮਿਸਲ ਦੀ ਮਹਾਰਾਣੀ ਦਾਤਾਰ ਕੌਰ ਨਾਲ, ਕਨ੍ਹੱਈਆ ਮਿਸਲ ਦੀ ਮਹਾਰਾਣੀ ਮਹਿਤਾਬ ਕੌਰ, ਫੂਲਕੀਆਂ ਮਿਸਲ ਦੀ ਰਾਣੀ ਰਾਜ ਕੌਰ, ਕਾਂਗੜਾ ਰਾਜ ਦੀਆਂ ਰਾਣੀਆਂ ਰਾਜ ਬੰਸੋ ਤੇ ਮਹਿਤਾਬ ਦੇਵੀ ਨਾਲ। ਉਸ ਨੇ ਸਾਹਿਬ ਸਿੰਘ ਭੰਗੀ ਦੀਆਂ ਵਿਧਵਾਵਾਂ ਰਾਣੀ ਦਯਾ ਕੌਰ ਤੇ ਰਤਨ ਕੌਰ ਨਾਲ ਉਨ੍ਹਾਂ ਦੀਆਂ ਜਾਗੀਰਾਂ ਹਾਸਿਲ ਕਰਨ ਲਈ ਸ਼ਾਦੀਆਂ ਕੀਤੀਆਂ। ਇਸ ਤੋਂ ਇਲਾਵਾ ਲਾਹੌਰ ਦੀ ਮਸ਼ਹੂਰ ਨਰਤਕੀ ਮੋਰਾਂ ਤੇ ਗੁਲਬਹਾਰ ਬੇਗ਼ਮ ਨਾਲ ਵੀ ਵਿਆਹ ਕੀਤਾ। ਮੋਰਾਂ ਨੂੰ ਮਹਾਰਾਜੇ ਨੇ 'ਮੋਰਾਂ ਸਰਕਾਰ' ਦਾ ਖਿਤਾਬ ਵੀ ਦਿੱਤਾ, ਜੋ ਮਹਾਰਾਜੇ ਲਈ ਸਮਾਜਿਕ ਨਿੰਦਾ ਦਾ ਕਾਰਨ ਬਣਿਆ। ਇਸ ਕੁਤਾਹੀ ਲਈ ਰਣਜੀਤ ਸਿੰਘ ਨੂੰ ਸਿੱਖਾਂ ਦੀ ਸਭ ਤੋਂ ਵੱਡੀ ਇਲਾਹੀ ਅਦਾਲਤ, ਸ੍ਰੀ ਅਕਾਲ ਤਖ਼ਤ 'ਤੇ ਤਲਬ ਕਰਕੇ ਕੋੜੇ ਮਾਰਨ ਦੀ ਸਜ਼ਾ ਦਿੱਤੀ ਗਈ। ਮਹਾਰਾਜੇ ਨੇ ਇੱਕ ਨਿਮਾਣੇ ਸਿੱਖ ਦੀ ਹੈਸੀਅਤ ਨਾਲ ਇਹ ਹਾਜ਼ਰੀ ਭਰੀ ਤੇ ਸਜ਼ਾ ਕਬੂਲ ਕੀਤੀ, ਜੋ ਕਿ ਬਾਅਦ ਵਿੱਚ ਮੁਆਫ਼ ਕਰ ਦਿੱਤੀ ਗਈ। ਇੱਕ ਤਾਕਤਵਰ ਮਹਾਰਾਜੇ ਵਿੱਚ ਅਜਿਹੀ ਨਿਮਰਤਾ ਦੀ ਮਿਸਾਲ ਸ਼ਾਇਦ ਹੀ ਕਿਤੇ ਮਿਲੇ। ਵਰਤਮਾਨ ਸਮੇਂ ਦੇ ਸੰਦਰਭ ਵਿੱਚ ਅਸੀਂ ਕਿਸੇ ਆਦਮੀ ਵੱਲੋਂ ਵੱਡੀ ਗਿਣਤੀ ਵਿੱਚ ਸ਼ਾਦੀਆਂ ਕਰਵਾਉਣੀਆਂ ਗ਼ਲਤ ਮੰਨਦੇ ਹਾਂ, ਪਰ 19ਵੀਂ ਸਦੀ ਦੇ ਰਾਜਿਆਂ ਮਹਾਰਾਜਿਆਂ ਲਈ ਇਹ ਕੋਈ ਅਨੋਖੀ ਗੱਲ ਨਹੀਂ ਸੀ। ਅਕਸਰ ਉਨ੍ਹਾਂ ਦੇ ਹਰਮ ਜਾਂ ਰਣਵਾਸ ਵਿੱਚ ਰਾਣੀਆਂ ਦੀ ਗਿਣਤੀ ਉਨ੍ਹਾਂ ਦੀ ਤਾਕਤ ਤੇ ਖ਼ਜ਼ਾਨੇ ਨੂੰ ਦਰਸਾਉਣ ਦਾ ਮਾਪਦੰਡ ਹੁੰਦੀ ਸੀ।

ਇਤਿਹਾਸਕਾਰਾਂ ਵੱਲੋਂ ਮਹਾਰਾਜੇ 'ਤੇ ਸਭ ਤੋਂ ਸੰਗੀਨ ਦੋਸ਼ ਇਹ ਲਗਾਇਆ ਜਾਂਦਾ ਹੈ ਕਿ ਉਸ ਦੀ ਕੁੱਲ ਹਕੂਮਤ ਤੇ ਪ੍ਰਬੰਧ ਉਸ ਦੀ ਆਪਣੀ ਸ਼ਖ਼ਸੀਅਤ ਦੇ ਕ੍ਰਿਸ਼ਮੇ ਦੁਆਲੇ ਘੁੰਮਦੀ ਸੀ। ਉਸ ਨੇ ਕੋਈ ਅਜਿਹਾ ਸਥਾਈ ਨਿਜ਼ਾਮ ਖੜ੍ਹਾ ਨਹੀਂ ਕੀਤਾ ਜੋ ਉਸ ਦੇ ਜਾਣ ਤੋਂ ਬਾਅਦ ਪੰਜਾਬ ਵਿੱਚ ਲਗਾਤਾਰਤਾ ਤੇ ਸਥਿਰਤਾ ਕਾਇਮ ਰੱਖ ਸਕਦਾ। ਬਦਕਿਸਮਤੀ ਨਾਲ ਰਣਜੀਤ ਸਿੰਘ ਦਾ ਵੱਡਾ ਪੁੱਤਰ ਤੇ ਗੱਦੀਨਸ਼ੀਨ ਟਿੱਕਾ ਖੜਕ ਸਿੰਘ ਨਾਕਾਬਿਲ ਤੇ ਦਿਮਾਗ਼ੀ ਤੌਰ 'ਤੇ ਕਮਜ਼ੋਰ ਹੋਣ ਕਰਕੇ ਰਾਜ ਸੰਭਾਲਣ ਦੇ ਕਾਬਿਲ ਨਹੀਂ ਸੀ, ਪਰ ਇਹ ਕਹਿਣਾ ਗ਼ਲਤ ਹੋਵੇਗਾ ਕਿ ਮਹਾਰਾਜੇ ਨੇ ਸਾਰੀ ਰਾਜਨੀਤਕ ਤਾਕਤ ਆਪਣੇ ਪਾਸ ਹੀ ਰੱਖੀ। ਉਸ ਸਮੇਂ ਦੇ ਨਿਜ਼ਾਮ ਨੂੰ ਅੱਜ ਦੇ ਲੋਕਤੰਤਰ ਨਾਲ ਨਹੀਂ ਤੋਲਿਆ ਜਾ ਸਕਦਾ। ਰਣਜੀਤ ਸਿੰਘ ਨੇ ਆਪਣੇ ਭਰੋਸੇਯੋਗ ਵਜ਼ੀਰਾਂ ਨੂੰ ਬਹੁਤ ਸਿਆਸੀ ਤਾਕਤਾਂ ਦਿੱਤੀਆਂ ਸਨ। ਅਫ਼ਸੋਸ ਦੀ ਗੱਲ ਇਹ ਹੈ ਕਿ ਉਸ ਦੇ ਗੱਦਾਰ ਡੋਗਰੇ ਵਜ਼ੀਰਾਂ ਨੇ ਮਹਾਰਾਜੇ ਦੀ ਬਿਮਾਰੀ ਤੇ ਮੌਤ ਤੋਂ ਬਾਅਦ ਗੱਦੀ ਤੇ ਖ਼ਜ਼ਾਨਾ ਹਥਿਆਉਣ ਦੇ ਲਾਲਚ ਵਿੱਚ 'ਸਰਕਾਰ-ਏ-ਖ਼ਾਲਸਾ' ਤੇ ਪੰਜਾਬ ਨੂੰ ਤਬਾਹ ਕਰ ਦਿੱਤਾ।

ਸਿਰਕੱਢ ਸ਼ਾਸਕਾਂ ਦੀ ਮੌਤ ਤੋਂ ਬਾਅਦ ਇਤਿਹਾਸਕਾਰਾਂ ਵੱਲੋਂ ਉਨ੍ਹਾਂ ਦੇ ਰਾਜਕਾਲ ਤੇ ਸ਼ਖ਼ਸੀਅਤ ਬਾਰੇ ਚਰਚਾ ਤੇ ਨੁਕਤਾਚੀਨੀ ਹੋਣੀ ਸੁਭਾਵਿਕ ਹੈ। ਸਭ ਦਾ ਨਜ਼ਰੀਆ ਵੱਖੋ-ਵੱਖਰਾ ਹੋ ਸਕਦਾ ਹੈ। ਦਰਅਸਲ, ਮਹਾਰਾਜਾ ਰਣਜੀਤ ਸਿੰਘ ਇੱਕ ਮਹਾਨ ਹਸਤੀ ਹੋਣ ਦੇ ਬਾਵਜੂਦ ਇੱਕ ਇਨਸਾਨ ਸੀ, ਫ਼ਰਿਸ਼ਤਾ ਨਹੀਂ। ਰਣਜੀਤ ਸਿੰਘ ਦਾ ਨਾਮ ਉਸ ਦੀ ਮੌਤ ਤੋਂ ਦੋ ਸੌ ਸਾਲ ਬਾਅਦ ਵੀ ਦੁਨੀਆ ਵਿੱਚ ਬਹੁਤ ਅਦਬ ਨਾਲ ਲਿਆ ਜਾਂਦਾ ਹੈ, ਜੋ ਕੋਈ ਘੱਟ ਪ੍ਰਾਪਤੀ ਨਹੀਂ ਹੈ।

ਲਿਖਤ : ਪਰਮਜੀਤ ਸਿੰਘ ਪਰਵਾਨਾ, ਮੋਬਾਈਲ : 98722-09399

ਈਰਾਨ ਦੀ ਰਾਜਧਾਨੀ ਤਹਿਰਾਨ ਸਮੇਤ ਸਮੁੱਚੇ ਦੇਸ਼ ਨੂੰ ਸਭ ਤੋਂ ਵੱਡੀ ਉਥਲ-ਪੁਥਲ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਦੇਸ਼ ਭਰ ਦੇ ਲੋਕਾਂ, ਖ਼ਾਸ ਕਰਕੇ ਨੌਜਵਾਨਾਂ ਨੇ ਵੱਡੇ ਪੈਮਾਨੇ 'ਤੇ ਮੁਜ਼ਾਹਰੇ ਕੀਤੇ ਹਨ ਤੇ ਇਨ੍ਹਾਂ ਮੁਜ਼ਾਹਰਿਆਂ ਖ਼ਿਲਾਫ਼ ਸੁਰੱਖਿਆ ਬਲਾਂ ਦੀ ਕਾਰਵਾਈ ਵਿਚ ਹੁਣ ਤੱਕ ਹਜ਼ਾਰਾਂ ਲੋਕ ਮਾਰੇ ਜਾ ਚੁੱਕੇ ਹਨ। ਸਰਕਾਰੀ ਅੰਕੜਿਆਂ ਮੁਤਾਬਕ ਮ੍ਰਿਤਕਾਂ ਦੀ ਗਿਣਤੀ ਭਾਵੇਂ ਘੱਟ ਹੋਵੇ ਪਰ ਈਰਾਨ ਦੀਆਂ ਮਨੁੱਖੀ ਅਧਿਕਾਰ ਸੰਸਥਾਵਾਂ ਇਹ ਗਿਣਤੀ 18 ਹਜ਼ਾਰ ਦੱਸ ਰਹੀਆਂ ਹਨ। ਇਨ੍ਹਾਂ ਵਿਚ ਦੇਸ਼ ਦੇ ਸੁਰੱਖਿਆ ਬਲਾਂ ਦੇ ਜਵਾਨ ਵੀ ਸ਼ਾਮਲ ਹਨ।

ਈਰਾਨ ਵਿਚ ਅਸਾਧਾਰਨ ਹਿੰਸਾ ਫੈਲੀ ਪਰ 'ਸਰਬਉੱਚ ਨੇਤਾ' ਅਯਾਤੁੱਲਾ ਅਲੀ ਖ਼ੋਮੇਨੀ ਇਨ੍ਹਾਂ ਮੁਜ਼ਾਹਰਿਆਂ ਅੱਗੇ ਝੁਕਣ ਨੂੰ ਤਿਆਰ ਨਹੀਂ ਬਲਕਿ ਲੋਕਾਂ ਨੂੰ ਅਪੀਲ ਕਰ ਰਿਹਾ ਹੈ ਕਿ 'ਅਮਰੀਕਾ ਵੱਲੋਂ ਲਾਈ ਗਈ ਇਸ ਅੱਗ ਦੀ ਚਾਲ ਨੂੰ ਲੋਕ ਸਮਝਣ' ਪਰ ਮਹਿੰਗਾਈ, ਭ੍ਰਿਸ਼ਟਾਚਾਰ, ਆਰਥਿਕ ਮੰਦਹਾਲੀ ਅਤੇ ਔਰਤਾਂ 'ਤੇ ਕਥਿਤ ਜ਼ੁਲਮ ਦੀ ਮਾਰ ਸਹਿ ਰਹੇ ਲੋਕ ਮੈਦਾਨ 'ਚੋਂ ਨਹੀਂ ਹਟੇ। ਅਸਲ ਵਿਚ 1979 ਦੀ ਇਸਲਾਮਿਕ ਕ੍ਰਾਂਤੀ ਤੋਂ ਬਾਅਦ ਹੀ ਈਰਾਨ ਵਿਚ ਅੰਦਰੂਨੀ ਉਥਲ-ਪੁਥਲ ਦਾ ਦੌਰ ਸ਼ੁਰੂ ਹੋ ਗਿਆ ਸੀ।

ਇਸ ਮਗਰੋਂ ਉੱਥੇ 2009, 2017, 2019 ਤੇ 2022 ਵਿਚ ਵੀ ਵੱਡੇ ਪੱਧਰ 'ਤੇ ਅੰਦੋਲਨ ਹੋਏ ਤੇ ਹਰ ਵਾਰ ਸ਼ਾਸਨ ਵਿਚ ਬਦਲਾਅ ਦੀਆਂ ਗੱਲਾਂ ਕੀਤੀਆਂ ਜਾਂਦੀਆਂ ਰਹੀਆਂ ਪਰ ਵਿਵਸਥਾ ਵਿਚ ਕੋਈ ਤਬਦੀਲੀ ਨਾ ਹੋਈ। ਲੋਕਾਂ ਦੇ ਮਨਾਂ ਅੰਦਰ ਅੱਗ ਸੁਲਗਦੀ ਰਹੀ ਪਰ ਇਸ ਵਾਰ ਇਹ ਭਾਂਬੜ ਬਣ ਗਿਆ ਹੈ। ਅਮਰੀਕਾ ਇਨ੍ਹਾਂ ਮੁਜ਼ਾਹਰਿਆਂ ਨੂੰ ਸ਼ਹਿ ਦੇ ਰਿਹਾ ਹੈ ਅਤੇ ਉਸ ਨੇ ਈਰਾਨ ਨੂੰ ਧਮਕੀ ਦਿੱਤੀ ਹੈ ਕਿ ਜੇ ਮੁਜ਼ਾਹਰਾਕਾਰੀਆਂ 'ਤੇ ਦਮਨ ਬੰਦ ਨਾ ਕੀਤਾ ਜਾਂ ਕਿਸੇ ਵੀ ਮੁਜ਼ਾਹਰਾਕਾਰੀ ਨੂੰ ਮੌਤ ਦੀ ਸਜ਼ਾ ਦਿੱਤੀ ਤਾਂ ਉਹ ਈਰਾਨ ਵਿਰੁੱਧ ਸਖ਼ਤ ਕਾਰਵਾਈ ਕਰੇਗਾ।

ਅਮਰੀਕਾ ਈਰਾਨ ਦੇ ਇਸਲਾਮੀ ਗਣਰਾਜ ਦਾ ਤਖ਼ਤਾ ਪਲਟ ਕੇ ਈਰਾਨੀ ਸਰਕਾਰ ਦੇ ਸਭ ਤੋਂ ਵੱਡੇ ਵਿਰੋਧੀ ਤੇ ਈਰਾਨ ਦੇ ਸਾਬਕਾ ਸ਼ਾਸਕ ਮੁਹੰਮਦ ਰਜ਼ਾ ਪਹਿਲਵੀ ਦੇ ਸਭ ਤੋਂ ਵੱਡੇ ਪੁੱਤਰ ਰਜ਼ਾ ਪਹਿਲਵੀ ਨੂੰ ਈਰਾਨ ਦੇ ਸੁਪਰੀਮ ਨੇਤਾ ਖ਼ੋਮੇਨੀ ਦਾ ਜਾਨਸ਼ੀਨ ਨਿਯੁਕਤ ਕਰਨ ਦਾ ਖ਼ਾਹਿਸ਼ਮੰਦ ਹੈ। ਜਲਾਵਤਨ ਰਜ਼ਾ ਪਹਿਲਵੀ ਈਰਾਨ ਲਈ ਮੁਸ਼ਕਲਾਂ ਪੈਦਾ ਕਰ ਰਿਹਾ ਹੈ। ਉਸ ਨੇ ਅਮਰੀਕਾ ਨੂੰ ਉਕਸਾਉਂਦੇ ਹੋਏ ਈਰਾਨ ਦੇ ਫ਼ੌਜੀ ਟਿਕਾਣਿਆਂ 'ਤੇ ਹਮਲੇ ਕਰਨ ਅਤੇ ਹੋਰ ਆਰਥਿਕ ਪਾਬੰਦੀਆਂ ਲਾਉਣ ਲਈ ਕਿਹਾ ਹੈ। ਉਹ ਈਰਾਨ ਵਿਚ ਆ ਕੇ ਸੱਤਾ ਦਾ ਸਵਾਦ ਲੈਣ ਲਈ ਤਰਲੋਮੱਛੀ ਹੋ ਰਿਹਾ ਹੈ। ਅਮਰੀਕਾ ਨੇ ਉਸ ਨਾਲ ਗੁਪਤ ਮੀਟਿੰਗਾਂ ਵੀ ਕੀਤੀਆਂ ਹਨ।

ਅਮਰੀਕਾ ਨੇ ਈਰਾਨ ਦੇ ਅੰਦੋਲਨਕਾਰੀਆਂ ਨੂੰ ਸ਼ਹਿ ਦੇਣ ਦੇ ਨਾਲ-ਨਾਲ ਇਕ ਹੋਰ ਵੱਡੀ ਮੰਗ ਰੱਖੀ ਹੈ ਕਿ ਜਾਰੀ ਅੰਦੋਲਨ ਦੌਰਾਨ ਜਿਨ੍ਹਾਂ ਅੱਠ ਪ੍ਰਮੁੱਖ ਨੇਤਾਵਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਸੀ, ਉਨ੍ਹਾਂ ਨੂੰ ਫੌਰੀ ਤੌਰ 'ਤੇ ਰਿਹਾਅ ਕੀਤਾ ਜਾਵੇ। ਖ਼ਬਰਾਂ ਇਹ ਵੀ ਆ ਰਹੀਆਂ ਹਨ ਕਿ ਅਮਰੀਕਾ ਕਿਸੇ ਵੇਲੇ



ਵੀ ਈਰਾਨ 'ਤੇ ਹਮਲਾ ਕਰ ਸਕਦਾ ਹੈ। ਅਜਿਹੇ ਡਰੋਂ ਭਾਰਤ, ਆਸਟ੍ਰੇਲੀਆ ਸਮੇਤ ਕਈ ਦੇਸ਼ਾਂ ਨੇ ਆਪਣੇ ਨਾਗਰਿਕਾਂ ਨੂੰ ਈਰਾਨ ਛੱਡਣ ਲਈ ਐਡਵਾਈਜ਼ਰੀ ਜਾਰੀ ਕਰ ਦਿੱਤੀ ਹੈ। ਈਰਾਨ ਵਿਚ ਲਗਪਗ 9 ਹਜ਼ਾਰ ਭਾਰਤੀ ਰਹਿ ਰਹੇ ਹਨ।

ਉਹ ਸਮਝ ਗਿਆ ਹੈ ਕਿ ਅਮਰੀਕਾ ਕਿਸੇ ਵੇਲੇ ਵੀ ਹਮਲਾ ਕਰ ਸਕਦਾ ਹੈ ਪਰ ਇਸ ਹਮਲੇ ਤੋਂ ਪਹਿਲਾਂ ਈਰਾਨ ਨੇ ਅਮਰੀਕਾ ਨੂੰ ਧਮਕੀ ਦਿੱਤੀ ਹੈ ਕਿ ਜੇਕਰ ਉਸ ਨੇ ਹਮਲਾ ਕੀਤਾ ਤਾਂ ਉਹ ਸਾਊਦੀ ਅਰਬ ਤੇ ਤੁਰਕੀ ਸਮੇਤ ਖ਼ਿੱਤੇ ਵਿਚ ਉਸ ਦੇ ਫ਼ੌਜੀ ਟਿਕਾਣਿਆਂ 'ਤੇ ਹਮਲੇ ਕਰੇਗਾ। ਇਕ ਅਨੁਮਾਨ ਅਨੁਸਾਰ ਮਿਡਲ-ਈਸਟ ਵਿਚ ਅਮਰੀਕਾ ਲਗਪਗ 19 ਸੈਨਿਕ ਟਿਕਾਣੇ ਹਨ ਜਿੱਥੇ ਹਜ਼ਾਰਾਂ ਅਮਰੀਕੀ ਸੈਨਿਕ ਮੌਜੂਦ ਰਹਿੰਦੇ ਹਨ। ਸੰਭਾਵੀ ਹਮਲੇ ਨੂੰ ਵੇਖਦੇ ਹੋਏ ਈਰਾਨ ਨੇ ਆਪਣਾ ਡਿਫੈਂਸ ਸਿਸਟਮ ਤਿਆਰ-ਬਰ-ਤਿਆਰ ਰੱਖਿਆ ਹੋਇਆ ਹੈ। ਈਰਾਨ ਮੁਸਲਿਮ ਦੇਸ਼ਾਂ ਵਿਚ ਵੱਡੀ ਤਾਕਤ ਵਜੋਂ ਜਾਣਿਆ ਜਾਂਦਾ ਹੈ। ਅਮਰੀਕਾ ਉਸ ਨੂੰ ਘੱਟ ਤਾਕਤਵਰ ਨਾ ਜਾਣੇ। ਕੁਝ ਦਿਨਾਂ ਤੋਂ ਈਰਾਨ ਵਿਚ ਭਾਵੇਂ ਪ੍ਰਸ਼ਾਸਨ ਦੀ ਸਖ਼ਤੀ ਕਾਰਨ ਮੁਜ਼ਾਹਰੇ ਘਟੇ ਹਨ ਪਰ ਲੋਕਾਂ ਦਾ ਰੋਹ ਅਜੇ ਦੱਬਿਆ ਨਹੀਂ।

ਮੁਸਲਿਮ ਦੇਸ਼ਾਂ 'ਤੇ ਹਮਲਿਆਂ ਦੇ ਮੱਦੇਨਜ਼ਰ ਇਕ ਹੋਰ ਰੁਝਾਨ ਵੀ ਸਾਹਮਣੇ ਆ ਰਿਹਾ ਹੈ। ਮੁਸਲਿਮ ਦੇਸ਼ ਆਪਣਾ ਵੱਖਰਾ 'ਨਾਟੋ' ਜਿਹਾ ਸੰਗਠਨ ਬਣਾਉਣ ਦੀ ਤਿਆਰੀ ਵਿਚ ਹਨ ਤਾਂ ਕਿ ਕਿਸੇ ਵੀ ਮੁਸਲਿਮ ਦੇਸ਼ 'ਤੇ ਹਮਲੇ ਦੀ ਸੂਰਤ ਵਿਚ ਇਸ ਸੰਗਠਨ ਦੇ ਸਾਰੇ ਮੈਂਬਰ ਦੇਸ਼ ਹਮਲਾਵਰ ਦੇਸ਼ ਦਾ ਇਕੱਠੇ ਹੋ ਕੇ ਟਾਕਰਾ ਕਰ ਸਕਣ। ਡੋਨਾਲਡ ਟਰੰਪ ਦੀ ਹੈਂਕੜਬਾਜ਼ੀ ਤੇ ਅਮਰੀਕਾ ਦੀ 'ਸੁਪਰਮੇਸੀ' ਕਾਇਮ ਰੱਖਣ ਦੀ ਹੋੜ ਨੇ ਖ਼ਿੱਤੇ ਵਿਚ ਕਸ਼ੀਦਗੀ ਪੈਦਾ ਕਰ ਦਿੱਤੀ ਹੈ। ਵੈਨੇਜ਼ੁਏਲਾ 'ਤੇ ਅਸਿੱਧੇ ਤੌਰ 'ਤੇ ਕਬਜ਼ੇ ਤੋਂ ਬਾਅਦ ਅਮਰੀਕਾ ਦੀ ਨਜ਼ਰ ਹੁਣ ਗ੍ਰੀਨਲੈਂਡ 'ਤੇ ਕਬਜ਼ੇ ਦੀ ਹੈ।

ਗ੍ਰੀਨਲੈਂਡ, ਡੈਨਮਾਰਕ ਦਾ ਖ਼ੁਦਮੁਖ਼ਤਾਰ ਖੇਤਰ ਹੈ ਪਰ ਉਸ ਦੀ ਰੱਖਿਆ ਦੀ ਜ਼ਿੰਮੇਵਾਰੀ ਡੈਨਮਾਰਕ ਦੀ ਹੈ। ਟਰੰਪ ਦਾ ਕਹਿਣਾ ਹੈ ਕਿ ਰੂਸ ਤੇ ਚੀਨ ਤੋਂ ਬਚਾਅ ਲਈ ਗ੍ਰੀਨਲੈਂਡ 'ਤੇ ਕਬਜ਼ਾ ਜ਼ਰੂਰੀ ਹੈ। ਗ੍ਰੀਨਲੈਂਡ ਦੇ ਪ੍ਰਧਾਨ ਮੰਤਰੀ ਜੇਨਜ਼ ਫ੍ਰੈਡਰਿਕ ਨੀਲਸਨ ਨੇ ਟਰੰਪ ਨੂੰ ਅੱਖਾਂ ਵਿਖਾ ਦਿੱਤੀਆਂ ਹਨ ਤੇ ਡੈਨਮਾਰਕ ਨਾਲ ਨਾਤਾ ਬਣਾਈ ਰੱਖਣ ਦਾ ਅਹਿਦ ਕੀਤਾ ਹੈ। ਨੀਲਸਨ ਨੇ ਇਹ ਐਲਾਨ ਉਸ ਸਾਂਝੀ ਪ੍ਰੈੱਸ ਕਾਨਫਰੰਸ ਦੌਰਾਨ ਕੀਤਾ ਜਿਸ ਵਿਚ ਡੈਨਮਾਰਕ ਦੇ ਮੁਖੀ ਮੇਟੇ ਫ੍ਰੈਡਰਿਕਸਨ ਵੀ ਮੌਜੂਦ ਸਨ। ਨੀਲਸਨ ਦੇ ਬਿਆਨ ਮਗਰੋਂ ਟਰੰਪ ਭੜਕ ਉੱਠਿਆ ਹੈ ਅਤੇ ਧਮਕੀ ਦਿੰਦੇ ਹੋਏ ਕਿਹਾ ਹੈ ਕਿ ਗ੍ਰੀਨਲੈਂਡ ਦਾ ਇਹ ਫ਼ੈਸਲਾ ਉਸ ਲਈ ਮੁਸੀਬਤ ਬਣ ਸਕਦਾ ਹੈ। ਗ੍ਰੀਨਲੈਂਡ ਜਾਂ ਡੈਨਮਾਰਕ 'ਤੇ ਅਮਰੀਕੀ ਹਮਲੇ ਦੀ ਸੂਰਤ ਵਿਚ 'ਨਾਟੋ'ਵਿਚਾਲੇ ਦਰਾੜ ਵੀ ਪੈਦਾ ਹੋ ਸਕਦੀ ਹੈ ਕਿਉਂਕਿ ਡੈਨਮਾਰਕ 'ਨਾਟੋ' ਦਾ ਹਿੱਸਾ ਹੈ। ਉਹ ਇਸ ਹਮਲੇ ਨੂੰ ਕਿਵੇਂ ਬਰਦਾਸ਼ਤ ਕਰੇਗਾ।

ਅਮਰੀਕਾ ਦੇ ਈਰਾਨ 'ਤੇ ਹਮਲੇ ਦੀਆਂ ਕਿਆਸਅਰਾਈਆਂ ਦਰਮਿਆਨ ਲੱਗਦਾ ਹੈ ਕਿ ਟਰੰਪ ਨੇ ਹਮਲੇ ਦਾ ਮਨ ਬਦਲ ਲਿਆ ਹੈ। ਇਸ ਦੇ ਕੁਝ ਕਾਰਨ ਸਮਝ ਆ ਰਹੇ ਹਨ। ਵੈਨੇਜ਼ੁਏਲਾ 'ਚ ਅਮਰੀਕੀ ਹਮਲੇ ਤੋਂ ਬਾਅਦ ਟਰੰਪ ਦਾ ਆਪਣੇ ਦੇਸ਼ ਵਿਚ ਹੀ ਬਹੁਤ ਵਿਰੋਧ ਹੋਇਆ ਸੀ। ਸੰਯੁਕਤ ਰਾਸ਼ਟਰ ਵਿਚ ਵੀ ਕਈ ਦੇਸ਼ਾਂ ਨੇ ਇਸ ਹਾਮਲੇ ਦੀ ਵਿਰੋਧਤਾ ਦਰਜ ਕਰਵਾਈ ਸੀ। ਯੂਕਰੇਨ ਦੇ ਮਾਮਲੇ ਵਾਂਗ ਅਮਰੀਕਾ ਚਾਹੁੰਦਾ ਹੈ ਕਿ ਉਹ ਸਿੱਧੇ ਤੌਰ 'ਤੇ ਹਮਲੇ ਦਾ ਪੰਗਾ ਨਾ ਲਵੇ ਸਗੋਂ ਕਿਸੇ ਦੇ ਮੋਢੇ 'ਤੇ ਰੱਖ ਕੇ ਬੰਦੂਕ ਚਲਾਵੇ ਤੇ ਉਸ ਨੂੰ ਹੱਲਾਸ਼ੇਰੀ ਦੇਵੇ ਕਿ ਮੈਂ ਤੇਰੇ ਪਿੱਛੇ ਹਾਂ।

ਇਸ ਵਾਸਤੇ ਅਮਰੀਕਾ ਨੇ ਈਰਾਨ ਦੇ ਦੁਸ਼ਮਣ ਇਜ਼ਰਾਈਲ ਦੇ ਮੁਖੀ ਨੇਤਨਯਾਹੂ ਨਾਲ ਗੱਲਬਾਤ ਕੀਤੀ ਹੋਵੇਗੀ ਪਰ ਈਰਾਨ ਵੱਲੋਂ ਅਤੀਤ 'ਚ ਹੋਏ ਭਾਰੀ ਨੁਕਸਾਨ ਕਾਰਨ ਨੇਤਨਯਾਹੂ ਦਾ ਟਰੰਪ ਨੂੰ ਕੋਰਾ ਜਵਾਬ ਮਿਲ ਗਿਆ ਹੋਵੇ। ਹੋ ਸਕਦਾ ਹੈ ਕਿ ਟਰੰਪ ਅਮਰੀਕਾ ਦੇ ਪਿਛਲੱਗ ਤੇ ਕੁਝ ਖਾੜੀ ਦੇਸ਼ਾਂ ਨੂੰ ਇਸ ਹਮਲੇ ਲਈ ਅੱਗੇ ਕਰਨਾ ਚਾਹੁੰਦਾ ਹੋਵੇ ਪਰ ਉਹ ਈਰਾਨ ਦੀ ਵਧ ਰਹੀ ਤਾਕਤ ਨੂੰ ਪਛਾਣਦਿਆਂ ਪਿੱਛੇ ਹਟ ਗਏ ਹੋਣ।

ਇਸ ਤੋਂ ਇਲਾਵਾ ਤੇਲ ਨਿਰਯਾਤ ਕਰਨ ਵਾਲੇ ਦੇਸ਼, ਜਿੱਥੇ ਅਮਰੀਕਾ ਦੇ ਫ਼ੌਜੀ ਟਿਕਾਣੇ ਵੀ ਹਨ, ਉਹ ਵੀ ਪਿੱਛੇ ਹਟ ਗਏ ਹੋਣ ਕਿਉਂਕਿ ਇਨ੍ਹਾਂ ਦੇਸ਼ਾਂ ਦਾ ਏਸ਼ੀਆ ਲਈ 80 ਫ਼ੀਸਦ ਤੇਲ ਈਰਾਨ ਦੇ ਰਸਤੇ ਪਹੁੰਚਦਾ ਹੈ। ਈਰਾਨ ਇਸ ਤੇਲ ਦੀ ਆਵਾਜਾਈ 'ਤੇ ਜੇ ਰੋਕ ਲਾਉਂਦਾ ਹੈ ਤਾਂ ਇਨ੍ਹਾਂ ਦੇਸ਼ਾਂ ਦਾ ਬਹੁਤ ਵੱਡਾ ਆਰਥਿਕ ਨੁਕਸਾਨ ਹੋਵੇਗਾ। ਜੰਗ ਕਿਸੇ ਮਸਲੇ ਦਾ ਹੱਲ ਨਹੀਂ ਹੈ ਪਰ ਕੌਣ ਸਮਝਾਵੇ ਨਿੱਤ ਨਵੇਂ ਪੰਗੇ ਲੈਣ ਵਾਲੇ ਟਰੰਪ ਨੂੰ। ਭਾਵੇਂ ਕਿਹਾ ਜਾਂਦਾ ਹੈ ਕਿ 'ਹੈਂਕੜਬਾਜ਼ ਤੇ ਤਾਨਾਸ਼ਾਹ' ਟਰੰਪ ਜੋ ਸੋਚ ਲੈਂਦਾ ਹੈ, ਉਹ ਕਰ ਵਿਖਾਉਂਦਾ ਹੈ ਪਰ ਹੁਣ ਤੱਕ ਜੇ ਉਹ ਈਰਾਨ 'ਤੇ ਹਮਲੇ ਦਾ ਹੀਆ ਨਹੀਂ ਕਰ ਸਕਿਆ ਤਾਂ ਇਸ ਦੇ ਪਿੱਛੇ ਠੋਸ ਕਾਰਨ ਹੋ ਸਕਦੇ ਹਨ।

ਸਫ਼ਾ 12 ਦਾ ਬਾਕੀ

ਉਠਾਇਆ ਜਾਂਦਾ ਸੀ ਕਿ ਸਰਕਾਰ ਸਾਨੂੰ ਮੇਨ ਸਟਰੀਮ ਵਰਗੇ ਕੈਨੇਡੀਅਨ ਨਹੀਂ ਸਮਝਦੀ! ਜੇ ਸਮਝਦੀ ਹੁੰਦੀ ਤਾਂ ਇਹ ਮਸਲਾ ਬਹੁਤ ਚਿਰ ਪਹਿਲਾਂ ਹੀ ਹੱਲ ਹੋ ਚੁਕਿਆ ਜਾਣਾ ਸੀ!ਹੁਣ ਇਹ ਸੋਚਣਾ ਵੀ ਬਣਦਾ ਹੈ ਕਿ ਜੇ ਅਸੀਂ ਆਪ ਹੀ ਦੋ ਨਾਗਰਿਕਤਾਵਾਂ ਨੂੰ ਅੱਪੂੰ ਹਾਈਫਨ ਲਗਾ ਕੇ ਮੇਨ ਸਟਰੀਮ ਚੋਂ ਬਾਹਰ ਨਿਕਲੇ ਹੋਏ ਹਾਂ ''ਆਪੇ ਫਾਥੜੀਏ, ਤੈਨੂੰ ਕੌਣ ਛਡਾਏ'' ਹੁਣ ਸਿੱਖ-ਕੈਨੇਡੀਅਨ ਅਤੇ ਇੰਡੋ-ਕੈਨੇਡੀਅਨ ਸਰਕਾਰਾਂ ਕੋਲ ਹੀ ਹਾਲ ਪਾਹਰਿਆ ਪਾਓ ਤਾਂ ਕਿ ਇਸ ਭੀੜ ਤੋਂ ਛੁਟਕਾਰਾ ਪਾਇਆ ਜਾ ਸਕੇ।ਜਦੋਂ ਅਸੀਂ ਫਰੈਂਚ ਕੈਨੇਡੀਅਨ (French Canadian) ਦੀ ਗੱਲ ਕਰਦੇ ਹਾਂ ਅਠਾਰਵੀਂ ਸਦੀ ਵਿਚ ਕੈਨੇਡਾ ਵਿਚ ਦੋ ਕਾਲੋਨੀਆਂ ਬਰਤਾਨਵੀ ਤੇ ਫਰਾਂਸੀਸੀ ਕਾਬਜ਼ ਸਨ ਪਰ ਜਦੋਂ ਦੋਹਾਂ ਦੇ ਰਲੇਵੇਂ ਨਾਲ ਇਕ ਮੁਲਕ ਬਣਿਆ ਤੇ ਦੋਹਾਂ ਕਾਲੋਨੀਆਂ ਦੀ ਹਕੂਮਤ ਵਿਚ ਭਾਗੀਦਾਰੀ ਰਹੀ ਤਾਂ ਫਰਾਸੀਸੀ ਸਭਿਅਤਾ ਉਦੋਂ ਤੋਂ ਹੀ French Canadian ਕਹਾਉਂਦੇ ਚਲੇ ਆ ਰਹੇ ਹਨ ਇਹ ਉਨ੍ਹਾਂ ਦੀ ਵਿਰਾਸਤ ਦਾ ਅੰਗ ਹੈ।ਇਹ ਮੱਤ ਸਮਝਣਾ ਕਿ ਇਹਨਾਂ Hyphenated ਸਿਟੀਜ਼ਨਸ਼ਿੱਪਾਂ ਨਾਲ ਸਾਡੇ ਕਲਚਰ ਨੂੰ ਜਾਂ ਸਾਡੀ ਵਿਰਾਸਤ ਨੂੰ ਕੋਈ ਮਾਨਤਾ ਮਿਲ ਰਹੀ ਹੈ।ਸਾਨੂੰ ਇਹ ਨਹੀਂ ਭੁਲਣਾ ਚਾਹੀਦਾ ਕਿ ਬ੍ਰਿਟਿਸ਼ ਸਬਜੈਕਟ ਜਾਣੇ ਜਾਣ ਵਾਲੇ ਸਾਡੇ ਵੱਡਵਡੇਰਿਆਂ ਨੂੰ ਛੇ ਮਹੀਨੇ ਕੈਨੇਡਾ ਵਿਚ ਰਹਿਣ ਉਪਰੰਤ ਕੈਨੇਡੀਅਨ ਸਿਟੀਜ਼ਨਸ਼ਿੱਪ ਮਿਲ ਜਾਂਦੀ ਸੀ ਤਾਂ ਉਨੀਵੀਂ ਸਦੀ ਦੇ ਸ਼ੁਰੂ ਵਿਚ ਸਾਊਥ ਏਸ਼ੀਅਨ/ ਸਿੱਖ ਕੈਨੇਡੀਅਨ ਤੇ ਹੁਣ ਇੰਡੋ ਕੈਨੇਡੀਅਨ ਨਾਵਾਂ ਨਾਲ ਉਸ ਸਮੇਂ ਦੀ ਫਿਰਕੂ ਸਰਕਾਰ ਵਲੋਂ ਭੰਡਿਆ ਗਿਆ ਤਾਂ ਕਿ ਉਸ ਸਮੇਂ ਇਥੋਂ ਦੇ ਵਸਨੀਕਾਂ ਵਲੋਂ ਇਹਨਾਂ ਪਰਵਾਸੀਆਂ ਦਾ ਵਿਰਾਸਤੀ ਖਿੱਤਾ ਤੇ ਧਰਮ ਦੱਸ ਕੇ ਨਸਲੀ ਨਫਰਤ ਨਹੀਂ ਸੀ ਫੈਲਾਈਜਾਂਦੀ ? ਇਸ ਵਿਚ ਵੀ ਕੋਈ ਅਤਿਕਥਨੀ ਨਹੀਂ ਹੈ ਕਿ ਕੈਨੇਡੀਅਨ ਸਿਟੀਜ਼ਨਸ਼ਿੱਪ ਦੀ ਥਾਂ ਇਹ ਉਪਾਧੀਆਂ/ਡਿਗਰੀਆਂ ਸਾਨੂੰ ਨੀਵਾਂ ਦਿਖਾਉਣ ਲਈ ਦਿੱਤੀਆਂ ਗਈਆਂ ਸਨ ਨਾ ਕਿ ਵਿਰਸੇ ਨੂੰ ਸਨਮਾਨਿਤ ਕਰਨ ਲਈ, ਜਿਸ ਦਾ ਅੱਜ ਵੀ ਭੁਲੇਖਾ ਪਾ ਕੇ ਅੱਜ ਦੇ ਕੁਝਕੁ ਆਗੂਆਂ ਵਲੋਂ ਭਰਮ ਪਾਲਿਆ ਜਾ ਰਿਹਾ ਹੈ! ਕੀ ਸ਼ਹਾਦਤਾਂ ਦੇ ਨਾਲ ਨਾਲ ਭਾਗ ਸਿੰਘ 'ਕੈਨੇਡੀਅਨ', ਬਦਨ ਸਿੰਘ 'ਕੈਨੇਡੀਅਨ' ਬਲਵੰਤ ਸਿੰਘ 'ਕੈਨੇਡੀਅਨ', ਜਾਂ ਮੇਵਾ ਸਿੰਘ 'ਕੈਨੇਡੀਅਨ' ਸਿਟੀਜ਼ਨਸ਼ਿੱਪ ਸਨਮਾਨ ਚੰਗਾ ਲਗਦਾ ਹੈ ਜਾਂ ਫਿਰ ਫਿਰਕੂ ਕਲੋਨੀਅਲ ਨੀਤੀਵਾਨਾਂ ਵਲੋਂ ਥੋਪੀ 'ਸਿੱਖ ਕੈਨੇਡੀਅਨ' ਦੀ ਉਪਾਧੀ ਨਾਲ! ਜਦੋਂ ਕਿ ਸਿੱਖ ਧਰਮ ਤਾਂ ਉਹਨਾਂ ਦੇ ਨਾਮ ਤੋਂ ਹੀ ਸੁਪਰਸਿੱਧ ਜੋ ਜਾਂਦਾ ਹੈ।


ਕਮਿਊਨਿਟੀ ਦੀ ਵਿਰਾਸਤ ਨਾਲ ਸੰਬੰਧਤ ਨਾਉਂ ਦੀ ਚੋਣ ਲਈ ਸਾਊਥ ਏਸ਼ੀਅਨ ਤੇ ਸਿੱਖ ਕੈਨੇਡੀਅਨ ਪ੍ਰਤੀਨਿਧਤਾ ਕਰਦੇ ਪ੍ਰਤੀਤ ਨਹੀਂ ਹੁੰਦੇ।ਇਕ ਤਾਂ ਬਰਤਾਨਵੀ ਸਾਮਰਾਜ ਦੀ ਪੁਰਾਤਨ ਨੀਤੀ ਨੇ ਸਾਡੀ ਵਿਰਾਸਤ ਨੂੰ ਬਹੁਗਿਣਤ ਖਿੱਤਾ ਵਿਰਾਸਤਾਂ ਵਿਚ ਨਰੜ੍ਹ ਕੇ ਸਾਡੀ ਆਪਣੀ ਪਹਿਚਾਣ identityfication ਧੁੰਧਲੀ ਕਰ ਦੇਣੀ ਹੈ।ਦੂਜੇ ਨਾਉਂ ਅਧੀਨ ਜਾਤਪਾਤ ਦੀ ਤਰ੍ਹਾਂ ਕੈਨੇਡਾ ਵਿਚ ਸਾਊਥ ਏਸ਼ੀਅਨ ਖਿੱਤੇ ਵਿਚਲੇ ਧਰਮਾਂ ਦੇ ਅਧਾਰ ਤੇ ਮੀਊਜ਼ੀਅਮਾਂ ਦੇ ਸਾਰ ਵਿਸਥਾਰ ਦਾ ਮੁੱਢ ਬੱਝ ਜਾਏਗਾ ਜੋ ਕੈਨੇਡਾ ਬਹੁਸੱਭਿਅਕ multicultulture ਪਾਲਿਸੀ ਨੂੰ ਸੌ ਸਵਾ ਸੌ ਸਾਲ ਪਹਿਲਾਂ ਦੀ ਵੰਡ ਵੰਡਾਈ ਵਾਲੀ ਫਿਰਕੂਵਾਦ ਵਾਲੀ ਨੀਤੀ ਵੱਲ ਕੈਨੇਡੀਅਨਾਂ ਨੂੰ ਲਿਜਾਣ ਦਾ ਕਾਰਨ ਬਣੇਗੀ।ਸਾਡੀ ਆਪਣੀ ਕਮਿਊਨਿਟੀ ਪੰਜਾਬ ਵਿਚ ਜੰਮਪਲ ਕੇ ਕੈਨੇਡਾ ਵਿਚ ਆਈ।ਸੰਘਰਸ਼ ਕਰਕੇ ਆਪਣੇ ਆਪ ਨੂੰ ਹੋਰਨਾਂ ਕੈਨੇਡੀਅਨਾਂ ਵਾਂਗ ਪੱਕੇ ਪੈਰੀਂ ਸਥਾਪਿਤ ਕੀਤਾ।ਸੰਸਥਾਵਾਂ ਤੇ ਗੁਰਦੁਆਰੇ ਸਥਾਪਿਤ ਕੀਤੇ।ਕਾਲੋਨੀਅਲ ਕਾਲ ਦੀ ਨਸਲਵਾਦੀ ਨੀਤੀ ਵਿਰੁੱਧ ਇੰਮੀਗ੍ਰੇਸ਼ਨ ਦੀਆਂ ਸ਼ਰਤਾਂ ਪੂਰੀਆਂ ਕਰਕੇ ਗੁਰੂ ਨਾਨਕ ਜਹਾਜ਼ ਲੈ ਕੇ ਵੈਨਕੂਵਰ ਵੀ ਪੁੱਜੇ।ਇਥੋਂ ਦੀ ਸਰਕਾਰ ਵਲੋਂ ਬੇਰੰਗ ਭੇਜ ਦੇਣ ਤੇ ਬਜ ਬਜ ਘਾਟ ਤੇ ਸ਼ਹੀਦ ਵੀ ਹੋਏ।ਹਿੰਦੁਸਤਾਨੀਆਂ ਨੂੰ ਸਾਮਰਾਜਸ਼ਾਹੀ ਤੋਂ ਨਿਜਾਤ ਦਿਵਾਉਣ ਲਈ ਗਦਰ ਪਾਰਟੀ ਦਾ ਸੰਗਠਨ ਕਰਕੇ ਫਾਂਸੀ ਦੇ ਰੱਸੇ ਚੁੰਮ ਕੇ ਜੇਹਲਾਂ ਕੱਟ ਕੇ ਸ਼ਹੀਦੀਆਂ ਪਾਈਆਂ।ਬੱਬਰ ਅਕਾਲੀਆਂ ਦੀ ਪਦਵੀਆਂ ਵੀ ਪਾਈਆਂ। ਕੈਨੇਡਾ ਵਿਚ ਕੈਨੇਡੀਅਨ ਨਾਗਰਿਕਤਾ ਤੇ ਵੋਟ ਪਾਉਣ ਦੇ ਅਧਿਕਾਰ ਲਈ ਜੂਝੇ।ਕੈਨੇਡਾ ਲਈ ਪਰਵਾਸ ਖੋਹਲਣ ਲਈ ਤੇ ਇੰਮੀਗ੍ਰੇਸ਼ਨ ਦੀ ਸੁਖਾਲੀ ਅਤੇ ਬਹਾਲੀ ਲਈ ਯੋਗਦਾਨ ਪਾਇਆ।ਅਜੇ ਹੁਣੇ ਜਿਹੇ ਹੀ ਕੈਨੇਡਾ ਵਿਚ ਬਾਹਰੋਂ ਪੜ੍ਹਨ ਆਏ ਵਿਦਿਆਰਥੀਆਂ ਪਾਨ ਪੀਣ ਦੀ ਸੌਖ ਵਾਸਤੇ ਗੁਰਦੁਆਰੇ ਸਾਹਿਬਾਨਾਂ ਵਿਚ ਲੰਗਰ ਦੀ ਮਰਿਆਦਾ ਨੂੰ ਬਹਾਲ ਰੱਖਿਆ।

ਇਹ ਉੱਪਰ ਲਿਖੀ ਵਰ੍ਹਿਆਂ ਬੱਧੀ ਵਾਰਤਾ ਵਿਰਾਸਤ ਦਾ ਅੰਗ ਕਿਵੇਂ ਬਣੀ ? ਇਹ ਸਭ ਪੰਜਾਬ ਦੀ ਮਿੱਟੀ ਦੀ ਮਹਿਕ ਹੈ।ਪੰਜਾਬ ਦੀ ਧਰਤੀ ਦੇ ਜੰਮਪਲਾਂ ਨੂੰ ਵਿਰਸੇ ਵਿਚ ਮਿਲੀ ਹੋਈ ਗੁੜ੍ਹਤੀ ਦਾ ਰੰਗ ਹੈ।ਪੰਜਾਬ ਦੇ ਜੰਮਿਆਂ ਨੂੰ ਨਿੱਤ ਮੁਹਿੰਮਾਂ'। ''ਸਭੈ ਸਾਂਝੀਵਾਲ ਸਦਾਇਨ ਤੂੰ ਕਿਸੈ ਨ ਦਿਸਹਿ ਬਾਹਰਾ ਜੀਉ'' । ''ਨਾਨਕ ਨਾਮ ਚੜ੍ਹਦੀ ਕਲਾ॥ਤੇਰੇ ਭਾਣੇ ਸਰਬੱਤ ਦਾ ਭਲਾ''॥ ''ਪੰਜਾਬ ਤਾਂ ਜਿਉਂਦਾ ਹੀ ਗੁਰਾਂ ਦੇ ਨਾਂ ਉੱਤੇ'' ਹੈ। ਪੰਜਾਬ ਵੀ ਉਹ! ਜਿਸਦਾ ਕਦੇ ਅਪਣਾ ਰਾਜਭਾਗ ਹੁੰਦਾ ਸੀ ਜਿਸ ਨੂੰ ਕੱਟ ਵੱਢ ਕੇ ਪਹਿਲਾਂ ਪੂਰਬੀ ਤੇ ਪੱਛਮੀ (ਭਾਰਤ ਤੇ ਪਾਕਿਸਤਾਨ) ਵਿਚ ਵੰਡਿਆ, ਫਿਰ ਪੂਰਬੀ ਪੰਜਾਬ ਨੂੰ ਹੋਰ ਤਿੰਨ ਹਿਸਿਆਂ (ਪੰਜਾਬ, ਹਰਿਆਣਾ, ਹਿਮਾਚਲ) ਵਿਚ ਸਿਆਸਤਦਾਨਾਂ ਵਲੋਂ ਵੰਡ ਦਿੱਤਾ ਗਿਆ।ਇਹ ਸੀ ਪੰਜਾਬ ਦੀ ਵਿਰਾਸਤ ਦੀ ਛੋਟੀ ਜਿਹੀ ਝਲਕ ਜੋ ਸੱਤ ਸਮੁੰਦਰੋਂ ਪਾਰ ਆਪ ਮੁਹਾਰੇ ਬੋਲ ਰਹੀ ਹੈ।ਕੈਨੇਡਾ ਵਿਚ ਜੰਮਪਲ ਜਾਂ ਅਪਣਾਅ ਕੇ ਕੈਨੇਡੀਅਨ ਬਣੇ ਪੰਜਾਬੀ ਪਿਛੋਕੜਾਂ ਨੂੰ ''ਪੰਜਾਬ'' ਨਾਮੀ ਸ਼ਬਦ ਇਸ ਮੀਊਜ਼ੀਅਮ ਦੇ ਨਾਉਂ ਨਾਲ ਜ਼ਰੂਰ ਹੀ ਸ਼ਾਮਿਲ ਕਰਨਾ ਚਾਹੀਦਾ ਹੈ ਤਾਂ ਕਿ ਸਾਡੀ ਵਿਰਾਸਤ ਦੀ ਸਹੀ ਤਰਜਮਾਨੀ ਹੋ ਸਕੇ।ਕਿੰਨਾ ਚੰਗਾ ਹੋਵੇ ਜੇ ਇਸ ਮੀਊਜ਼ੀਅਮ ਦਾ ਨਾਉਂ ''ਕੈਨੇਡਾ ਵਿਚ ਪੰਜਾਬੀ ਵਿਰਾਸਤ'' ਨਾਲ ਮਿਲਦਾ ਜੁਲਦਾ ਕੋਈ ਵੀ ਨਾਂ ਰੱਖ ਦਿੱਤਾ ਜਾਵੇ!

# ਪੀੜ੍ਹੀਆਂ ਦਾ ਸਫ਼ਰ

## ਕੱਲ੍ਹ, ਅੱਜ ਤੇ ਭਲਕ

ਜਗਦੀਸ਼ ਸਿੰਘ ਗਣੇਸ਼ਪੁਰ
ਸੰਪਰਕ: 94655-76022




**'ਜੈਨਰੇਸ਼ਨ ਜ਼ੈੱਡ' ਨੇਪਾਲ ਦੇ ਘਟਨਾਕ੍ਰਮ ਤੋਂ ਬਾਅਦ ਦੁਨੀਆ 'ਚ ਅੱਜਕੱਲ੍ਹ ਇੱਕ ਚਰਚਿਤ ਸ਼ਬਦ ਹੈ ਕਿਉਂਕਿ ਇਹ ਨੌਜਵਾਨਾਂ ਦੀ ਬਦਲਦੀ ਸੋਚ ਦਾ ਪ੍ਰਤੀਕ ਹੈ। ਜੈਨਰੇਸ਼ਨ ਜ਼ੈੱਡ ਨਵੀਨਤਾ, ਸੁਤੰਤਰਤਾ ਅਤੇ ਸਮਾਜਿਕ ਪ੍ਰਭਾਵ ਦਾ ਪ੍ਰਤੀਕ ਬਣ ਰਹੀ ਹੈ, ਜਿਸ ਕਾਰਨ ਉਹ ਗੱਲਬਾਤ ਦਾ ਕੇਂਦਰ ਹੈ। ਮੋਮਬੱਤੀਆਂ ਤੋਂ ਸਮਾਰਟਫੋਨਾਂ ਤੱਕ, ਚੁੱਪ ਤੋਂ ਗਲੋਬਲ ਆਵਾਜ਼ਾਂ ਤੱਕ, ਹਰ ਪੀੜ੍ਹੀ ਨੇ ਇਤਿਹਾਸ ਦੀ ਮਸ਼ਾਲ ਫੜ ਭਵਿੱਖ ਦੀ ਪੀੜ੍ਹੀ ਦਾ ਰਾਹ ਰੁਸ਼ਨਾਇਆ ਹੈ। ਆਓ, ਇਸ ਹੀ ਸੰਦਰਭ 'ਚ ਇਨ੍ਹਾਂ ਪੀੜ੍ਹੀਆਂ ਬਾਬਤ ਗੱਲਬਾਤ ਕਰੀਏ।**

ਮਨੁੱਖੀ ਇਤਿਹਾਸ ਸਿਰਫ਼ ਸਾਲਾਂ ਜਾਂ ਸਦੀਆਂ ਨਾਲ ਨਹੀਂ, ਸਗੋਂ ਪੀੜ੍ਹੀਆਂ ਦੇ ਨਾਮਾਂ ਨਾਲ ਵੀ ਯਾਦ ਕੀਤਾ ਜਾਂਦਾ ਹੈ। ਹਰ ਪੀੜ੍ਹੀ ਆਪਣੇ ਨਾਲ ਇੱਕ ਵੱਖਰਾ ਸੰਸਾਰ, ਵੱਖਰੇ ਸੁਪਨੇ ਅਤੇ ਵੱਖਰੀਆਂ ਚੁਣੌਤੀਆਂ ਲਿਆਉਂਦੀ ਹੈ। ਪੱਛਮੀ ਸਮਾਜ ਸ਼ਾਸਤਰੀਆਂ ਨੇ 20ਵੀਂ ਸਦੀ ਦੇ ਮੱਧ ਵਿੱਚ ਪੀੜ੍ਹੀਆਂ ਨੂੰ ਨਾਮ ਦੇਣ ਦੀ ਰੀਤ ਸ਼ੁਰੂ ਕੀਤੀ। ਇਹ ਸਦੀਵੀ ਸੱਚ ਹੈ ਕਿ ਇਤਿਹਾਸ ਸਿਰਫ਼ ਜੰਗਾਂ, ਖੋਜਾਂ ਜਾਂ ਕ੍ਰਾਂਤੀਆਂ ਨਾਲ ਹੀ ਨਹੀਂ ਲਿਖਿਆ ਜਾਂਦਾ ਸਗੋਂ ਇਹ ਉਨ੍ਹਾਂ ਲੋਕਾਂ ਦੇ ਜੀਵਨ-ਚਿੰਨ੍ਹਾਂ ਵਿੱਚ ਵੀ ਵੱਸਦਾ ਹੈ ਜਿਨ੍ਹਾਂ ਨੇ ਉਹ ਸਮਾਂ ਬਿਤਾਇਆ ਹੋਵੇ। ਉਨ੍ਹਾਂ ਦੇ ਸੁਪਨੇ, ਜੀਵਨ-ਸ਼ੈਲੀਆਂ ਤੇ ਮੁਸ਼ਕਿਲਾਂ ਮਿਲ ਕੇ ਇੱਕ ਪੀੜ੍ਹੀ ਬਣਾਉਂਦੀਆਂ ਹਨ। ਸਾਈਲੈਂਟ ਪੀੜ੍ਹੀ ਤੋਂ ਲੈ ਕੇ ਅੱਜ ਦੀ ਅਲਫ਼ਾ ਪੀੜ੍ਹੀ ਤੱਕ, ਹਰ ਨਾਮ 'ਚ ਇੱਕ ਕਹਾਣੀ ਹੈ: ਹੌਸਲੇ ਦੀ, ਬਦਲਾਅ ਦੀ ਅਤੇ ਉਮੀਦ ਦੀ।

'ਜੈਨਰੇਸ਼ਨ ਜ਼ੈੱਡ' ਨੇਪਾਲ ਦੇ ਘਟਨਾਕ੍ਰਮ ਤੋਂ ਬਾਅਦ ਦੁਨੀਆ 'ਚ ਅੱਜਕੱਲ੍ਹ ਇੱਕ ਚਰਚਿਤ ਸ਼ਬਦ ਹੈ ਕਿਉਂਕਿ ਇਹ ਨੌਜਵਾਨਾਂ ਦੀ ਬਦਲਦੀ ਸੋਚ ਦਾ ਪ੍ਰਤੀਕ ਹੈ। ਜੈਨਰੇਸ਼ਨ ਜ਼ੈੱਡ ਨਵੀਨਤਾ, ਸੁਤੰਤਰਤਾ ਅਤੇ ਸਮਾਜਿਕ ਪ੍ਰਭਾਵ ਦਾ ਪ੍ਰਤੀਕ ਬਣ ਰਹੀ ਹੈ, ਜਿਸ ਕਾਰਨ ਉਹ ਗੱਲਬਾਤ ਦਾ ਕੇਂਦਰ ਹੈ। ਮੋਮਬੱਤੀਆਂ ਤੋਂ ਸਮਾਰਟਫੋਨਾਂ ਤੱਕ, ਚੁੱਪ ਤੋਂ ਗਲੋਬਲ ਆਵਾਜ਼ਾਂ ਤੱਕ, ਹਰ ਪੀੜ੍ਹੀ ਨੇ ਇਤਿਹਾਸ ਦੀ ਮਸ਼ਾਲ ਫੜ ਭਵਿੱਖ ਦੀ ਪੀੜ੍ਹੀ ਦਾ ਰਾਹ ਰੁਸ਼ਨਾਇਆ ਹੈ। ਆਓ, ਇਸ ਹੀ ਸੰਦਰਭ 'ਚ ਇਨ੍ਹਾਂ ਪੀੜ੍ਹੀਆਂ ਬਾਬਤ ਗੱਲਬਾਤ ਕਰੀਏ।

### ਲਾਸਟ ਜੈਨਰੇਸ਼ਨ (1883-1900)

ਲਾਸਟ ਯਾਨੀ ਕਿ ਗੁੰਮ ਹੋਈ ਪੀੜ੍ਹੀ, ਉਹ ਜਨਸੰਖਿਆ ਸਮੂਹ ਸੀ ਜੋ ਪਹਿਲੇ ਵਿਸ਼ਵ ਯੁੱਧ ਦੌਰਾਨ ਸ਼ੁਰੂਆਤੀ ਬਾਲਗਤਾ ਤੱਕ ਪਹੁੰਚਿਆ ਸੀ। 'ਲਾਸਟ' ਇਸ ਲਈ ਕਿਹਾ ਗਿਆ ਕਿਉਂਕਿ ਉਹ ਜੰਗ ਦੇ ਜ਼ਖ਼ਮਾਂ ਅਤੇ ਆਪਣੀ ਪਛਾਣ ਦੀ ਬੇਚੈਨ ਖੋਜ ਵਿੱਚ ਗੁੰਮ ਹੋ ਗਏ ਸਨ। ਇਹ ਉਸ ਨੌਜਵਾਨ ਪੀੜ੍ਹੀ ਨੂੰ ਕਿਹਾ ਜਾਂਦਾ ਹੈ ਜੋ ਪਹਿਲੇ ਵਿਸ਼ਵ ਯੁੱਧ (1914-1918) ਦੌਰਾਨ ਅਤੇ ਇਸ ਤੋਂ ਬਾਅਦ ਜਵਾਨ ਹੋਈ। ਯੁੱਧ ਦੀ ਭਾਰੀ ਤਬਾਹੀ, ਬੇਹਿਸਾਬ ਜਾਨਾਂ ਦੇ ਨੁਕਸਾਨ ਅਤੇ ਸਮਾਜਿਕ ਉਥਲ-ਪੁਥਲ ਕਾਰਨ ਇਹ ਪੀੜ੍ਹੀ ਰਵਾਇਤੀ ਦੇਸ਼ ਭਗਤੀ, ਨੈਤਿਕਤਾ ਅਤੇ ਸਥਿਰਤਾ ਵਾਲੀਆਂ ਕਦਰਾਂ-ਕੀਮਤਾਂ ਤੋਂ ਨਿਰਾਸ਼ ਹੋ ਗਈ। ਲੇਖਕਾਂ, ਕਲਾਕਾਰਾਂ ਅਤੇ ਵਿਚਾਰਕਾਂ ਨੇ ਪੁਰਾਣੇ ਨਿਯਮਾਂ ਨੂੰ ਰੱਦ ਕਰਦੇ ਹੋਏ ਜ਼ਿੰਦਗੀ ਦੇ ਨਵੇਂ ਅਰਥ ਲੱਭਣ ਦੀ ਕੋਸ਼ਿਸ਼ ਕੀਤੀ। ਇਹ ਪੀੜ੍ਹੀ ਅਧਿਕਾਰ 'ਤੇ ਸਵਾਲ ਉਠਾਉਂਦੀ, ਜੈਜ਼ ਸੰਗੀਤ, ਯਾਤਰਾਵਾਂ ਅਤੇ ਆਧੁਨਿਕ ਜੀਵਨਸ਼ੈਲੀ ਨੂੰ ਅਪਣਾਉਂਦੀ ਹੋਈ ਵੀ ਅੰਦਰੋਂ ਡੂੰਘੀ ਨਿਰਾਸ਼ਾ ਛੁਪਾਉਣ ਦਾ ਯਤਨ ਕਰਦੀ ਸੀ।

### ਗ੍ਰੇਟੈਸਟ ਜੈਨਰੇਸ਼ਨ (1901-1927)

ਗ੍ਰੇਟੈਸਟ ਜੈਨਰੇਸ਼ਨ ਉਹ ਮਰਦਾਂ ਅਤੇ ਔਰਤਾਂ ਦੀ ਪੀੜ੍ਹੀ ਨੂੰ ਕਿਹਾ ਜਾਂਦਾ ਹੈ ਜੋ ਮਹਾਂਮੰਦੀ (1930 ਦੇ ਦਹਾਕੇ) ਦੇ ਸਮੇਂ ਵਿੱਚ ਜਵਾਨ ਹੋਏ ਅਤੇ ਦੂਜੇ ਵਿਸ਼ਵ ਯੁੱਧ (1939-1945) ਵਿੱਚ ਲੜੇ ਜਾਂ ਉਸ ਦੀ ਜਿੱਤ ਵਿੱਚ ਯੋਗਦਾਨ ਪਾਇਆ। ਮੁਸ਼ਕਿਲ ਹਾਲਾਤ ਨੇ ਉਨ੍ਹਾਂ ਵਿੱਚ ਹਿੰਮਤ, ਬਲੀਦਾਨ ਅਤੇ ਸਹਿਨਸ਼ੀਲਤਾ ਵਰਗੇ ਗੁਣ ਪੈਦਾ ਕੀਤੇ। ਕਈ ਲੋਕ ਸੈਨਿਕਾਂ ਵਜੋਂ ਜੰਗ ਵਿੱਚ ਉਤਰੇ, ਜਦੋਂਕਿ ਹੋਰਾਂ ਨੇ ਫੈਕਟਰੀਆਂ, ਖੇਤਾਂ ਅਤੇ ਕਮਿਊਨਿਟੀਆਂ ਵਿੱਚ ਕੰਮ ਕਰਕੇ ਯੁੱਧ ਯਤਨਾਂ ਨੂੰ ਸਮਰਥਨ ਦਿੱਤਾ। ਉਹ ਆਰਥਿਕ ਤੰਗੀਆਂ, ਰਾਸ਼ਨਬੰਦੀ ਅਤੇ ਨਿੱਜੀ ਨੁਕਸਾਨਾਂ ਦੇ ਬਾਵਜੂਦ ਫਰਜ਼ ਅਤੇ ਦੇਸ਼ ਭਗਤੀ ਦੀ ਮਜ਼ਬੂਤ ਭਾਵਨਾ ਨਾਲ ਇਕੱਠੇ ਰਹੇ। ਜੰਗ ਤੋਂ ਬਾਅਦ ਉਨ੍ਹਾਂ ਨੇ ਦੇਸ਼ਾਂ ਨੂੰ ਦੁਬਾਰਾ ਖੜ੍ਹਾ ਕੀਤਾ, ਆਰਥਿਕ ਵਿਕਾਸ ਨੂੰ ਗਤੀ ਦਿੱਤੀ ਅਤੇ ਆਧੁਨਿਕ ਲੋਕਤੰਤਰ, ਨਾਗਰਿਕ ਅਧਿਕਾਰਾਂ ਅਤੇ ਤਕਨੀਕੀ ਤਰੱਕੀ ਦੀ ਨੀਂਹ ਰੱਖੀ।

### ਸਾਈਲੈਂਟ (ਚੁੱਪ) ਪੀੜ੍ਹੀ (1928-1945)

ਮੰਦਭਾਗੀ ਮਹਾਂਮੰਦੀ ਤੇ ਦੂਜੇ ਵਿਸ਼ਵ ਯੁੱਧ ਦੇ ਦੌਰ ਵਿੱਚ ਜਨਮੀ ਇਹ ਪੀੜ੍ਹੀ ਸਰੋਤਾਂ ਦੀ ਘਾਟ, ਜੰਗ ਦੇ ਡਰ ਅਤੇ ਤਿਆਗ ਦੇ ਮਾਹੌਲ 'ਚ ਪਲੀ। ਇਹ 'ਚੁੱਪ' ਇਸ ਲਈ ਨਹੀਂ ਸੀ ਕਿ ਉਨ੍ਹਾਂ ਕੋਲ ਆਵਾਜ਼ ਨਹੀਂ ਸੀ, ਪਰ ਇਸ ਲਈ ਕਿ ਜਿਊਣ ਲਈ ਸਹਿਨਸ਼ੀਲਤਾ ਤੇ ਅਨੁਸ਼ਾਸਨ ਲਾਜ਼ਮੀ ਸਨ। ਇਹ ਉਹ ਲੋਕ ਹਨ ਜੋ ਦੂਜੇ ਵਿਸ਼ਵ ਯੁੱਧ ਦੌਰਾਨ ਜਿਉਂਦੇ ਰਹੇ। ਇਹ ਨਾਮ 1950 ਦੇ ਦਹਾਕੇ ਦੇ ਟਾਈਮ ਮੈਗਜ਼ੀਨ ਦੇ ਇੱਕ ਲੇਖ ਤੋਂ ਆਇਆ ਹੈ ਅਤੇ ਇਸ ਤੱਥ ਵੱਲ ਇਸ਼ਾਰਾ ਕਰਦਾ ਹੈ ਕਿ ਇਸ ਪੀੜ੍ਹੀ ਦੇ ਬੱਚਿਆਂ ਨੂੰ ਦੇਖਿਆ ਜਾਣਾ ਅਤੇ ਸੁਣਿਆ ਨਾ ਜਾਣਾ ਸਿਖਾਇਆ ਗਿਆ ਸੀ।

### ਬੇਬੀ ਬੂਮਰਜ਼ (1946-1964)

ਜਦੋਂ ਜੰਗ ਖ਼ਤਮ ਹੋਈ ਤਾਂ ਸ਼ਾਂਤੀ ਤੇ ਆਸ ਨੇ ਜਨਮ ਦਰ ਵਧਾਈ, ਇਸ ਲਈ ਇਨ੍ਹਾਂ ਨੂੰ 'ਬੇਬੀ ਬੂਮਰਜ਼' ਕਿਹਾ ਗਿਆ। ਦੂਜੇ ਵਿਸ਼ਵ ਯੁੱਧ ਤੋਂ ਬਾਅਦ ਜਨਮ ਦਰ ਦੇ ਵੱਡੇ ਵਾਧੇ ਕਾਰਨ ਉਨ੍ਹਾਂ ਦਾ ਨਾਮ ਇਸ ਤਰ੍ਹਾਂ ਰੱਖਿਆ ਗਿਆ ਹੈ। ਇਹ ਸਮੂਹ 1946 'ਚ ਸ਼ੁਰੂ ਹੁੰਦਾ ਹੈ ਅਤੇ 1964 ਦੇ ਆਸਪਾਸ ਪੈਦਾ ਹੋਏ ਲੋਕਾਂ ਨਾਲ ਖ਼ਤਮ ਹੁੰਦਾ ਹੈ, ਜਦੋਂ ਜਨਮ ਦਰ ਦੁਬਾਰਾ ਘਟਣੀ ਸ਼ੁਰੂ ਹੋਈ। ਇਹ ਪੀੜ੍ਹੀ ਨਵੀਂ ਖ਼ੁਸ਼ਹਾਲੀ ਵਿੱਚ ਵਧੀ, ਟੈਲੀਵਿਜ਼ਨ ਨੇ ਘਰਾਂ ਨੂੰ ਰੌਸ਼ਨ ਕੀਤਾ, ਟੀਕਾਕਰਨ ਨੇ ਬਿਮਾਰੀਆਂ ਨੂੰ ਹਰਾਇਆ ਤੇ ਅਰਥ-ਵਿਵਸਥਾਵਾਂ ਵਿੱਚ ਤੇਜ਼ੀ ਆਈ। ਇਨ੍ਹਾਂ ਨੇ ਪਰਿਵਾਰ, ਨੌਕਰੀ ਤੇ ਸੁਰੱਖਿਆ ਨੂੰ ਪ੍ਰਮੁੱਖਤਾ ਦਿੱਤੀ, ਪਰ ਉਨ੍ਹਾਂ ਦੀ ਖਪਤ ਨੇ ਵਾਤਾਵਰਨ ਤੇ ਅਰਥ-ਵਿਵਸਥਾ ਉੱਤੇ ਭਾਰੀ ਬੋਝ ਵੀ ਛੱਡਿਆ।

### ਜੈਨਰੇਸ਼ਨ ਐਕਸ (1965-1980)

ਜੈਨਰੇਸ਼ਨ ਐਕਸ ਨੂੰ ਅਕਸਰ 'ਇਤਿਹਾਸ ਦਾ ਵਿਚਕਾਰਲਾ ਬੱਚਾ' ਵੀ ਕਿਹਾ ਜਾਂਦਾ ਹੈ। ਇਨ੍ਹਾਂ ਨੇ ਐਨਾਲਾਗ ਤੋਂ ਡਿਜ਼ੀਟਲ ਤੱਕ ਦਾ ਸਫ਼ਰ ਆਪਣੀਆਂ ਅੱਖਾਂ ਨਾਲ ਵੇਖਿਆ। ਇਨ੍ਹਾਂ ਕੋਲ ਟਾਈਪਰਾਈਟਰ ਵੀ ਸੀ ਅਤੇ ਨਿੱਜੀ ਕੰਪਿਊਟਰ ਵੀ। ਇਨ੍ਹਾਂ ਨੇ ਚਿੱਠੀਆਂ ਵੀ ਲਿਖੀਆਂ ਅਤੇ ਈ-ਮੇਲ ਵੀ ਭੇਜੀਆਂ। ਕੰਮਕਾਜੀ ਜੀਵਨ 'ਚ ਇਨ੍ਹਾਂ ਨੇ ਲਚਕੀਲੇਪਨ ਤੇ ਸੰਤੁਲਨ ਦੀ ਕਦਰ ਕੀਤੀ। ਇਹ ਪੂਰੀ ਤਰ੍ਹਾਂ ਨਿਸ਼ਚਿਤ ਨਹੀਂ ਹੈ ਕਿ ਇਹ ਪੀੜ੍ਹੀ ਕਿੱਥੋਂ ਸ਼ੁਰੂ ਹੁੰਦੀ ਹੈ ਅਤੇ ਕਿੱਥੋਂ ਖ਼ਤਮ ਹੁੰਦੀ ਹੈ, ਪਰ ਇਹ ਲਗਭਗ 1980 ਤੋਂ 1995 ਤੱਕ ਪੈਦਾ ਹੋਏ ਹਨ।

### ਮਿਲੇਨੀਅਲਸ/ਜੈਨਰੇਸ਼ਨ ਵਾਈ (1981-1996)

ਇਸ ਜੈਨਰੇਸ਼ਨ ਦੇ ਸਮੇਂ ਦੌਰਾਨ ਜਵਾਨ ਹੋਏ ਮਿਲੇਨੀਅਲਸ ਨੇ ਇੰਟਰਨੈੱਟ ਦੇ ਯੁੱਗ ਵਿੱਚ ਅੱਖਾਂ ਖੋਲ੍ਹੀਆਂ। ਇਨ੍ਹਾਂ ਦੀ ਸਫਲਤਾ ਸਿਰਫ਼ ਪੈਸੇ ਨਾਲ ਨਹੀਂ ਸਗੋਂ ਤਜਰਬਿਆਂ ਨਾਲ ਮਾਪੀ ਜਾਂਦੀ ਹੈ। ਇਨ੍ਹਾਂ ਦੀ ਯੋਗਤਾ ਦੀ ਪਰਖ ਯਾਤਰਾਵਾਂ, ਰਚਨਾਤਮਕਤਾ ਅਤੇ ਸੁਤੰਤਰਤਾ ਨਾਲ ਕੀਤੀ ਜਾਂਦੀ ਹੈ, ਪਰ ਇਨ੍ਹਾਂ ਦਾ ਰਸਤਾ ਆਸਾਨ ਨਹੀਂ ਸੀ। ਕਰਜ਼ੇ ਅਤੇ ਨੌਕਰੀਆਂ ਦੀ ਅਸਥਿਰਤਾ ਨੇ ਉਨ੍ਹਾਂ ਨੂੰ ਬਹੁਤ ਕੁਝ ਸਿਖਾਇਆ। ਫਿਰ ਵੀ ਇਨ੍ਹਾਂ ਨੇ ਉੱਦਮਤਾ, ਨਵ-ਸੋਚ ਅਤੇ ਆਲਮੀ ਸਰਗਰਮੀਆਂ 'ਚ ਆਪਣੀ ਪਛਾਣ ਬਣਾਈ। ਇਸ ਪੀੜ੍ਹੀ ਨੂੰ ਸਵਾਲ ਪੁੱਛਣ ਵਾਲੀ ਪੀੜ੍ਹੀ ਵੀ ਕਿਹਾ ਜਾਂਦਾ ਹੈ।

### ਜੈਨਰੇਸ਼ਨ ਜ਼ੈੱਡ (1997-2012)

ਇਹ ਸੱਚੇ ਡਿਜ਼ੀਟਲ ਹਨ। ਸਮਾਰਟਫੋਨ ਅਤੇ ਸੋਸ਼ਲ ਮੀਡੀਆ ਦੇ ਦੌਰ ਵਿੱਚ ਜਨਮੀ ਇਸ ਪੀੜ੍ਹੀ ਲਈ ਜਾਣਕਾਰੀ ਦੇ ਸਮੁੰਦਰ ਵਿੱਚ ਸੱਚ ਤੇ ਝੂਠ ਨੂੰ ਵੱਖ ਕਰਨਾ ਸਭ ਤੋਂ ਵੱਡੀ ਚੁਣੌਤੀ ਹੈ। ਜੈਨ ਜ਼ੈੱਡ ਨੇ ਪਹਿਲੀ ਵਾਰ ਸੰਸਾਰ ਨੂੰ ਸੱਚੇ ਅਰਥਾਂ ਵਿੱਚ 'ਗਲੋਬਲ ਪਿੰਡ' ਬਣਾਇਆ। ਉਨ੍ਹਾਂ ਨੇ ਡਿਜ਼ੀਟਲ ਦਰਵਾਜ਼ੇ ਖੋਲ੍ਹੇ ਜਿੱਥੇ ਅਲਫਾ ਪੀੜ੍ਹੀ ਨੇ ਅੰਦਰ ਵਧਣਾ ਸੀ। ਅੱਜ ਦਾ ਸਮਾਂ ਜਨਰੇਸ਼ਨ ਜ਼ੈੱਡ ਦਾ ਹੈ। ਉਨ੍ਹਾਂ ਦੇ ਮਾਪਿਆਂ ਜਾਂ ਦਾਦੇ-ਦਾਦੀਆਂ ਨੇ ਡਿਜ਼ੀਟਲ ਦੁਨੀਆ ਵਿੱਚ ਹੌਲੀ-ਹੌਲੀ ਕਦਮ ਰੱਖਿਆ ਸੀ, ਪਰ ਜਨਰੇਸ਼ਨ ਜ਼ੈੱਡ ਉਸ ਦੇ ਅੰਦਰ ਹੀ ਜੰਮਿਆ ਹੈ। ਉਨ੍ਹਾਂ ਦੇ ਬਚਪਨ ਦੇ ਸਾਥੀ ਟਾਈਪਰਾਈਟਰ ਜਾਂ ਟੀਵੀ ਨਹੀਂ, ਸਗੋਂ ਸਮਾਰਟਫੋਨ, ਸੋਸ਼ਲ ਮੀਡੀਆ ਅਤੇ ਵਾਈ-ਫਾਈ ਸਨ। ਉਨ੍ਹਾਂ ਦੇ ਹੱਥ ਵਿੱਚ ਸਕਰੀਨ ਹੀ ਕਲਾਸਰੂਮ ਹੈ, ਖੇਡ ਮੈਦਾਨ ਹੈ ਅਤੇ ਦੋਸਤਾਂ ਦੀ ਸਭਾ ਵੀ। ਉਹ ਯੂਟਿਊਬ ਵੀਡੀਓਜ਼ ਰਾਹੀਂ ਸਿੱਖਦੇ ਹਨ, ਇੰਸਟਾਗ੍ਰਾਮ ਰਾਹੀਂ ਦੋਸਤ ਬਣਾਉਂਦੇ ਹਨ ਅਤੇ ਡਿਸਕੋਰਡ ਰਾਹੀਂ ਵਿਚਾਰ ਸਾਂਝੇ ਕਰਦੇ ਹਨ। ਇਸ ਸਰਹੱਦ ਰਹਿਤ ਡਿਜ਼ੀਟਲ ਦੁਨੀਆ ਦੇ ਕਿਸੇ ਵੀ ਕੋਨੇ ਨਾਲ ਆਸਾਨੀ ਨਾਲ ਗੱਲ ਕਰ ਸਕਦੇ ਹਨ।

### ਜੈਨਰੇਸ਼ਨ ਅਲਫ਼ਾ (2013-2025)

ਮਿਲੇਨੀਅਲਜ਼ ਅਤੇ ਜੈਨਰੇਸ਼ਨ ਜ਼ੈੱਡ ਤੋਂ ਬਾਅਦ ਹੁਣ ਦੁਨੀਆ ਜੈਨਰੇਸ਼ਨ ਅਲਫਾ ਦਾ ਸਵਾਗਤ ਕਰ ਰਹੀ ਹੈ। ਇਹ ਉਹ ਬੱਚੇ ਹਨ ਜੋ ਲਗਭਗ 2010 ਤੋਂ ਬਾਅਦ ਜੰਮੇ ਹਨ। ਅੱਜ ਦੇ ਬੱਚੇ ਜੈਨ ਅਲਫ਼ਾ ਪੀੜ੍ਹੀ ਦੇ ਹਨ। ਇਹ ਮਿਲੇਨੀਅਲ ਮਾਪਿਆਂ ਦੇ ਬੱਚੇ ਅਤੇ ਜੈਨਰੇਸ਼ਨ ਜ਼ੈੱਡ ਦੇ ਛੋਟੇ ਭਰਾ-ਭੈਣ ਹਨ। ਇਹ ਸਮਾਰਟ ਡਿਵਾਈਸਾਂ, ਮਸ਼ੀਨੀ ਸੂਝ-ਬੂਝ ਅਤੇ ਵਰਚੁਅਲ ਕਲਾਸਰੂਮਾਂ ਦੇ ਯੁੱਗ ਵਿੱਚ ਵਧ ਰਹੇ ਹਨ। ਇਨ੍ਹਾਂ ਲਈ ਕੋਡਿੰਗ ਉਸ ਤਰ੍ਹਾਂ ਹੀ ਆਮ ਹੋਵੇਗੀ ਜਿੰਨੀ ਬੂਮਰਜ਼ ਲਈ ਲਿਖਾਈ ਸੀ। ਅਲਫ਼ਾ ਪੀੜ੍ਹੀ ਏਆਈ ਅਤੇ ਮਨੁੱਖੀ ਜੀਵਨ ਦੇ ਸਾਂਝੇ ਸੰਸਾਰ ਦੀ ਨੀਂਹ ਰੱਖੇਗੀ। ਉਨ੍ਹਾਂ ਲਈ ਮਨੁੱਖ ਅਤੇ ਮਸ਼ੀਨ ਦਾ ਇਕੱਠੇ ਕੰਮ ਕਰਨਾ ਆਮ ਗੱਲ ਹੋਵੇਗੀ। ਜਿੱਥੇ ਜੈਨਰੇਸ਼ਨ ਜ਼ੈੱਡ 'ਵਾਈ-ਫਾਈ' ਵਿੱਚ ਜੰਮੀ, ਉੱਥੇ ਜਨਰੇਸ਼ਨ ਅਲਫਾ ਆਰਟੀਫਿਸ਼ਿਅਲ ਇੰਟੈਲੀਜੈਂਸ ਵਿੱਚ ਪਲ ਰਹੀ ਹੈ।

## ਅੱਗੇ ਆਉਣ ਵਾਲੀਆਂ ਪੀੜ੍ਹੀਆਂ

### ਜੈਨਰੇਸ਼ਨ ਬੀਟਾ (2025-2039)


ਜਨਰੇਸ਼ਨ ਬੀਟਾ ਉਹ ਪੀੜ੍ਹੀ ਹੋਵੇਗੀ ਜੋ 21ਵੀਂ ਸਦੀ ਦੇ ਦੂਜੇ ਹਿੱਸੇ ਦੀ ਰੂਪ-ਰੇਖਾ ਤਿਆਰ ਕਰੇਗੀ। ਜਿੱਥੇ ਅਲਫ਼ਾ ਨੇ ਮਨੁੱਖ ਅਤੇ ਮਸਨੂਈ ਦੀ ਦੋਸਤੀ ਬਣਾਈ, ਉੱਥੇ ਹੀ ਬੀਟਾ ਇਹ ਨਿਰਧਾਰਤ ਕਰੇਗੀ ਕਿ ਇਹ ਦੋਸਤੀ ਕਿੰਨੀ ਡੂੰਘੀ ਜਾਂ ਖ਼ਤਰਨਾਕ ਹੋਵੇਗੀ। ਜੈਨਰੇਸ਼ਨ ਬੀਟਾ, ਦੁਨੀਆ ਵਿੱਚ ਆਪਣਾ ਪ੍ਰਵੇਸ਼ ਕਰਨ ਲਈ ਤਿਆਰ ਹੈ। 2025 ਅਤੇ 2039 ਦੇ ਵਿਚਕਾਰ ਪੈਦਾ ਹੋਏ ਬੱਚਿਆਂ ਵਾਲੇ ਇਸ ਸਮੂਹ ਦੇ 2035 ਤੱਕ ਵਿਸ਼ਵ ਆਬਾਦੀ ਦਾ 16 ਪ੍ਰਤੀਸ਼ਤ ਬਣਨ ਦੀ ਉਮੀਦ ਹੈ, ਜਿਸ ਵਿੱਚ ਬਹੁਤ ਸਾਰੇ 22ਵੀਂ ਸਦੀ ਦੀ ਸ਼ੁਰੂਆਤ ਦੇਖਣ ਦੀ ਸੰਭਾਵਨਾ ਰੱਖਦੇ ਹਨ। ਜਨਰੇਸ਼ਨ ਬੀਟਾ ਇੱਕ ਨਾਮਕਰਨ ਪਰੰਪਰਾ ਦੀ ਪਾਲਣਾ ਕਰਦਾ ਹੈ ਜੋ ਜਨਰੇਸ਼ਨ ਅਲਫ਼ਾ ਨਾਲ ਸ਼ੁਰੂ ਹੋਇਆ ਸੀ ਜਿਸ ਵਿੱਚ ਮਨੁੱਖੀ ਇਤਿਹਾਸ ਵਿੱਚ ਇੱਕ ਨਵੇਂ ਯੁੱਗ ਨੂੰ ਦਰਸਾਉਣ ਲਈ ਯੂਨਾਨੀ ਵਰਣਮਾਲਾ ਦੀ ਵਰਤੋਂ ਕੀਤੀ ਗਈ ਹੈ।

### ਜੈਨਰੇਸ਼ਨ ਗਾਮਾ (2040-2059)

ਇਹ ਪੀੜ੍ਹੀ ਸ਼ਾਇਦ ਪਹਿਲੀ ਵਾਰ ਮਨੁੱਖ ਅਤੇ ਏਆਈ ਦੀ ਗਹਿਰੀ ਸਾਂਝ ਨੂੰ ਆਮ ਜੀਵਨ ਵਿੱਚ ਵੇਖੇਗੀ। ਮਨੁੱਖੀ ਸਰੀਰ ਨਾਲ ਟੈਕਨਾਲੋਜੀ ਦਾ ਮਿਲਾਪ (Bio-Tech Integration) ਉਨ੍ਹਾਂ ਲਈ ਆਮ ਗੱਲ ਹੋ ਸਕਦੀ ਹੈ। ਜਲਵਾਯੂ ਤਬਦੀਲੀ ਅਤੇ ਪੁਲਾੜ ਖੋਜ ਉਨ੍ਹਾਂ ਦੇ ਬਚਪਨ ਦੀਆਂ ਕਹਾਣੀਆਂ ਦਾ ਹਿੱਸਾ ਹੋਣਗੇ। ਜਿੱਥੇ ਅਲਫ਼ਾ ਨੂੰ ਏਆਈ ਟਿਊਟਰ ਮਿਲੇ, ਬੀਟਾ ਨੂੰ ਹੋਲੋਗ੍ਰਾਫਿਕ ਅਧਿਆਪਕ, ਨੈਨੋ-ਲੈਬ ਅਤੇ ਵਰਚੁਅਲ ਯੂਨੀਵਰਸਿਟੀਆਂ ਮਿਲਣਗੀਆਂ। ਉਹ ਮਨੁੱਖੀ ਦਿਮਾਗ਼ ਨਾਲ ਸਿੱਧੇ ਜੁੜੇ ਡਿਜ਼ੀਟਲ ਡਿਵਾਈਸ ਰਾਹੀਂ ਗਿਆਨ ਹਾਸਲ ਕਰ ਸਕਦੇ ਹਨ।



ਲਿਖਤ
ਬਲਜਿੰਦਰ ਮਾਨ
98150-18947



# ਨਸ਼ਿਆਂ ਦੇ ਜਾਲ ਵਿਚ ਫਸ ਕੇ ਜਵਾਨੀ ਤਬਾਹ ਹੋਣਾ ਚਿੰਤਾ ਦਾ ਵਿਸ਼ਾ

ਪਤਾ ਨਹੀਂ ਪੰਜਾਬ ਨੂੰ ਕੀ ਮਾਰ ਵਗ ਗਈ ਹੈ। ਹਰ ਪਾਸੇ ਹਾਹਾਕਾਰ ਮਚੀ ਪਈ ਹੈ। ਘਰਾਂ ਦੇ ਘਰ ਉੱਜੜ ਰਹੇ ਨੇ। ਇਹ ਉਜਾੜਾ ਕਿਸ ਨੇ ਪਾਇਆ? ਇਸ ਬਾਰੇ ਸਭ ਜਾਣਦੇ ਨੇ ਪਰ ਅਜੇ ਤਕ ਠੱਲ੍ਹ ਨਹੀਂ ਪੈ ਰਹੀ। ਨਸ਼ਿਆਂ ਦੇ ਜਾਲ ਵਿਚ ਫਸ ਕੇ ਜਵਾਨੀ ਤਬਾਹ ਹੋ ਰਹੀ ਹੈ। ਹਰ ਸ਼ਰੀਫ ਇਨਸਾਨ ਅੰਦਰ ਇਕ ਡਰ ਬੈਠਾ ਹੋਇਆ ਹੈ ਕਿ ਉਸ ਦੀ ਔਲਾਦ ਦਾ ਕੀ ਬਣੇਗਾ? ਇਸੇ ਚਿੰਤਾ ਹੇਠ ਜੀਅ ਰਹੇ ਪੰਜਾਬੀਆਂ ਕੋਲ ਇੱਕੋ-ਇੱਕ ਰਾਹ ਪਰਵਾਸ ਦਿਖਾਈ ਦੇ ਰਿਹਾ ਹੈ ਜਿਸ ਵਾਸਤੇ ਉਹ ਕਰਜ਼ਾਈ ਬਣ ਕੇ ਵੀ ਬੱਚਿਆਂ ਦਾ ਭਵਿੱਖ ਬਚਾਉਣ ਲਈ ਤੜਫ ਰਹੇ ਹਨ। ਇਕ ਅੰਦਾਜ਼ੇ ਅਨੁਸਾਰ ਸਾਲ 2022 ਵਿਚ ਸੌ ਅਰਬ ਡਾਲਰ ਵਿਦੇਸ਼ਾਂ ਨੂੰ ਸਟੱਡੀ ਫੀਸ ਦਾ ਹੀ ਭੇਜਿਆ ਗਿਆ। ਬਾਕੀ ਹਿਸਾਬ-ਕਿਤਾਬ ਵੱਖਰਾ ਹੈ। ਬੀਤੇ ਸਾਲ ਅੰਮ੍ਰਿਤਸਰ ਨੇੜਲੇ ਇਕ ਪਿੰਡ ਵਿਚ 25 ਤੋਂ ਜ਼ਿਆਦਾ ਨੌਜਵਾਨਾਂ ਦੀਆਂ ਮੌਤਾਂ ਹੋਈਆਂ। ਇਨ੍ਹਾਂ ਸਭ ਦੀ ਮੌਤ ਦਾ ਕਾਰਨ ਸਿੱਧੇ ਜਾਂ ਅਸਿੱਧੇ ਤੌਰ 'ਤੇ ਨਸ਼ੇ ਹਨ। ਪੰਜਾਬ ਵਿਚ ਨਸ਼ਿਆਂ ਦੇ ਪਸਾਰੇ ਬਾਰੇ ਪੰਜਾਬ ਪੁਲਿਸ ਦੱਸਦੀ ਹੈ ਕਿ ਸਾਲ 2022 ਵਿਚ ਇਕੱਲੀ ਹੈਰੋਇਨ 729.5 ਕਿੱਲੋ ਫੜੀ ਗਈ ਜਦਕਿ ਬਾਕੀ ਨਸ਼ਿਆਂ ਦੀ ਮਾਤਰਾ ਅਲੱਗ ਹੈ। ਸਪਲਾਈ ਕਰਨ ਵਾਲੇ 16798 ਮੁਲਜ਼ਮਾਂ ਨੂੰ ਗ੍ਰਿਫ਼ਤਾਰ ਵੀ ਕੀਤਾ ਗਿਆ। ਫਿਰ ਵੀ ਨਸ਼ਿਆਂ ਦਾ ਕਾਰੋਬਾਰ ਵਧਿਆ ਹੀ ਹੈ। ਸ਼ਾਇਦ ਇਸੇ ਕਰ ਕੇ ਹਰ ਗੱਭਰੂ ਤੇ ਮੁਟਿਆਰ ਆਪਣਾ ਸੋਹਣਾ ਭਵਿੱਖ ਵਿਦੇਸ਼ਾਂ ਵਿਚ ਭਾਲ ਰਿਹਾ ਹੈ। ਜਦਕਿ ਅਸੀਂ ਸਭ ਜਾਣਦੇ ਹਾਂ ਕਿ ਉੱਥੇ ਜੀਵਨ ਸੰਘਰਸ਼ ਕਿੰਨਾ ਪੇਚੀਦਾ ਹੈ। ਪਰਵਾਸ ਉਦੋਂ ਹੁੰਦਾ ਹੈ ਜਦੋਂ ਕਿਤੇ ਵਸਦੇ ਲੋਕਾਂ 'ਤੇ ਸੰਕਟ ਆਇਆ ਹੋਇਆ ਹੋਵੇ। ਜਿਵੇਂ ਲੜਾਈ ਕਾਰਨ ਯੂਕਰੇਨ ਤੋਂ ਲੋਕ ਕੈਨੇਡਾ ਵਰਗੇ ਦੇਸ਼ਾਂ ਵਿਚ ਸ਼ਰਨ ਲੈ ਰਹੇ ਹਨ।

ਇਸੇ ਤਰ੍ਹਾਂ ਸੰਨ 1845-55 ਵਿਚ ਆਇਰਲੈਂਡ ਵਿਚ ਪਏ ਕਾਲ ਕਾਰਨ 15 ਲੱਖ ਲੋਕ ਅਮਰੀਕਾ ਪਹੁੰਚੇ ਸਨ ਪਰ ਪੰਜਾਬ ਵਿਚ ਕੋਈ ਕਾਲ ਨਹੀਂ ਪਿਆ ਹੋਇਆ ਜਾਂ ਹਮਲਾ ਨਹੀਂ ਹੋ ਰਿਹਾ। ਬਸ ਇੱਕੋ ਹਮਲਾ ਨਸ਼ਿਆਂ ਅਤੇ ਬੇਰੁਜ਼ਗਾਰੀ ਦਾ ਹੈ। ਸਰਕਾਰਾਂ ਨੇ ਕਾਰਪੋਰੇਟਾਂ ਹੱਥ ਸਭ ਕੁਝ ਵੇਚ ਕੇ ਜਨਤਾ ਨੂੰ ਉਸ ਦੀ ਹੋਣੀ ਹੱਥ ਸੌਂਪ ਦਿੱਤਾ ਹੈ। ਸਾਡੀ ਮਾਨਸਿਕਤਾ 'ਤੇ ਮੰਡੀ ਦਾ ਕਬਜ਼ਾ ਹੋ ਚੁੱਕਾ ਹੈ। ਕਾਰਪੋਰੇਟਾਂ ਵੱਲੋਂ ਮੁੱਠੀ ਭਰ ਕਾਮਿਆਂ ਦੀਆਂ ਜੇਬਾਂ ਭਰ ਕੇ ਬਾਕੀਆਂ ਦਾ ਲਹੂ ਪੀਤਾ ਜਾ ਰਿਹਾ ਹੈ ਅਤੇ ਬੇਕਾਰੀ ਦਾ ਆਲਮ ਸਿਰਜਿਆ ਜਾ ਰਿਹਾ ਹੈ। ਜੇ ਗੱਭਰੂ ਹੱਥ ਕੰਮ ਹੋਵੇ ਤਾਂ ਉਹ ਕਦੀ ਵੀ ਕੁਰਾਹੇ ਨਹੀਂ ਪੈ ਸਕਦਾ। ਬੇਕਾਰੀ ਕਾਰਨ ਹੀ ਨੌਜਵਾਨ ਪੀੜ੍ਹੀ ਕੁਰੀਤੀਆਂ ਦੇ ਰਾਹੇ ਪੈ ਰਹੀ ਹੈ। ਪੰਜਾਬੀ ਨੌਜਵਾਨਾਂ ਦੇ ਪਰਵਾਸ ਬਾਰੇ ਮਿਲੇ ਅੰਕੜੇ ਭਾਵੇਂ ਸਹੀ ਨਾ ਵੀ ਹੋਣ ਪਰ ਇਹ ਚਿੰਤਤ ਜ਼ਰੂਰ ਕਰਦੇ ਹਨ। ਇਨ੍ਹਾਂ ਅਨੁਸਾਰ 2016 ਤੋਂ ਫਰਵਰੀ 2021 ਤਕ 9.84 ਲੱਖ ਲੋਕਾਂ ਨੇ ਪੰਜਾਬ ਤੇ ਚੰਡੀਗੜ੍ਹ ਤੋਂ ਪਰਵਾਸ ਕੀਤਾ। ਇਨ੍ਹਾਂ ਵਿੱਚੋਂ 3 ਲੱਖ 79 ਹਜ਼ਾਰ ਵਿਦਿਆਰਥੀ ਵੀਜ਼ੇ 'ਤੇ ਗਏ ਜਦਕਿ ਸਰਕਾਰੀ ਅੰਕੜਿਆਂ ਅਨੁਸਾਰ 2016 ਵਿਚ 36 ਹਜ਼ਾਰ, 2019 ਵਿਚ 73 ਹਜ਼ਾਰ ਅਤੇ 2022 ਵਿਚ ਇਹ ਗਿਣਤੀ ਦੁੱਗਣੀ ਹੋਈ ਹੋਵੇਗੀ। ਪੰਜਾਬ ਵਿਚ ਵਸਦੇ ਲਗਪਗ 60 ਲੱਖ ਪਰਿਵਾਰਾਂ 'ਚੋਂ ਹਰ ਛੇਵੇਂ ਪਰਿਵਾਰ ਦਾ ਬੱਚਾ ਵਿਦੇਸ਼ਾਂ ਵਿਚ ਪੜ੍ਹਨ ਜਾ ਰਿਹਾ ਹੈ। ਜਿਹੜਾ ਵਿਦੇਸ਼ ਚਲਾ ਜਾਂਦਾ ਹੈ ਉਹ ਆਪਣੇ-ਆਪ ਨੂੰ ਖ਼ੁਸ਼ਕਿਸਮਤ ਸਮਝਦਾ ਹੈ। ਉਸ ਦੇ ਮਾਪੇ ਉਸ ਨੂੰ ਨਸ਼ਿਆਂ ਦੀ ਹਨੇਰੀ ਤੋਂ ਬਚਿਆ ਸਮਝਦੇ ਹਨ। ਜਿਹੜਾ ਪੰਜਾਬ ਦੁਨੀਆ ਲਈ ਰਾਹ ਦਸੇਰਾ ਬਣਿਆ ਰਿਹਾ ਅੱਜ ਉਹ ਪਰਦੇਸਾਂ ਦੇ ਰਾਹੇ ਪਿਆ ਹੋਇਆ ਹੈ। ਇਸ ਗੰਭੀਰ ਮਸਲੇ ਵੱਲ ਮੌਕੇ ਦੇ ਨੀਤੀ-ਘਾੜਿਆਂ ਵੱਲੋਂ ਗ਼ੌਰ ਨਾ ਕਾਰਨ ਕਰ ਕੇ ਹੀ ਅਜਿਹੀ ਸਥਿਤੀ ਪੈਦਾ ਹੋਈ ਹੈ। ਪੰਜਾਬ ਦੇ ਪੈਸੇ ਦੀ ਗੱਲ ਕਰੀਏ ਤਾਂ ਹਰ ਸਾਲ ਲਗਪਗ 1.45 ਲੱਖ ਵਿਦਿਆਰਥੀ ਵਿਦੇਸ਼ਾਂ ਵਿਚ ਪੜ੍ਹਾਈ ਲਈ 25 ਅਰਬ 30 ਕਰੋੜ ਰੁਪਏ ਖ਼ਰਚ ਕਰਦੇ ਹਨ। ਅੱਸੀ ਫ਼ੀਸਦੀ ਮਾਪੇ ਬਾਰ੍ਹਵੀਂ ਤੋਂ ਬਾਅਦ ਬੱਚਿਆਂ ਨੂੰ ਵਿਦੇਸ਼ ਭੇਜਣ ਦੇ ਇੱਛੁਕ ਹਨ ਅਤੇ 90% ਵਿਦਿਆਰਥੀ ਪੰਜਾਬ ਦੀ ਬਜਾਏ ਕੈਨੇਡਾ, ਆਸਟ੍ਰੇਲੀਆ, ਨਿਊਜ਼ੀਲੈਂਡ, ਅਮਰੀਕਾ, ਯੂਰਪੀ ਅਤੇ ਹੋਰ ਉੱਨਤ ਦੇਸ਼ਾਂ ਵਿਚ ਜਾਣ ਦੇ ਪੱਖ ਵਿਚ ਹਨ।

ਪੰਜਾਬ ਦੇ ਬਜਟ ਦਾ ਲਗਪਗ 17 ਫ਼ੀਸਦੀ ਹਿੱਸਾ ਹਰ ਸਾਲ ਮਾਪਿਆਂ ਵੱਲੋਂ ਬੱਚਿਆਂ ਦੀ ਪੜ੍ਹਾਈ ਲਈ ਦੂਜੇ ਦੇਸ਼ਾਂ ਵਿਚ ਭੇਜਿਆ ਜਾ ਰਿਹਾ ਹੈ। ਗ਼ੈਰ-ਕਾਨੂੰਨੀ ਢੰਗ ਨਾਲ ਟਰੈਵਲ ਏਜੰਟ ਨੌਜਵਾਨਾਂ ਤੋਂ 10 ਤੋਂ 20 ਲੱਖ ਲੈ ਕੇ ਉਨ੍ਹਾਂ ਨੂੰ ਬਾਹਰ ਭੇਜਦੇ ਹਨ ਜਿਸ ਨਾਲ ਬਾਹਰ ਜਾਣ ਵਾਲਾ ਪੈਸਾ ਹੋਰ ਵੀ ਵਧ ਜਾਂਦਾ ਹੈ। ਬੱਚਿਆਂ ਵੱਲੋਂ ਵਿਦੇਸ਼ਾਂ ਵਿਚ ਕਮਾਇਆ ਧਨ ਹੁਣ ਵਾਪਸ ਪੰਜਾਬ ਨਹੀਂ ਆ ਰਿਹਾ। ਸਗੋਂ ਵਿਦੇਸ਼ ਪੜ੍ਹਦੇ ਬੱਚੇ ਉੱਥੇ ਹੀ ਰੀਅਲ ਅਸਟੇਟ, ਟਰਾਂਸਪੋਰਟ, ਕੋਠੀਆਂ ਜਾਂ ਕਾਰਾਂ 'ਤੇ ਹੀ ਖ਼ਰਚ ਰਹੇ ਹਨ। ਵਿਦੇਸ਼ ਗਏ ਬੱਚੇ ਉੱਥੋਂ ਦੀ ਪੜ੍ਹਾਈ ਕਰ ਕੇ ਕਦੇ ਪੰਜਾਬ ਵਾਪਸ ਨਹੀਂ ਆਉਣਗੇ। ਉਨ੍ਹਾਂ ਦੀ ਔਲਾਦ ਤਾਂ ਸੈਰ ਕਰਨ ਲਈ ਭਾਰਤ ਨੂੰ ਕੋਈ ਤਰਜੀਹ ਨਹੀਂ ਦਿੰਦੀ। ਬੱਚੇ ਆਪਣੇ ਬਜ਼ੁਰਗ ਮਾਪਿਆਂ ਨੂੰ ਇੱਥੋਂ ਦੀ ਜ਼ਮੀਨ-ਜਾਇਦਾਦ ਵੇਚ ਕੇ ਕੈਨੇਡਾ ਵਰਗੇ ਦੇਸ਼ਾਂ ਵਿਚ ਰਹਿਣ ਲਈ ਮਜਬੂਰ ਕਰ ਰਹੇ ਹਨ। ਜਦੋਂ ਇੱਥੇ ਆਏ ਪਰਵਾਸੀਆਂ ਦੀ ਮੰਦਹਾਲੀ ਹੁੰਦੀ ਹੈ ਤਾਂ ਉਹ ਕਦੇ ਵਾਪਸ ਆਉਣ ਦੀ ਗੱਲ ਭੁੱਲ ਕੇ ਵੀ ਨਹੀਂ ਕਰਦੇ।

ਬੇਰੁਜ਼ਗਾਰੀ ਦੇ ਮਾਸਿਕ ਅੰਕੜਿਆਂ 'ਤੇ ਝਾਤ ਮਾਰੀਏ ਤਾਂ ਪਤਾ ਲੱਗਦਾ ਹੈ ਕਿ ਪੰਜਾਬ ਦੀ ਹਾਲਤ ਭਾਵੇਂ ਸਹਿਜੇ-ਸਹਿਜੇ ਬਿਹਤਰੀ ਵੱਲ ਵਧ ਰਹੀ ਹੈ ਪਰ ਹਰ ਕਸਬੇ ਅਤੇ ਸ਼ਹਿਰਾਂ ਵਿਚ ਵਧ ਰਹੇ ਆਈਲੈਟਸ ਸੈਂਟਰ ਪਰਵਾਸ ਦੇ ਵਾਧੇ ਦੇ ਰੁਝਾਨ ਦਾ ਖ਼ਤਰਨਾਕ ਦ੍ਰਿਸ਼ ਪੇਸ਼ ਕਰਦੇ ਹਨ। ਸੈਂਟਰ ਫਾਰ ਮੋਨੀਟਰਿੰਗ ਆਫ ਇੰਡੀਆ ਇਕਾਨਮੀ ਪ੍ਰਾਈਵੇਟ ਲਿਮਟਿਡ ਅਨੁਸਾਰ ਭਾਰਤ ਵਿਚ ਬੇਰੁਜ਼ਗਾਰੀ ਦਰ 7.8% ਹੈ ਜਦਕਿ ਦਿਹਾਤੀ ਇਲਾਕਿਆਂ ਦੀ 7.1% ਅਤੇ ਸ਼ਹਿਰੀ ਹਲਕਿਆਂ ਦੀ ਇਹ ਦਰ 9.4% ਹੈ। ਉਂਜ ਪੰਜਾਬ ਦੇਸ਼ ਦੇ ਮੁਕਾਬਲੇ 6.8 % ਨਾਲ ਬਿਹਤਰ ਦਿਖਾਈ ਦਿੰਦਾ ਹੈ ਪਰ ਇਸ ਵਿੱਚੋਂ ਬਰੇਨ ਡਰੇਨ ਦਾ ਮੁੱਖ ਕਾਰਨ ਬੇਕਾਰੀ ਮੰਨਿਆ ਜਾ ਸਕਦਾ ਹੈ।

ਹਾਕਮਾਂ ਦਾ ਕਾਰਪੋਰੇਟ ਘਰਾਣਿਆਂ ਦੇ ਹੱਥੀਂ ਖੇਡਣਾ, ਸਿਰਫ਼ ਤੇ ਸਿਰਫ਼ ਆਪ ਨੂੰ ਦੇਖਣ ਨਾਲ ਅਜਿਹੀਆਂ ਹੋਣੀਆਂ ਵਾਪਰਦੀਆਂ ਹਨ। ਪੰਜਾਬ ਅਤੇ ਪੰਜਾਬੀ ਦੀ ਹੋਂਦ ਨੂੰ ਬਚਾਉਣ ਲਈ ਇਸ ਵਹਿਣ ਨੂੰ ਰੋਕਣਾ ਜ਼ਰੂਰੀ ਹੈ। ਪਰਵਾਸ ਦੇ ਦਰਦ ਹੰਢਾ ਰਹੇ ਮਾਪੇ ਤੇ ਬੱਚੇ ਹਾਕਮਾਂ ਨੂੰ ਕੋਸ ਰਹੇ ਹਨ। ਇਸੇ ਕਰ ਕੇ ਇਸ ਗੀਤ ਦੀਆਂ ਲਾਈਨਾਂ ਇੱਥੇ ਢੁੱਕਦੀਆਂ ਹਨ : 'ਮੈਂ ਕਿਉਂ ਜਾਂਦਾ ਪ੍ਰਦੇਸ ਨੀ ਮਾਂ, ਜੇ ਰੋਟੀ ਦਿੰਦਾ ਦੇਸ ਨੀ ਮਾਂ।' ਜਦੋਂ ਇਹ ਸ਼ਬਦ ਵਿਦੇਸ਼ ਬੈਠਾ ਬੱਚਾ ਕਹਿੰਦਾ ਹੈ ਤਾਂ ਕਾਲਜੇ ਦਾ ਰੁੱਗ ਭਰਿਆ ਜਾਂਦਾ ਹੈ। ਮਾਵਾਂ ਪੁੱਤਰਾਂ ਨੂੰ ਮਿਲਣ ਲਈ ਤੜਫ ਰਹੀਆਂ ਹਨ। ਉੱਧਰ ਗੱਭਰੂ ਪੀਆਰ ਹੋਣ ਲਈ ਲਾਈਨ ਵਿਚ ਲੱਗੇ ਹੋਏ ਹਨ।

ਖ਼ੁਸ਼ੀਆਂ ਅਤੇ ਗ਼ਮੀਆਂ ਉਨ੍ਹਾਂ ਦੀ ਗ਼ੈਰ-ਹਾਜ਼ਰੀ ਵਿਚ ਹੀ ਮੰਨ ਰਹੀਆਂ ਹਨ। ਜਿਸ ਤਨ ਲਾਗੇ ਸੋਈ ਜਾਣੇ। ਜਿਹੜੇ ਇਸ ਸੰਤਾਪ ਨੂੰ ਹੰਢਾ ਰਹੇ ਹਨ, ਕਦੀ ਉਨ੍ਹਾਂ ਕੋਲ ਦੋ ਪਲ ਬੈਠੋ ਤਾਂ ਅਹਿਸਾਸ ਹੋਵੇਗਾ। ਸ਼ਾਇਦ ਇਹ ਅਹਿਸਾਸ ਮੌਕੇ ਦੇ ਹਾਕਮਾਂ ਨੂੰ ਨਹੀਂ ਸੀ ਹੋਇਆ ਜਿਨ੍ਹਾਂ ਨੇ ਪੰਜਾਬ ਨੂੰ ਦਾਅ 'ਤੇ ਲਾ ਕੇ ਆਪਣੀ ਰਾਜਨੀਤੀ ਦੀਆਂ ਰੋਟੀਆਂ ਸੇਕੀਆਂ। ਤੜਫ ਰਹੀ ਜਵਾਨੀ ਅਤੇ ਇਕੱਲੇਪਨ ਦੇ ਸ਼ਿਕਾਰ ਹੋ ਰਹੇ ਮਾਪਿਆਂ ਨੂੰ ਕਦੋਂ ਸੁੱਖ ਦੇ ਪਲ ਨਸੀਬ ਹੋਣਗੇ? ਯਕੀਨਨ ਉਦੋਂ ਜਦੋਂ ਉਨ੍ਹਾਂ ਦੇ ਬੱਚੇ ਉਨ੍ਹਾਂ ਦੇ ਕੋਲ ਰਹਿ ਕੇ ਆਪਣੇ ਦੇਸ਼ ਵਿਚ ਹੀ ਮਿਹਨਤਾਂ ਤੇ ਕਮਾਈਆਂ ਦੇ ਝੰਡੇ ਗੱਡਣਗੇ। ਕਾਸ਼! ਉਹ ਦਿਨ ਜਲਦੀ ਆਵੇ ਅਤੇ ਇਸ ਅਨੰਤ ਪਰਵਾਸ ਨੂੰ ਠੱਲ੍ਹ ਪਵੇ। ਸਾਡਾ ਰੰਗਲਾ ਪੰਜਾਬ ਪਹਿਲਾਂ ਵਾਂਗ ਹੀ ਸਭ ਦਾ ਢਿੱਡ ਭਰੇ ਤੇ ਹੱਸਦਾ-ਵਸਦਾ ਰਹੇ।

ਲਿਖਤ : ਮੰਗਤ ਰਾਮ ਪਾਸਲਾ

# ਜ਼ਹਿਰੀਲਾ ਹੁੰਦਾ ਜਾ ਰਿਹਾ ਹੈ ਪੰਜਾਬ ਦਾ ਪਾਣੀ

ਭਵਿੱਖ 'ਚ ਪੰਜਾਬ ਨੂੰ ਜਿਨ੍ਹਾਂ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ, ਉਹ ਸਿੱਧੇ ਤੌਰ 'ਤੇ ਉਜਾਗਰ ਹੋ ਚੁੱਕੀਆਂ ਹਨ। ਪੰਜ ਪਾਣੀਆਂ ਦੀ ਧਰਤੀ ਕਦੇ ਪੀਣ ਯੋਗ ਅਤੇ ਖੇਤੀਬਾੜੀ ਲਈ ਪਾਣੀ ਤੋਂ ਵਾਂਝੀ ਹੋ ਜਾਵੇਗੀ। ਇਹ ਕਦੇ ਸੋਚਿਆ ਵੀ ਨਹੀਂ ਸੀ। ਫਾਜ਼ਿਲਕਾ, ਫਿਰੋਜ਼ਪੁਰ, ਬਠਿੰਡਾ ਅਤੇ ਮਾਨਸਾ ਆਦਿ ਕਈ ਜ਼ਿਲ੍ਹਿਆਂ ਦੇ ਵਿਅਕਤੀ ਜਿਹੜੇ ਮਹਿੰਗੀ ਕੀਮਤ 'ਤੇ ਪਾਣੀ ਮੁੱਲ ਖ਼ਰੀਦ ਸਕਦੇ ਸਨ, ਉਹ ਟੈਂਕਾਂ 'ਚ ਲਿਆਂਦੇ ਜਾ ਰਹੇ ਕੀਮਤੀ ਪਾਣੀ ਦਾ ਭੰਡਾਰ ਕਰ ਕੇ ਆਪਣਾ ਗੁਜ਼ਾਰਾ ਕਰ ਰਹੇ ਹਨ ਪਰ ਦੂਜੇ ਪਾਸੇ ਬੇਰੁਜ਼ਗਾਰੀ ਅਤੇ ਗ਼ਰੀਬੀ ਦੀ ਮਾਰ ਸਹਿ ਰਹੇ ਪਰਿਵਾਰ ਪ੍ਰਦੂਸ਼ਿਤ ਅਤੇ ਜ਼ਹਿਰੀਲਾ ਪਾਣੀ ਪੀਣ ਲਈ ਮਜਬੂਰ ਹਨ। ਉਨ੍ਹਾਂ ਨੂੰ ਕੈਂਸਰ ਅਤੇ ਕਾਲਾ ਪੀਲੀਆ ਵਰਗੀਆਂ ਜਿਗਰ ਨਾਲ ਸੰਬੰਧਤ ਕਈ ਜਾਨਲੇਵਾ ਬੀਮਾਰੀਆਂ ਲੱਗ ਚੁੱਕੀਆਂ ਹਨ।

ਬੀਤੇ ਦਿਨੀਂ ਪ੍ਰਕਾਸ਼ਿਤ ਸਕੂਲੀ ਬੱਚਿਆਂ ਦੇ ਕੈਂਸਰ ਤੋਂ ਪੀੜਤ ਹੋਣ ਸੰਬੰਧੀ ਖ਼ਬਰਾਂ ਮਨੁੱਖੀ ਮਨਾਂ ਨੂੰ ਬੇਚੈਨ ਕਰ ਰਹੀਆਂ ਹਨ। ਉਦਯੋਗਿਕ ਖੇਤਰਾਂ 'ਚ ਵਰਤਿਆ ਜਾਣ ਵਾਲਾ ਪਾਣੀ ਦੂਸ਼ਿਤ ਹੋ ਕੇ ਧਰਤੀ ਦੇ ਹੇਠਾਂ ਜਾ ਰਿਹਾ ਹੈ। ਸਾਫ਼ ਹਵਾ ਅਤੇ ਸਾਫ਼ ਪਾਣੀ ਦੀਆਂ ਮੰਗਾਂ ਨੂੰ ਲੈ ਕੇ ਕਈ ਥਾਵਾਂ 'ਤੇ ਪੀੜਤ ਲੋਕ ਠੰਡੀਆਂ ਰਾਤਾਂ 'ਚ ਅਜਿਹੇ ਉਦਯੋਗਿਕ ਅਦਾਰਿਆਂ ਦੇ ਮੁੱਖ ਦਰਵਾਜ਼ਿਆਂ ਸਾਹਮਣੇ ਧਰਨੇ ਦੇ ਕੇ ਬੈਠੇ ਹਨ। ਅਜਿਹੀਆਂ ਉਦਯੋਗਿਕ ਇਕਾਈਆਂ ਜ਼ਹਿਰੀਲੇ ਪਾਣੀ ਨੂੰ ਧਰਤੀ ਅੰਦਰ ਭੇਜ ਕੇ ਅਤੇ ਦਰਿਆਵਾਂ 'ਚ ਦੂਸ਼ਿਤ ਪਾਣੀ ਨੂੰ ਛੱਡ ਕੇ ਚੁਗਿਰਦੇ ਨੂੰ ਹੋਰ ਵੀ ਪ੍ਰਦੂਸ਼ਿਤ ਕਰ ਰਹੀਆਂ ਹਨ।

ਕੰਨਾਂ ਤੋਂ ਬੋਲਾ ਅਤੇ ਅੱਖਾਂ ਤੋਂ ਅੰਨ੍ਹਾ ਪ੍ਰਸ਼ਾਸਨ ਲੋਕਾਂ ਦੀ ਪੁਕਾਰ ਸੁਣਨ ਦੀ ਬਜਾਏ ਆਪਣੀ ਮੌਜ-ਮਸਤੀ 'ਚ ਰੁੱਝਾ ਹੋਇਆ ਹੈ। ਇਹ ਬਹੁਤ ਤਕਲੀਫ਼ ਦੇਹ ਗੱਲ ਹੈ ਕਿ ਪਾਣੀ, ਮਿੱਟੀ ਅਤੇ ਹਵਾ ਨੂੰ ਪ੍ਰਦੂਸ਼ਿਤ ਰਹਿਤ ਕਰਨ ਦਾ ਨਾਅਰਾ ਦੇ ਕੇ ਸੱਤਾ 'ਤੇ ਕਾਬਜ਼ ਹੋਈ ਆਮ ਆਦਮੀ ਪਾਰਟੀ (ਆਪ) ਦੀ ਸਰਕਾਰ ਕੋਲ ਲੋਕਾਂ ਦਾ ਦੁੱਖ-ਦਰਦ ਸੁਣਨ ਲਈ ਸਮਾਂ ਹੀ ਨਹੀਂ ਹੈ।

ਨਸ਼ਾਖੋਰੀ ਆਪਣੇ ਸਿਖ਼ਰ 'ਤੇ ਪਹੁੰਚ ਚੁੱਕੀ ਹੈ। ਰੋਜ਼ਾਨਾ ਨਸ਼ੇ ਦੀ ਵਧੇਰੇ ਮਾਤਰਾ ਦੀ ਵਰਤੋਂ ਕਰ ਕੇ ਦਮ ਤੋੜਨ ਵਾਲੇ ਪੁਰਸ਼ਾਂ ਅਤੇ ਔਰਤਾਂ ਜਿਨ੍ਹਾਂ 'ਚ ਵਧੇਰੇ ਨੌਜਵਾਨ ਪੀੜ੍ਹੀ ਦੇ ਲੋਕ ਸ਼ਾਮਲ ਹਨ, ਦੀ ਗਿਣਤੀ ਲਗਾਤਾਰ ਵਧਦੀ ਹੀ ਜਾ ਰਹੀ ਹੈ। ਪੁਲਸ ਪ੍ਰਸ਼ਾਸਨ, ਅਧਿਕਾਰੀ ਅਤੇ ਪ੍ਰਸ਼ਾਸਕ ਵਰਗ ਝੂਠੇ ਸਰਕਾਰੀ ਦਾਅਵਿਆਂ ਨੂੰ ਦੁਹਰਾ ਰਿਹਾ ਹੈ। ਲੁੱਟਮਾਰ ਦਾ ਬਾਜ਼ਾਰ ਗਰਮ ਹੈ। ਅੱਜ ਗੈਂਗਸਟਰ ਸ਼ਰੇਆਮ ਲੋਕਾਂ ਨੂੰ ਜਾਨ ਤੋਂ ਮਾਰਨ ਦੀਆਂ ਧਮਕੀਆਂ ਦੇ ਕੇ ਫਿਰੌਤੀ ਮੰਗ ਰਹੇ ਹਨ। ਉਹ ਲੋਕਾਂ ਦਾ ਸਮਾਂ ਅਤੇ ਮਿਤੀ ਵੀ ਤੈਅ ਕਰ ਦਿੰਦੇ ਹਨ। ਕੁਝ ਸ਼ਰਾਰਤੀ ਅਨਸਰ ਪੰਜਾਬ ਅੰਦਰ ਖ਼ਾਲਿਸਤਾਨ ਦੀ ਮੰਗ ਦੇ ਨਾਅਰੇ ਲਾ ਰਹੇ ਹਨ। ਕੇਂਦਰ ਅਤੇ ਪੰਜਾਬ ਸਰਕਾਰ ਅਜਿਹੇ ਸ਼ਰਾਰਤੀ ਅਨਸਰਾਂ ਵਿਰੁੱਧ ਕੋਈ ਬਣਦੀ ਕਾਨੂੰਨੀ ਕਾਰਵਾਈ ਕਰਨ ਤੋਂ ਅਸਮਰਥ ਲੱਗ ਰਹੀ ਹੈ। ਆਮ ਲੋਕ ਡਰ ਕਾਰਨ ਚੁੱਪ ਰਹਿਣਾ ਹੀ ਠੀਕ ਸਮਝਦੇ ਹਨ।

ਰੁਜ਼ਗਾਰ ਨੂੰ ਲੱਭਣ ਲਈ ਵਿਦੇਸ਼ਾਂ ਵੱਲ ਜਾਣ ਵਾਲੇ ਲੋਕ ਆਈਲੈਟਸ ਦਾ ਇਮਤਿਹਾਨ ਦੇ ਰਹੇ ਹਨ। ਆਈਲੈਟਸ ਦਾ ਇਮਤਿਹਾਨ ਮੌਜੂਦਾ ਸਮੇਂ 'ਚ ਸਭ ਤੋਂ ਵੱਡੀ ਵਿੱਦਿਅਕ ਡਿਗਰੀ ਬਣ ਗਿਆ ਹੈ। ਕਾਲਜ ਅਤੇ ਯੂਨੀਵਰਸਿਟੀਆਂ ਵਿਦਿਆਰਥੀਆਂ ਦੀ ਉਡੀਕ ਕਰ ਰਹੀਆਂ ਹਨ ਪਰ ਪੜ੍ਹਨ ਵਾਲੇ ਨੌਜਵਾਨ ਮੁੰਡੇ-ਕੁੜੀਆਂ ਦੇਸ਼ 'ਚ ਪੜ੍ਹਨ ਦੀ ਥਾਂ ਹਵਾਈ ਜਹਾਜ਼ 'ਤੇ ਲਟਕ ਕੇ ਵੀ ਵਿਦੇਸ਼ ਜਾਣ ਦਾ ਮਨ ਬਣਾ ਚੁੱਕੇ ਹਨ।

ਠੱਗ ਟ੍ਰੈਵਲ ਏਜੰਟਾਂ ਦੀ ਲੁੱਟਮਾਰ ਜਾਰੀ ਹੈ। ਲੱਖਾਂ ਰੁਪਏ ਖ਼ਰਚ ਕਰ ਕੇ ਵਿਦੇਸ਼ ਜਾ ਕੇ ਉਨ੍ਹਾਂ ਦਾ ਭਵਿੱਖ ਕਿਹੋ ਜਿਹਾ ਹੋਵੇਗਾ, ਇਸ ਦੀ ਜਾਣਕਾਰੀ ਹਾਸਲ ਕਰਨ ਦਾ ਸਮਾਂ ਬਹੁਤ ਲੋਕਾਂ ਕੋਲ ਨਹੀਂ ਹੈ। ਉਨ੍ਹਾਂ ਕੋਲ ਅਜਿਹੀ ਇੱਛਾ ਸ਼ਕਤੀ ਵੀ ਨਹੀਂ ਹੈ। ਪੰਜਾਬ 'ਚ ਰਹਿਣ ਵਾਲੇ ਬੇਰੁਜ਼ਗਾਰ ਨੌਜਵਾਨ ਢਿੱਡ ਭਰਨ ਲਈ ਕਿਹੜਾ ਰਾਹ ਅਪਣਾਉਣਗੇ, ਇਸ ਦਾ ਅੰਦਾਜ਼ਾ ਲਾਉਣਾ ਵੀ ਔਖਾ ਹੈ। ਕਾਨੂੰਨੀ ਪ੍ਰਬੰਧਾਂ 'ਚ ਵਿਗੜਦੇ ਹਾਲਾਤ ਨੂੰ ਦੇਖਦੇ ਹੋਏ ਉਦਯੋਗਿਕ ਇਕਾਈਆਂ ਦੂਜੇ ਸੂਬਿਆਂ ਵੱਲ ਖਿਸਕ ਰਹੀਆਂ ਹਨ।

ਰਿਸ਼ਵਤਖੋਰੀ ਦਾ ਜਾਲ ਉੱਪਰ ਤੋਂ ਲੈ ਕੇ ਹੇਠਾਂ ਤੱਕ ਫੈਲ ਚੁੱਕਾ ਹੈ। ਪੰਜਾਬ ਅੰਦਰ ਮੁਹੱਲਾ ਕਲੀਨਿਕਾਂ ਦਾ ਖ਼ੂਬ ਢਿੰਡੋਰਾ ਪਿੱਟਿਆ ਜਾ ਰਿਹਾ ਹੈ। ਜਦੋਂ ਕਿ ਸਰਕਾਰੀ ਹਸਪਤਾਲਾਂ ਦੀਆਂ ਵੱਡੀਆਂ-ਵੱਡੀਆਂ ਇਮਾਰਤਾਂ ਅਤੇ ਵਿਦੇਸ਼ਾਂ 'ਚ ਵਸੇ ਪੰਜਾਬੀਆਂ ਦੇ ਪੈਸਿਆਂ ਨਾਲ ਬਣੇ ਖ਼ੂਬਸੂਰਤ ਹਸਪਤਾਲ ਸਟਾਫ਼, ਦਵਾਈਆਂ ਅਤੇ ਸਾਜ਼ੋ-ਸਾਮਾਨ ਤੋਂ ਵਾਂਝੇ ਹਨ।

ਪੰਜਾਬ 'ਚ ਸਰਕਾਰੀ ਹਸਪਤਾਲਾਂ 'ਚ ਸਥਾਪਿਤ 5 ਟਰੋਮਾ ਸੈਂਟਰ ਤਰਸਯੋਗ ਹਾਲਤ 'ਚ ਨਜ਼ਰ ਆਉਂਦੇ ਹਨ। ਦਿੱਲੀ ਦੇ ਸਿਹਤ ਮਾਡਲ ਵਾਂਗ ਪੰਜਾਬ 'ਚ ਸਿਹਤ ਸਹੂਲਤਾਂ ਨੂੰ ਦੇਣ ਦਾ ਵਾਅਦਾ ਕਰਨ ਵਾਲੀ ਸਰਕਾਰ ਸ਼ਰਮਸਾਰ ਜ਼ਰੂਰ ਹੋਣੀ ਚਾਹੀਦੀ ਹੈ। ਸਰਕਾਰੀ ਸਕੂਲਾਂ ਦੇ ਬੰਦ ਹੋਣ ਕਾਰਨ ਅਤੇ ਪ੍ਰਾਈਵੇਟ ਸਕੂਲਾਂ ਦੀਆਂ ਬੇਲਗਾਮ ਫੀਸਾਂ ਅਤੇ ਹੋਰ ਸੰਬੰਧਤ ਖ਼ਰਚਿਆਂ ਕਾਰਨ ਆਮ ਆਦਮੀ ਦੇ ਬੱਚਿਆਂ ਲਈ ਉੱਚ ਸਿੱਖਿਆ ਹਾਸਲ ਕਰਨ ਦੀ 'ਮ੍ਰਿਗਤ੍ਰਿਸ਼ਨਾ' ਬਣੀ ਹੋਈ ਹੈ।

ਸਵਾਲ ਪੁੱਛਿਆ ਜਾਣਾ ਚਾਹੀਦਾ ਹੈ ਕਿ ਉਪਰੋਕਤ ਦੱਸੇ ਗਏ ਸਭ ਦੁੱਖਾਂ ਦਾ ਇਲਾਜ ਕੀ ਹੈ? ਵੋਟ ਲੈਣ ਦੀ ਖ਼ਾਤਰ ਝੂਠੇ ਵਾਅਦਿਆਂ ਦੀ ਇਸ਼ਤਿਹਾਰਬਾਜ਼ੀ ਕੀਤੀ ਜਾਂਦੀ ਹੈ। ਭ੍ਰਿਸ਼ਟਾਚਾਰ ਅਤੇ ਭਾਈ-ਭਤੀਜਾਵਾਦ ਦਾ ਮੋਹ ਛੱਡ ਕੇ ਨੌਕਰਸ਼ਾਹੀ ਨੂੰ ਕਾਨੂੰਨ ਦੇ ਘੇਰੇ 'ਚ ਰਹਿ ਕੇ ਲੋਕਾਂ ਦੇ ਹਿੱਤਾਂ ਲਈ ਕੰਮ ਕਰਨਾ ਚਾਹੀਦਾ ਹੈ। ਬਦਕਿਸਮਤੀ ਵਾਲੀ ਗੱਲ ਇਹ ਹੈ ਕਿ ਦੂਜੀਆਂ ਸਰਕਾਰਾਂ ਵਾਂਗ 'ਆਪ' ਦੇ ਆਗੂ ਕਾਰਪੋਰੇਟ ਅਤੇ ਫਿਰਕੂ ਸਿਆਸਤ ਦੇ ਪੈਰੋਕਾਰ ਹਨ। ਸਰਕਾਰ ਦੇ ਹਰ ਕੰਮ ਪ੍ਰਤੀ ਜਾਗਰੂਕ ਲੋਕ 'ਚੌਕੀਦਾਰ' ਵਜੋਂ ਕੰਮ ਕਰ ਸਕਦੇ ਹਨ।

# BHULLAR
## Excavating and Demolition



**BILL BHULLAR: 778-891-4556**
**BALRAJ BHULLAR: 778-865-4480**



## Helping You Unlock Your Dream Home

ਜੇਕਰ ਤੁਹਾਨੂੰ ਮੌਰਟਗੇਜ ਲੈਣ ਵਿੱਚ ਕੋਈ ਮੁਸ਼ਕਿਲ ਆਉਂਦੀ ਹੈ ਤਾਂ ਇੱਕ ਵਾਰ ਸਾਨੂੰ ਜ਼ਰੂਰ ਮਿਲੋ।
ਅਸੀਂ ਪ੍ਰਾਈਵੇਟ ਮੋਰਟਗੇਜ ਦਾ ਪ੍ਰਬੰਧ ਵੀ ਘੱਟ ਰੇਟ 'ਤੇ ਕਰਦੇ ਹਾਂ।

✔ First-time Home Buyers | ✔ Mortgage Renewals

✔ Refinancing solutions | ✔ Construction mortgage | ✔ Purchase or Refinance



# AMARPAL SINGH
## Mortgage Advisor

**Call : 604.338.7310**

CENTUM MORTGAGE

# ਕੁਰਬਾਨੀ

ਲਿਖਤ : -ਬਲਵਿੰਦਰ 'ਬਾਲਮ', ਸੰਪਰਕ : 98156-25409



ਸੁਰਜੀਤ ਇਕ ਕਰੋੜਪਤੀ ਬਾਪ ਦੀ ਲੜਕੀ ਹੈ। ਬੜੀ ਸੁਸ਼ੀਲ, ਚੰਚਲ ਤੇ ਖ਼ੂਬਸੂਰਤੀ ਦੀ ਪ੍ਰਤਿਮਾ।

ਭੁਪਿੰਦਰ ਇਕ ਗ਼ਰੀਬ ਘਰ ਦਾ ਲੜਕਾ ਹੈ। ਉਸਦਾ ਬਾਪ ਅਪਹਾਜ ਹੈ। ਉਸਦੀ ਮਾਂ ਲੋਕਾਂ ਦੇ ਬਰਤਨ ਸਾਫ਼ ਕਰਕੇ ਘਰ ਦਾ ਗੁਜ਼ਾਰਾ ਚਲਾਉਂਦੀ ਹੈ। ਭੁਪਿੰਦਰ ਆਪਣੇ ਮਾਂ-ਬਾਪ ਦਾ ਇਕਲੌਤਾ ਪੁੱਤਰ ਹੈ। ਭਾਵੇਂ ਉਸਦੀ ਮਾਂ ਬਰਤਨ ਸਾਫ਼ ਕਰਕੇ ਹੀ ਘਰ ਦਾ ਗੁਜ਼ਾਰਾ ਚਲਾਉਂਦੀ ਹੈ, ਪਰ ਉਹ ਭੁਪਿੰਦਰ ਨੂੰ ਸ਼ਹਿਰ ਦੇ ਇਕ ਵਧੀਆ ਮਾਡਲ ਸਕੂਲ ਵਿਚ ਪੜ੍ਹਾ ਰਹੀ ਹੈ।

ਭੁਪਿੰਦਰ ਪੜ੍ਹਾਈ ਵਿਚ ਬਹੁਤ ਹੁਸ਼ਿਆਰ ਹੈ। ਹਰ ਕਲਾਚ ਚੋਂ ਉਹ ਹਮੇਸ਼ਾ ਹੀ ਪਹਿਲੇ ਦਰਜੇ 'ਤੇ ਰਹਿੰਦਾ ਹੈ।

ਭੁਪਿੰਦਰ ਤੇ ਸੁਰਜੀਤ ਦਸਵੀਂ ਤੱਕ ਇਕ ਹੀ ਕਲਾਸ ਵਿਚ ਪੜ੍ਹਦੇ ਆ ਰਹੇ ਹਨ। ਭੁਪਿੰਦਰ ਤੇ ਸੁਰਜੀਤ ਦਾ ਆਪਸ ਵਿਚ ਕਾਫ਼ੀ ਮੋਹ ਹੈ। ਕਿਸੇ ਨਾ ਕਿਸੇ ਬਹਾਨੇ, ਸੁਰਜੀਤ ਉਸ ਕੋਲੋਂ ਸਵਾਲ ਆਦਿ ਸਮਝਣ ਦੇ ਬਹਾਨੇ ਕਿੰਨਾ ਚਿਰ ਬੈਠੀ ਗੱਲਾਂ ਵੀ ਮਾਰਦੀ ਰਹਿੰਦੀ ਹੈ।

ਦਸਵੀਂ ਦਾ ਸਾਲਾਨ ਨਤੀਜਾ ਨਿਕਲਦਾ ਹੈ ਤਾਂ ਭੁਪਿੰਦਰ ਮੈਰਿਟ ਵਿਚ ਸਟੈਂਡ ਕਰਦਾ ਹੈ। ਪਰ ਸੁਰਜੀਤ ਸੈਕੰਡ ਕਲਾਸ ਵਿਚ ਪਾਸ ਹੁੰਦੀ ਹੈ। ਸੁਰਜੀਤ ਭੁਪਿੰਦਰ ਨੂੰ ਇਕ ਹੀ ਕਲਾਸ ਵਿਚ ਪੜ੍ਹਨ ਲਈ ਆਖਦੀ ਹੈ, ਪਰ ਭੁਪਿੰਦਰ ਆਪਣੀ ਮਜ਼ਬੂਰੀ ਦੱਸਦਾ ਹੋਇਆ ਕਹਿੰਦਾ ਹੈ, ''ਸੁਰਜੀਤ ਮੈਂ ਦਸਵੀਂ ਤੋਂ ਅੱਗੇ ਨਹੀਂ ਪੜ੍ਹ ਸਕਦਾ ਕਿਉਂਕਿ ਮੇਰੇ ਬੀਜੀ ਆਖਦੇ ਹਨ ਕਿ ਹੁਣ ਮੈਂ ਕਾਲਜ ਦਾ ਖ਼ਰਚਾ ਤੈਨੂੰ ਨਹੀਂ ਦੇ ਸਕਦੀ, ਤੂੰ ਕੋਈ ਨੌਕਰੀ ਲੱਭ ਲੈ।''

ਪਰ ਸੁਰਜੀਤ ਉਸਨੂੰ ਦਿਲਾਸਾ ਦੇਂਦੀ ਹੋਈ ਬੜੇ ਮਾਯੂਸ ਬੋਲਾਂ ਵਿਚ ਆਖਦੀ ਹੈ, ''ਭੁਪਿੰਦਰ ਵੇਖ ਮੈਂ ਤੈਨੂੰ ਸਾਰਾ ਖ਼ਰਚਾ ਦੇਵਾਂਗੀ। ਕਿਤਾਬਾਂ, ਕੱਪੜੇ ਤੇ ਹੋਰ ਆਰਥਿਕ ਲੋੜਾਂ ਪੂਰੀਆਂ ਕਰਾਂਗੀ, ਭੁਪਿੰਦਰ ਤੂੰ ਜ਼ਰੂਰ ਦਾਖਲ ਹੋ। ਤੂੰ ਆਪਣੇ ਬੀਜੀ ਨੂੰ ਮਨਾ ਲੈ ਕਿ ਮੈਂ ਆਪਣਾ ਖ਼ਰਚਾ ਖ਼ੁਦ ਆਪ ਕਰ ਲਵਾਂਗਾ ਤੇ ਮੈਨੂੰ ਕਾਲਜ ਦਾਖਲ ਹੋਣ ਦਿਓ।''

ਪਰ ਭੁਪਿੰਦਰ ਸੁਰਜੀਤ ਦੇ ਏਨੇ ਵੱਡੇ ਉਪਕਾਰ ਤੇ ਅਹਿਸਾਨ ਹੇਠਾਂ ਸੁਰਜੀਤ ਦੇ ਮੋਹ ਸਦਕੇ ਉਹ ਆਪਣੀ ਮਾਂ ਨੂੰ ਮਨਾ ਲੈਂਦਾ ਹੈ।

ਹੁਣ ਸੁਰਜੀਤ ਤੇ ਭੁਪਿੰਦਰ ਇਕ ਕਾਲਜ ਵਿਚ ਦਾਖਲ ਹੋ ਜਾਂਦੇ ਹਨ। ਦੋਵੇਂ ਹੀ ਬੜੇ ਖੁਸ਼ ਹਨ। ਕਾਲਜ ਵਿਚ ਦਾਖਲੇ ਦਾ ਅਤੇ ਪੁਸਤਕਾਂ ਦਾ ਸਾਰਾ ਖ਼ਰਚਾ ਸੁਰਜੀਤ ਹੀ ਅਦਾ ਕਰਦੀ ਹੈ। ਏਥੋਂ ਤੱਕ ਉਹ ਭੁਪਿੰਦਰ ਨੂੰ ਵਧੀਆ ਕੱਪੜੇ, ਪਗੜੀ ਤੇ ਇਕ ਸੁੰਦਰ ਘੜੀ ਵੀ ਹੱਥੀਂ ਖ਼ਰੀਦ ਕੇ ਦੇਂਦੀ ਹੈ। ਭੁਪਿੰਦਰ, ਜਦੋਂ ਉਸ ਕੋਲੋਂ ਇਹ ਚੀਜ਼ਾਂ ਲੈਂਦਾ ਹੈ ਤਾਂ ਉਹ ਖੁਸ਼ ਤਾਂ ਹੁੰਦਾ ਹੈ ਪਰ ਕੁਝ ਸ਼ਰਮਿੰਦਗੀ ਜਹੀ ਮਹਿਸੂਸ ਵੀ ਕਰਦਾ ਹੈ। ਜਿਵੇਂ ਉਸਦੀ ਗੁਰਬਤ ਖ਼ਰੀਦੀ ਜਾ ਰਹੀ ਹੋਵੇ। ਪਰ ਸੁਰਜੀਤ ਦੇ ਮੋਹ ਕਰਕੇ, ਉਸਦੀ ਖੁਸ਼ੀ ਕਰਕੇ ਉਹ ਸਭ ਕੁਝ ਸਵੀਕਾਰਦਾ ਹੈ। ਉਹ ਸੁਰਜੀਤ ਦੇ ਬੁਲੰਦੀਆਂ ਭਰੇ ਮੋਹ ਦੇ ਸ਼ੀਸ਼ੇ ਦੇ ਟੁਕੜੇ-ਟੁਕੜੇ ਵੀ ਨਹੀਂ ਕਰਨਾ ਚਾਹੁੰਦਾ। ਉਸਨੂੰ ਪਤਾ ਹੈ ਕਿ ਮੇਰੀ ਨਾਂਹ ਦੇ ਪੱਥਰ ਉਸਦੇ ਜਜ਼ਬਾਤ ਨੂੰ ਕਿਰਚੀਆਂ ਵਿਚ ਬਦਲ ਸਕਦੇ ਹਨ।

ਹੁਣ ਦੋਵੇਂ ਪ੍ਰੀ-ਮੈਡੀਕਲ ਵਿਚ ਦਾਖਲਾ ਲੈ ਲੈਂਦੇ ਹਨ। ਕਾਲਜ ਵਿਚ ਉਨ੍ਹਾਂ ਦੀਆਂ ਨਿੱਕੀਆਂ-ਨਿੱਕੀਆਂ ਲੁਕਵੀਆਂ ਤੇ ਅਲੁਕਵੀਆਂ ਮੁਲਾਕਾਤਾਂ ਹੁੰਦੀਆਂ ਰਹਿੰਦੀਆਂ ਹਨ।

ਇਕ ਵਾਰੀ ਸੁਰਜੀਤ ਤੇ ਭੁਪਿੰਦਰ ਦੋਵੇਂ ਕਾਲਜ ਦੇ ਇਕ ਲਾਅਨ ਵਿਚ, ਇਕਾਂਤ ਵਾਤਾਵਰਣ ਵਿਚ ਬੈਠੇ ਆਪਣੇ ਅਲਫ਼ਾਜ਼ਾਂ ਦੀ ਕਿਸ਼ਤੀ ਨੂੰ ਮੋਹ ਦੇ ਸਾਗਰ ਵਿਚ, ਜ਼ਿੰਦਗੀ ਦੇ ਚੱਪੂਆਂ ਨਾਲ, ਬੜੀ ਹੌਲੀ-ਹੌਲੀ ਮੱਧਮ ਤੌਰ ਵਿਚ ਲਿਜਾ ਰਹੇ ਸਨ।

ਸੁਰਜੀਤ ਘਾਹ ਦੀ ਇਕ ਤਿੜ ਨੂੰ ਮੂੰਹ ਵਿਚ ਚਿੱਬਦੀ ਹੋਈ ਤੇ ਬਿਲਾ ਵਜ੍ਹਾ ਹੀ ਆਪਣੀ ਕਾਪੀ ਦੇ ਵਰਕੇ ਥੱਲਦੀ ਹੋਈ ਭੁਪਿੰਦਰ ਵੱਲ ਗਹੁ ਭਰੀਆਂ ਨਜ਼ਰਾਂ ਨਾਲ ਤੱਕਦੀ ਹੋਈ ਕਹਿ ਰਹੀ ਸੀ, ''ਭੁਪਿੰਦਰ, ਸੱਚੀਂ ਤੂੰ ਮੈਨੂੰ ਏਨਾ ਚੰਗਾ ਕਿਉਂ ਲੱਗਦਾ ਏਂ?'' ਤੇ ਫਿਰ ਆਪੇ ਹੀ ਸ਼ਰਮ ਵਿਚ ਲਾਲ ਹੋ ਜਾਂਦੀ ਤੇ ਭੁਪਿੰਦਰ ਅੱਖੀਆਂ-ਅੱਖੀਆਂ 'ਚ ਇਸਦੇ ਅਰਥ ਸਮਝਾ ਦੇਂਦਾ।

''ਭੁਪਿੰਦਰ ਤੈਨੂੰ ਉਨਾਬੀ ਰੰਗ ਦੀ ਪੱਗ ਬਹੁਤ ਜੱਚਦੀ ਏ। ਸਾਡੇ ਕਾਲਜ ਵਿਚ ਕੀ ਸਾਡੇ ਸਾਰੇ ਸ਼ਹਿਰ ਵਿਚ ਤੇਰੇ ਵਰਗੀ ਕੋਈ ਪਗੜੀ ਨਹੀਂ ਬੰਨ੍ਹ ਸਕਦਾ। ਵੇਖ ਨਾ, ਕਿੱਦਾਂ ਤੇਰੀ ਪਗੜੀ ਦੇ ਲੜਾਂ ਵਿਚ, ਇਕੋ ਜਿੰਨੇ ਫਾਸਲੇ ਦੀ ਕਲਾਮਈ ਤਰਤੀਬ। ਹਰ ਇਕ ਲੜ ਦਾ ਫਾਸਲਾ ਦੂਸਰੇ ਲੜ ਦੇ ਫਾਸਲੇ ਜਿੰਨਾ ਬਰਾਬਰ। ਖ਼ਰਬੂਜ਼ੇ ਦੀ ਧੁੰਨੀ 'ਚੋਂ ਨਿਕਲਦੀਆਂ ਬਰਾਬਰ ਫਾਸਲੇ ਦੀਆਂ ਮੋਟੀਆਂ-ਮੋਟੀਆਂ ਧਾਰੀਆਂ ਵਾਂਗੂ। ਸੱਜੇ ਤੇ ਖੱਬੇ ਦੋਵੇਂ ਪਾਸਿਆਂ ਤੋਂ ਲੜ ਕਿੰਨੇ ਸਾਫ਼ ਨਜ਼ਰ ਆਉਂਦੇ ਹਨ। ਫਿਫਟੀ ਬਿਲਕੁਲ ਨਿੱਕੀ ਜਹੀ, ਅੰਗਰੇਜ਼ੀ ਦੇ ਲਫ਼ਜ਼ 'ਏ' ਦੀ ਸ਼ਕਲ ਵਰਗੀ। ਹਾਂ, ਭੁਪਿੰਦਰ ਤੇਰੀਆਂ ਨਿੱਕੀਆਂ-ਨਿੱਕੀਆਂ ਕੁੰਡਲਦਾਰ ਮੁੱਛਾਂ, ਨਿੱਕੀ-ਨਿੱਕੀ ਦਾੜ੍ਹੀ ਤੇਰੇ ਚਿਹਰੇ 'ਤੇ ਬੜੀ ਜੱਚਦੀ ਏ।'' ਤੇ ਨਾਲ ਹੀ ਨਾਲ ਉਹ ਆਵੇਸ਼ ਵਿਚ ਭੁਪਿੰਦਰ ਦੀ ਦਾੜ੍ਹੀ 'ਤੇ ਪੋਲਾ ਜਿਹਾ ਹੱਥ ਫੇਰ ਜਾਂਦੀ।

ਭੁਪਿੰਦਰ ਉਸਦੀ ਉਂਗਲ ਹੱਥ ਵਿਚ ਫੜਦਾ ਹੋਇਆ ਆਖਦਾ, ''ਸੁਰਜੀਤ, ਇਹ ਸਭ ਕੁਝ ਤੈਨੂੰ ਤਾਂ ਹੀ ਚੰਗਾ ਲੱਗਦਾ ਏ, ਮੋਹ ਤਾਂ ਹੈ ਹੀ ਏ ਪਰ ਇਹ ਕੱਪੜੇ, ਬੂਟ, ਇਹ ਪਗੜੀ ਤੇਰੇ ਹੀ ਤਾਂ ਹਨ ਤੇ ਖ਼ੁਦ ਮੈਂ ਵੀ।''

ਹੁਣ ਇਸ ਤਰ੍ਹਾਂ ਦੀਆਂ ਕਈ ਮੁਲਾਕਾਤਾਂ ਹੁੰਦੀਆਂ ਰਹਿੰਦੀਆਂ ਸਨ। ਭੁਪਿੰਦਰ ਹੁਣ ਪਹਿਲੇ ਨਾਲੋਂ ਵੀ ਜ਼ਿਆਦਾ ਹੁਸ਼ਿਆਰ ਹੁੰਦਾ ਜਾ ਰਿਹਾ ਸੀ।

ਕਾਲਜ ਦਾ ਸਾਲਾਨਾ ਸਮਾਗਮ ਸੀ। ਸੁਰਜੀਤ ਇਕ ਨਾਟਕ ਵਿਚ ਭਾਗ ਲੈ ਰਹੀ ਸੀ। ਇਕ ਸਰਦਾਰ ਲੜਕੇ ਦੇ ਪਾਤਰ ਵਜੋਂ। ਨਾਟਕ ਦੀ ਤਿਆਰੀ ਸਮੇਂ ਸੁਰਜੀਤ, ਭੁਪਿੰਦਰ ਕੋਲੋਂ ਹੀ ਪਗੜੀ ਬੰਨ੍ਹਵਾ ਰਹੀ ਸੀ। ਉਹ ਕਮਰੇ ਦੀ ਇਕ ਨੁੱਕਰ ਵਿਚ ਸੁਰਜੀਤ ਨੂੰ ਬੜੇ ਇਤਮੀਨਾਨ ਨਾਲ ਪਗੜੀ ਬੰਨ੍ਹ ਰਿਹਾ ਸੀ। ਪਗੜੀ ਬੰਨ੍ਹਣ ਤੋਂ ਬਾਅਦ ਭੁਪਿੰਦਰ ਨੇ ਆਪਣੇ ਕੋਮਲ ਪੋਟਿਆਂ ਨਾਲ ਸੁਰਜੀਤ ਦੀ ਗਲ੍ਹ ਨੂੰ ਥਪਥਪਾਇਆ। ਮਖ਼ੌਲ ਦੀ ਮੁੰਦਰਾ ਵਿਚ ਕਿਹਾ, ''ਸੱਚੀਂ, ਸੁਰਜੀਤ ਤੂੰ ਅਗਰ ਸਰਦਾਰਾਂ ਦਾ ਮੁੰਡਾ ਹੁੰਦੀ ਤਾਂ ਬਹੁਤ ਸੋਹਣਾ ਲੱਗਣਾ ਸੀ। ਤੈਨੂੰ ਪਗੜੀ ਬਹੁਤ ਜੱਚੀ ਏ।'' ਸੁਰਜੀਤ ਦੀਆਂ ਅੱਖਾਂ ਵਿਚ ਸ਼ਰਮ ਤੈਰ ਗਈ ਤੇ ਉਹ ਦੌੜ ਕੇ ਆਪਣੀਆਂ ਸਹੇਲੀਆਂ ਵਿਚ ਰਲ ਗਈ, ਨਾਟਕ ਦੀ ਰਿਹਰਸਲ ਵਾਸਤੇ।

ਸਟੇਜ 'ਤੇ ਨਾਟਕ ਖੇਡਿਆ ਗਿਆ। ਨਾਟਕ ਦੀ ਸਫ਼ਲਤਾ ਦਾ ਸਿਹਰਾ ਸੁਰਜੀਤ ਨੂੰ ਜਾਂਦਾ ਸੀ। ਸਮਾਗਮ ਦੀ ਅਲਵਿਦਾ ਤੋਂ ਬਾਅਦ, ਕਾਲਜ ਦੀ ਪੜ੍ਹਾਈ ਫਿਰ ਸ਼ੁਰੂ ਹੋ ਚੁੱਕੀ ਸੀ। ਸਾਲਾਨਾ ਪੇਪਰਾਂ ਵਿਚ ਕੁਝ ਹੀ ਦਿਨ ਬਾਕੀ ਸਨ।

ਸਾਲਾਨਾ ਪੇਪਰ ਹੋ ਗਏ ਸਨ। ਭੁਪਿੰਦਰ ਨੇ ਯੂਨੀਵਰਸਿਟੀ 'ਚੋਂ ਪਹਿਲੇ ਦਰਜੇ ਵਿਚ ਸਟੈਂਡ ਕੀਤਾ। ਸੁਰਜੀਤ ਵੀ ਪਾਸ ਹੋ ਗਈ ਸੀ। ਭੁਪਿੰਦਰ ਨੂੰ ਅਥਾਹ ਖੁਸ਼ੀ ਸੀ ਪਰ ਸੁਰਜੀਤ ਨੂੰ ਭੁਪਿੰਦਰ ਦੀ ਨਹੀਂ ਉਸਦੀ ਆਪਣੀ ਹੀ ਖ਼ੁਸ਼ੀ ਹੋਵੇ।

ਭੁਪਿੰਦਰ ਤੇ ਸੁਰਜੀਤ ਕਾਲਜ ਵਿਚ ਹਮਸਹਿਪਾਠੀਆਂ ਨੂੰ ਪਾਰਟੀ ਦੇ ਰਹੇ ਸੀ। ਭੁਪਿੰਦਰ ਤੇ ਸੁਰਜੀਤ ਦੇ ਪਿਆਰ ਬਾਰੇ ਸਹਿਪਾਠੀਆਂ ਨੂੰ ਪਤਾ ਸੀ। ਪਾਰਟੀ ਨੂੰ ਅਲਵਿਦਾ ਕਹਿੰਦੇ ਹੋਏ ਉਹ ਦੋਵੇਂ ਇਕ ਲਾਇਨ ਵਿਚ ਬੈਠ ਗਏ। ਤਿੱਖੀ-ਤਿੱਖੀ ਸਰਦੀਆਂ ਦੀ ਧੁੱਪ ਆਨੰਦ ਦੇ ਰਹੀ ਸੀ।

''ਭੁਪਿੰਦਰ ਤੂੰ ਹੁਣ ਮੈਡੀਕਲ ਕਾਲਜ ਵਿਚ ਦਾਖਲਾ ਲੈ ਲੈ'', ਸੁਰਜੀਤ ਨੇ ਪਿਆਰ 'ਚ ਉਤਰਦਿਆਂ ਕਿਹਾ।

''ਨਹੀਂ ਸੁਰਜੀਤ, ਮੈਡੀਕਲ ਕਾਲਜ ਦਾ ਏਨਾ ਖ਼ਰਚਾ...।''

''ਤੂੰ ਚਿੰਤਾ ਨਾ ਕਰ, ਉਹ ਸਭ ਮੈਂ ਵੇਖ ਲਵਾਂਗੀ। ਤੂੰ ਐਡਮੀਸ਼ਨ ਤਾਂ ਲੈ, ਐਡਮੀਸ਼ਨ ਵਿਚ ਤੈਨੂੰ ਕਿਹੜੀ ਕੋਈ ਦਿੱਕਤ ਹੋਣੀ ਏ। ਮੈਂ ਚਾਹੁੰਦੀ ਹਾਂ ਤੂੰ ਐਮ.ਡੀ. ਕਰਕੇ ਬਾਹਰ ਆਏਂ। ਮੈਨੂੰ ਬੜੀ ਖੁਸ਼ੀ ਹੋਵੇਗ। ਤੂੰ ਮੇਰੀ ਮੰਨ। ਤੂੰ ਦਾਖਲਾ ਲੈ। ਖ਼ਰਚਾ ਮੈਂ ਪਹੁੰਚਾਇਆ ਕਰਾਂਗੀ।''

ਭੁਪਿੰਦਰ ਨੇ ਸੁਰਜੀਤ ਦੇ ਅਲਫ਼ਾਜ਼ਾਂ ਨੂੰ ਸਿਰ ਮੱਥੇ ਕਬੂਲ ਕਰ ਲਿਆ। ਏਸੇ ਹੀ ਸ਼ਹਿਰ ਦੇ ਮੈਡੀਕਲ ਕਾਲਜ ਵਿਚ ਭੁਪਿੰਦਰ ਦਾਖਲਾ ਲੈ ਲੈਂਦਾ ਹੈ ਤੇ ਸੁਰਜੀਤ ਪਹਿਲੇ ਕਾਲਜ ਵਿਚ ਹੀ ਦਾਖਲਾ ਲੈ ਲੈਂਦੀ ਹੈ।

ਸੁਰਜੀਤ ਤੇ ਭੁਪਿੰਦਰ ਦੀਆਂ ਮੁਲਾਕਾਤਾਂ ਹੁੰਦੀਆਂ ਰਹਿੰਦੀਆਂ ਸਨ। ਪਿਕਚਰ ਦੇਖਣਾ, ਸ਼ਾਪਿੰਗ ਕਰਨਾ ਕਦੀ ਕਦੀ ਹੋ ਜਾਂਦਾ ਸੀ।

ਐਮ.ਬੀ.ਬੀ.ਐਸ. ਦੇ ਦੂਸਰੇ ਸਾਲ ਵਿਚ ਜਦੋਂ ਭੁਪਿੰਦਰ ਨੇ ਪ੍ਰਵੇਸ਼ ਕੀਤਾ ਤਾਂ ਅਚਾਨਕ ਹੀ ਸੁਰਜੀਤ ਦੇ ਪਿਤਾ ਨੂੰ ਇਕ ਚੰਗਾ ਲੜਕਾ ਮਿਲਣ 'ਤੇ ਸੁਰਜੀਤ ਦੀ ਜਲਦੀ ਹੀ ਸ਼ਾਦੀ ਕਰ ਦਿੱਤੀ। ਪਰ ਸ਼ਾਦੀ ਤੋਂ ਪਹਿਲਾਂ ਸੁਰਜੀਤ, ਭੁਪਿੰਦਰ ਨੂੰ ਮਿਲੀ ਸੀ, ''ਭੁਪਿੰਦਰ, ਮੇਰੀ ਸ਼ਾਦੀ ਹੋਣ ਵਾਲੀ ਏ, ਥੋੜ੍ਹੇ ਦਿਨਾਂ ਤੱਕ। ਤੂੰ ਲਗਾਤਾਰ ਪੜ੍ਹਾਈ ਜਾਰੀ ਰੱਖੀਂ। ਤੈਨੂੰ ਸਾਰਾ ਖ਼ਰਚਾ ਪਹੁੰਚਦਾ ਰਹੇਗਾ ਸਾਡੀ ਨੌਕਰਾਣੀ ਏ, ਉਸਦੀ ਲੜਕੀ ਏ 'ਸਵਿਤਾ'। ਉਹ ਤੈਨੂੰ ਸਾਰਾ ਖ਼ਰਚਾ ਪਹੁੰਚਾਇਆ ਕਰੇਗੀ। ਮੈਂ ਉਸਨੂੰ ਤੇਰੇ ਬਾਰੇ ਦੱਸ ਦਿੱਤਾ ਏ। ਉਸਨੇ ਤੈਨੂੰ ਵੇਖਿਆ ਹੋਇਆ ਏ। ਤੈਨੂੰ ਚੰਗੀ ਤਰ੍ਹਾਂ ਜਾਣਦੀ ਏ। ਪਰ ਤੂੰ ਮੈਨੂੰ ਮਿਲਣ ਦੀ ਤਾਂਗ ਨਾ ਕਰੀਂ। ਮੈਂ ਹੀ ਤੈਨੂੰ ਮਿਲਿਆ ਕਰਾਂਗੀ। ਕਿਉਂਕਿ ਮੈਂ ਜਿਸ ਘਰ ਵਿਚ ਵਿਆਹੀ ਜਾਣਾ ਏ, ਉਨ੍ਹਾਂ ਲੋਕਾਂ ਦਾ ਆਰਥਿਕ ਤੇ ਰਾਜਨੀਤਕ ਪੱਧ੍ਰ ਸਾਡੇ ਸਮਾਜ ਵਿਚ ਬਹੁਤ ਹੀ ਉੱਚਾ ਏ। ਤੂੰ ਮੇਰੀਆਂ ਗੱਲਾਂ ਦਾ ਬੁਰਾ ਮਹਿਸੂਸ ਨਾ ਕਰੀਂ। ਪਰ ਤੂੰ ਮੇਰਾ ਕਹਿਣਾ ਨਹੀਂ ਮੋੜੇਂਗਾ।''

ਭੁਪਿੰਦਰ ਨੂੰ ਸੁਰਜੀਤ ਦੀ ਸ਼ਾਦੀ ਦੀ ਖੁਸ਼ੀ ਤਾਂ ਸੀ ਪਰ ਉਸਨੂੰ ਇਹ ਦੁੱਖ ਸੀ ਕਿ ਉਹ ਸੁਰਜੀਤ ਨੂੰ ਅਪਨਾ ਨਹੀਂ ਸੀ ਸਕਿਆ। ਫਿਰ ਵੀ ਉਸਨੂੰ ਅੰਤਾਂ ਦੀ ਖੁਸ਼ੀ ਸੀ ਕਿ ਸੁਰਜੀਤ ਨੂੰ ਬਹੁਤ ਚੰਗਾ ਘਰ ਵਰ ਮਿਲਿਆ ਏ।

ਸ਼ਾਦੀ ਤੋਂ ਬਾਅਦ ਸੁਰਜੀਤ ਆਪਣੇ ਸਹੁਰੇ ਚਲੀ ਗਈ।

ਹੁਣ ਨੌਕਰਾਣੀ ਦੀ ਲੜਕੀ ਸਵਿਤਾ ਦੇ ਜਰੀਏ ਉਸ ਦੀਆਂ ਸਾਰੀਆਂ ਆਰਥਿਕ ਲੋੜਾਂ ਪੂਰੀਆਂ ਹੁੰਦੀਆਂ ਰਹਿੰਦੀਆਂ ਕਦੀ-ਕਦੀ ਸਵਿਤਾ, ਭੁਪਿੰਦਰ ਨੂੰ ਹੋਸਟਲ ਵਿਚ ਟੈਲੀਫ਼ੋਨ ਕਰਕੇ ਬਾਹਰ ਬੁਲਾ ਲੈਂਦੀ ਤੇ ਉਥੇ ਹੀ ਉਸਨੂੰ ਪੈਸੇ, ਕੱਪੜੇ, ਕਿਤਾਬਾਂ ਆਦਿ ਦਾ ਖ਼ਰਚਾ, ਸੁਰਜੀਤ ਵੱਲੋਂ ਭੇਜਿਆ, ਦੇ ਦਿੰਦੀ। ਰੇਸਤਰਾਂ ਵਿਚ ਬੈਠੇ ਭੁਪਿੰਦਰ ਤੇ ਸਵਿਤਾ ਕਿੰਨਾ-ਕਿੰਨਾ ਚਿਰ ਸੁਰਜੀਤ ਦੀਆਂ ਗੱਲਾਂ ਵੀ ਕਰਦੇ ਰਹਿੰਦੇ। ਭੁਪਿੰਦਰ ਉਸਦੇ ਦੰਪਤੀ ਜੀਵਨ ਬਾਰੇ ਸੁੱਖ ਸਾਂਦ ਪੁੱਛਦਾ ਰਹਿੰਦਾ। ਇਸ ਤਰ੍ਹਾਂ ਦਿਨ, ਮਹੀਨੇ, ਸਾਲ ਆਪਣੀ ਰਫਤਾਰ ਨਾਲ ਸਮੇਂ ਵਿਚੋਂ ਘਟਦੇ ਗਏ।

ਭੁਪਿੰਦਰ ਹੁਣ ਐਮ.ਡੀ. ਕਰ ਚੁੱਕਾ ਸੀ। ਤੇ ਉਹ ਆਪਣੇ ਸਰਟੀਫਿਕੇਟ ਲੈਕੇ ਬੜੀ ਖੁਸ਼ੀ ਖੁਸ਼ੀ ਜਿਵੇਂ ਉਸਨੇ ਆਪਣੀ ਮੰਜ਼ਿਲ ਕਿਸੇ ਲਈ ਸਰ ਕਰ ਲਈ ਹੋਵੇ। ਕਿਸੇ ਦੀਆਂ ਤਮੰਨਾ ਦੇ ਬੂਟੇ ਨੂੰ ਉਸਦੀ ਮਿਹਨਤ ਸਦਕਾ ਸ਼ਗੂਫੇ ਲੱਗੇ ਹੋਣ। ਭੁਪਿੰਦਰ ਨੇ ਇਕ ਮਠਿਆਈ ਦਾ ਡੱਬਾ ਤੇ ਇਕ ਖ਼ੂਬਸੂਰਤ ਸਾੜ੍ਹੀ ਖ਼ਰੀਦੀ ਤੇ ਸਵਿਤਾ ਦੇ ਘਰ ਚਲਾ ਗਿਆ। ਸਵਿਤਾ ਆਪਣੇ ਬਰਾਮਦੇ ਵਿਚ ਬੈਠੀ ਅਖ਼ਬਾਰ ਪੜ੍ਹ ਰਹੀ ਸੀ। ਭੁਪਿੰਦਰ ਦੀ ਅਚਾਨਕ ਆਮਦ ਵੇਖ ਕੇ ਉਹ ਏਦਾਂ ਖਿਲ ਗਈ ਜਿਵੇਂ ਪੱਤਝੜਾਂ ਵਿਚ ਅਚਾਨਕ ਬਹਾਰ ਆ ਗਈ ਹੋਵੇ।

ਸਵਿਤਾ ਐਮ.ਏ. ਬੀ.ਐਡ. ਕਰਕੇ ਇਕ ਸਰਕਾਰੀ ਸਕੂਲ ਵਿਚ ਅਧਿਆਪਕਾ ਦਾ ਫਰਜ਼ ਨਿਭਾ ਰਹੀ ਹੈ।

ਭੁਪਿੰਦਰ ਨੇ ਕੁਰਸੀ 'ਤੇ ਬੈਠਦਿਆਂ ਸਾਰ ਹੀ ਸਵਿਤਾ ਨੂੰ ਖੁਸ਼ੀ ਵਿਚ ਝੂਮਦਿਆਂ ਕਿਹਾ, ''ਸਵਿਤਾ ਜੀ, ਬਸ ਇਕ ਵਾਰੀ ਸੁਰਜੀਤ ਨੂੰ ਮਿਲਾ ਦਿਓ। ਮੇਰੀ ਬੜੀ ਦਿਲੀ ਤਮੰਨਾ ਹੈ ਕਿ ਮੈਂ ਉਸਨੂੰ ਸਰਵਿਸ ਯੋਆਇਨ ਕਰਨ ਤੋਂ ਪਹਿਲਾਂ ਜ਼ਰੂਰ ਮਿਲਾਂ। ਉਸਦਾ ਧੰਨਵਾਦ ਕਰਾਂ, ਜਿਸਨੇ ਮੇਰੀ ਹਨੇਰੀ ਜ਼ਿੰਦਗੀ ਨੂੰ ਰੁਸ਼ਨਾਇਆ। ਪਲੀਜ਼! ਉਸਨੂੰ ਕਿਸੇ ਨਾ ਕਿਸੇ ਬਹਾਨੇ ਟੈਲੀਫ਼ੋਨ ਕਰਕੇ ਬੁਲਾ ਲਵੋ। ਉਹ ਜ਼ਰੂਰ ਆਵੇਗੀ। ਉਹ ਬੜੀ ਖ਼ੁਸ਼ ਹੋਵੇਗੀ। ਬਸ, ਉਸਨੂੰ ਮੈਂ ਮਿਲਣਾ ਚਾਹੁੰਦਾਂ। ਆ ਵੇਖੋ, ਮੈਂ ਉਸ ਲਈ ਸਾੜ੍ਹੀ ਖ਼ਰੀਦ ਕੇ ਲਿਆਇਆਂ, ਆਪਣੀ ਖੁਸ਼ੀ ਦਾ ਪ੍ਰਗਟਾਵਾ।'' ਉਹ ਇਕੋ ਸਾਹੇ ਆਵੇਸ਼ ਵਿਚ ਕਈ ਕੁਝ ਬੋਲ ਗਿਆ।

ਪਰ ਸਵਿਤਾ ਦੀਆਂ ਅੱਖਾਂ ਵਿਚੋਂ ਮੋਟੇ-ਮੋਟੇ ਗਲੇਡੂਆਂ ਦਾ ਡਿੱਗਣਾ, ਉਸਦਾ ਨੀਵੀਂ ਪਾ ਕੇ ਬੈਠੇ ਰਹਿਣਾ, ਕਿਸੇ ਮਾਤਮ ਦਾ ਸੂਚਕ ਬਣ ਗਿਆ।

''ਸਵਿਤਾ ਜੀ, ਤੁਸੀਂ ਮੇਰਾ ਜੁਆਬ ਨਹੀਂ ਦਿੱਤਾ। ਕਰਕੇ ਆਓ ਨਾ ਟੈਲੀਫ਼ੋਨ ਸੁਰਜੀਤ ਨੂੰ। ਤੁਸੀਂ ਰੋ ਰਹੇ ਹੋ। ਕੀ ਗੱਲ ਏ? ਤੁਸੀਂ ਕਿਉਂ ਰੋ ਰਹੇ ਹੋ। ਕੋਈ ਗੱਲ ਵੀ ਤਾਂ ਦੱਸੋ?''

ਸਵਿਤਾ ਨੇ ਜ਼ਿਗਰਾ ਰੱਖਦਿਆਂ ਹੌਲੀ ਜਿਹੀ ਕਿਹਾ, ''ਸੁਰਜੀਤ ਤਾਂ ਮਰ ਚੁੱਕੀ ਏ! ਉਹ ਇਸ ਦੁਨੀਆਂ ਵਿਚ ਨਹੀਂ।''

''ਹੈਂ! ਕੀ ਆਖਦੇ ਹੋ।'' ਤੇ ਭੁਪਿੰਦਰ ਦੇ ਹੱਥੋਂ ਸਾੜ੍ਹੀ ਤੇ ਮਠਿਆਈ ਦਾ ਡੱਬਾ ਖੁੱਲ੍ਹ ਕੇ ਖਿਲਰ ਗਿਆ। ਉਹ ਮੱਥੇ 'ਤੇ ਹੱਥ ਰੱਖ ਕੇ ਉਚੀ ਉਚੀ ਰੋਣ ਲੱਗ ਪਿਆ। ਅੱਖਾਂ ਵਿਚ ਹੰਝੂ ਤੇ ਥਿੜਕਦੇ ਬੋਲਾਂ ਵਿਚ ਭੁਪਿੰਦਰ ਬੋਲੀ ਜਾ ਰਿਹਾ ਸੀ। ਪਾਗਲਾਂ ਵਾਂਗ, ''ਤੁਸੀਂ ਝੂਠ ਮਾਰਦੇ ਹੋ! ਸੁਰਜੀਤ ਨਹੀਂ ਮਰ ਸਕਦੀ। ਉਹ ਮੇਰੇ ਲਈ ਜ਼ਿੰਦਾ ਹੈ।'' ਤੇ ਉਹ ਪਾਗਲਾਂ ਵਾਂਗ ਉਚੀ-ਉਚੀ ਸੁਰਜੀਤ, ਸੁਰਜੀਤ ਆਵਾਜ਼ਾਂ ਮਾਰ ਕੇ ਚੁੱਪ ਹੋ ਗਿਆ।

''ਸੁਰਜੀਤ ਕਿਵੇਂ ਮਰੀ? ਕਿਉਂ ਮਰੀ?'' ਸਵਿਤਾ ਨੇ ਹੰਝੂ ਪੂੰਝਦਿਆਂ ਸਪੱਸ਼ਟ ਕਰਦਿਆਂ ਕਿਹਾ, ''ਜਦੋਂ ਤੁਸੀਂ ਐਮ.ਬੀ.ਬੀ.ਐਸ. ਦੇ ਤੀਸਰੇ ਸਾਲ ਵਿਚ ਦਾਖਲ ਹੋਏ ਤਾਂ ਉਸ ਸਮੇਂ ਉਸਨੇ ਮੈਨੂੰ ਆਪਣੇ ਸਹੁਰੇ ਸ਼ਹਿਰ ਹਸਪਤਾਲ ਬੁਲਾਇਆ।

ਜਾ ਕੇ ਪਤਾ ਲੱਗਾ ਕਿ ਸੁਰਜੀਤ ਚੰਦ ਦਿਨਾਂ ਦੀ ਮਹਿਮਾਨ ਹੈ। ਉਸਨੂੰ ਕੈਂਸਰ ਸੀ। ਉਹ ਆਖਰੀ ਸਟੇਜ 'ਤੇ ਸੀ। ਮਰਨ ਤੋਂ ਕੁਝ ਦਿਨਾਂ ਪਹਿਲਾਂ ਮੇਰੇ ਨਾਲ ਇਕ ਵਾਅਦਾ ਕਰਦੀ ਹੋਈ, ਤੁਹਾਡੇ ਨਾਂ ਦਾ ਇਕ ਖ਼ਤ ਫੜਾ ਗਈ ਸੀ ਤੇ ਤੀਹ ਹਜ਼ਾਰ ਰੁਪਏ ਤੁਹਾਡੀ ਪੜ੍ਹਾਈ ਲਈ ਦੇ ਗਈ ਸੀ। ਇਹ ਸਾਰੀ ਮੁਲਾਕਾਤ ਸੁਰਜੀਤ ਤੇ ਮੇਰੇ ਦਰਮਿਆਨ ਹਸਪਤਾਲ ਵਿਚ ਇਕ ਰਾਤ ਨੂੰ ਹੋਈ। ਮਰਨ ਦੀ ਸੂਚਨਾ ਤੁਹਾਡੇ ਤੱਕ ਪਹੁੰਚਾ ਤਾਂ ਦੇਂਦੀ ਪਰ ਸੁਰਜੀਤ ਮਨ੍ਹਾਂ ਕਰ ਗਈ ਸੀ। ਬਸ ਏਨਾ ਕਿਹਾ ਸੀ, ''ਇਹ ਖ਼ਤ, ਜਦੋਂ ਉਹ ਪੜ੍ਹਾਈ ਪੂਰੀ ਕਰਕੇ ਆਉਣ ਤਾਂ ਮੇਰੇ ਵੱਲੋਂ ਉਨ੍ਹਾਂ ਨੂੰ ਦੇ ਦੇਣਾ।''

ਸਵਿਤਾ ਤੋਂ ਖ਼ਤ ਫੜ ਕੇ ਉਸਨੇ ਮੱਥੇ ਨਾਲ ਲਾਇਆ, ਚੁੰਮਿਆ ਤੇ ਕਈ ਹੰਝੂ ਖ਼ਤ ਨੂੰ ਗਿੱਲਾ ਕਰ ਗਏ। ਖ਼ਤ ਖੋਲ੍ਹਿਆ। ਲਿਖਾਵਟ ਵਿਚੋਂ ਉਸਨੂੰ ਇੰਝ ਲੱਗਾ ਜਿਵੇਂ ਸੁਰਜੀਤ ਉਸ ਵਿਚੋਂ ਬੋਲ ਰਹੀ ਹੋਵੇ। ਉਸਦਾ ਚਿਹਰਾ, ਉਸ ਦੀਆਂ ਯਾਦਾਂ ਚਲ ਚਿੱਤਰ ਵਾਂਗ ਦਿਮਾਗ਼ ਵਿਚ ਘੁੰਮ ਗਈਆਂ। ਖ਼ਤ ਵਿਚ ਲਿਖਿਆ ਸੀ।

ਪਿਆਰੇ ਭੁਪਿੰਦਰ ਜੀ,

ਹਮੇਸ਼ਾ ਹਮੇਸ਼ਾ ਯਾਦ!

ਮੈਂ ਬੜੀ ਮੁਸ਼ਕਿਲ ਨਾਲ ਗੁਸਲਖ਼ਾਨੇ ਵਿਚ ਖ਼ਤ ਲਿਖ ਰਹੀ ਹਾਂ। ਮੈਨੂੰ ਪਤਾ ਹੈ ਕਿ ਮੈਂ ਚੰਦ ਦਿਨਾਂ ਦੀ ਮਹਿਮਾਨ ਹਾਂ। ਆਖਰੀ ਸਾਹਾਂ 'ਤੇ ਹਾਂ। ਤੁਹਾਨੂੰ ਸੱਚੀਂ ਮਿਲਣ ਲਈ ਕਿੰਨਾ ਦਿਲ ਕਰਦਾ ਏ। ਹੰਝੂ ਰੁਕਦੇ ਨਹੀਂ। ਆਉਣਾ ਨਾ ਮੁਮਕਿਨ ਹੈ। ਉਹ ਯਾਦਾਂ ਮੁਬਾਰਕ! ਸਮਾਂ ਇਜਾਜ਼ਤ ਨਹੀਂ ਦੇਂਦਾ, ਅਲਵਿਦਾ ਭੁਪਿੰਦਰ ਜੀ!

ਮੇਰੀ ਆਖਰੀ ਤਮੰਨਾ ਹੈ ਕਿ ਤੁਸੀਂ ਸਵਿਤਾ ਨੂੰ ਅਪਨਾ ਲਵੋਗੇ।

# ਪੰਜਾਬ ਦੇ ਆਗੂਆਂ ਦੀ ਸਰਕਾਰ ਬਣਾਉਣ ਨਾਲੋਂ ਮੁੱਖ ਮੰਤਰੀ ਦੀ ਕੁਰਸੀ 'ਤੇ ਵੱਧ ਨਿਗਾਹ

ਬਲਵਿੰਦਰ ਸਿੰਘ ਭੁੱਲਰ
98882 - 75913

ਪੰਜਾਬ ਵਿਧਾਨ ਸਭਾ ਦੀਆਂ ਚੋਣਾਂ ਜਿਉਂ ਜਿਉਂ ਨੇੜੇ ਆ ਰਹੀਆਂ ਹਨ, ਤਿਉਂ ਤਿਉਂ ਪੰਜਾਬ ਦੇ ਸਿਆਸੀ ਪਿੜ ਵਿੱਚ ਭੁਚਾਲ ਵਰਗੀ ਹਲਚਲ ਹੋ ਰਹੀ ਹੈ। ਪੰਜਾਬ ਦੇ ਸਿਆਸੀ ਲੀਡਰ ਅਗਲੀ ਸਰਕਾਰ ਵਿੱਚ ਕੁਰਸੀ ਦੇ ਲਾਲਚ ਕਾਰਨ ਇੱਕ ਦੂਜੀ ਪਾਰਟੀ ਵਿੱਚ ਸ਼ਾਮਲ ਹੋ ਰਹੇ ਹਨ ਜਾਂ ਦੂਜੀਆਂ ਪਾਰਟੀਆਂ ਦੇ ਲੀਡਰਾਂ ਨੂੰ ਨੀਵਾਂ ਵਿਖਾਉਣ ਦੀਆਂ ਚਾਲਾਂ ਚੱਲ ਰਹੇ ਹਨ। ਇਸੇ ਤਹਿਤ ਬੀਤੇ ਦਿਨ ਪੰਜਾਬ ਦੇ ਚੋਟੀ ਦੇ ਚਾਰ ਆਗੂ ਪੰਜਾਬ ਦੀ ਆਵਾਜ਼ ਸਮਝੇ ਜਾਂਦੇ ਸ੍ਰ. ਜਗਮੀਤ ਸਿੰਘ ਬਰਾੜ, ਅਕਾਲੀ ਦਲ ਪੁਨਰ ਸੁਰਜੀਤੀ ਦਾ ਮੁੱਢ ਬੰਨ੍ਹਣ ਵਾਲੇ ਸ੍ਰ. ਚਰਨਜੀਤ ਸਿੰਘ ਬਰਾੜ, ਸਾਬਕਾ ਵਿਧਾਇਕ ਰਿਪਜੀਤ ਸਿੰਘ ਬਰਾੜ ਅਤੇ ਸੂਬੇ ਦੇ ਮੁੱਖ ਮੰਤਰੀ ਸ੍ਰੀ ਭਗਵੰਤ ਸਿੰਘ ਮਾਨ ਦੇ ਸਾਬਕਾ ਓ ਐੱਸ ਡੀ ਓਂਕਾਰ ਸਿੰਘ ਨੇ ਭਾਜਪਾ ਵਿੱਚ ਸ਼ਾਮਲ ਹੋ ਕੇ ਭਗਵਾਂਕਰਨ ਅਪਣਾ ਲਿਆ ਹੈ। ਇੱਥੇ ਹੀ ਬੱਸ ਨਹੀਂ, ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੂੰ ਸ੍ਰੀ ਅਕਾਲ ਤਖਤ ਸਾਹਿਬ 'ਤੇ ਤਲਬ ਕਰਨ ਪਿੱਛੇ ਵੀ ਉਸਨੂੰ ਸਿਆਸੀ ਸੱਟ ਮਾਰਨ ਦੀ ਇੱਕ ਚਾਲ ਹੀ ਮੰਨਿਆ ਜਾ ਰਿਹਾ ਸੀ, ਪਰ ਉਸ ਵੱਲੋਂ ਵਿਖਾਈ ਸ਼ਰਧਾ ਅਤੇ ਫਰਾਖਦਿਲੀ ਨੇ ਇਸ ਚਾਲ ਨੂੰ ਸਫਲ ਨਹੀਂ ਹੋਣ ਦਿੱਤਾ।

ਪੰਜਾਬ ਦੇ ਮੌਜੂਦਾ ਸਿਆਸੀ ਹਾਲਾਤ ਤੋਂ ਇਹ ਗੱਲ ਪਰਤੱਖ ਹੋ ਰਹੀ ਹੈ ਕਿ ਪੰਜਾਬ ਦੇ ਲੀਡਰਾਂ ਨੂੰ ਆਪਣੀ ਪਾਰਟੀ ਦੀ ਸਰਕਾਰ ਬਣਾਉਣ ਦਾ ਬਹੁਤਾ ਫਿਕਰ ਨਹੀਂ, ਬਲਕਿ ਜੇ ਫਿਕਰ ਹੈ ਤਾਂ ਮੁੱਖ ਮੰਤਰੀ ਦੀ ਕੁਰਸੀ ਹਾਸਲ ਕਰਨ ਦਾ ਹੈ। ਪੰਜਾਬ ਵਿੱਚ ਭਾਵੇਂ ਹੋਰ ਵੀ ਕਈ ਪਾਰਟੀਆਂ ਸਿਆਸਤ ਵਿੱਚ ਸਰਗਰਮ ਹਨ, ਪਰ ਸਰਕਾਰ ਬਣਾਉਣ ਲਈ ਯਤਨ ਕਰਨ ਵਾਲੀਆਂ ਭਾਜਪਾ, ਸ਼੍ਰੋਮਣੀ ਅਕਾਲੀ ਦਲ, ਕਾਂਗਰਸ ਅਤੇ ਆਮ ਆਦਮੀ ਪਾਰਟੀ ਹੀ ਹਨ। ਇਨ੍ਹਾਂ ਵਿੱਚ ਕੇਵਲ ਸ਼੍ਰੋਮਣੀ ਅਕਾਲੀ ਦਲ ਨੂੰ ਛੱਡ ਕੇ ਬਾਕੀ ਤਿੰਨਾਂ ਪਾਰਟੀਆਂ ਦੀ ਲੀਡਰਸ਼ਿੱਪ ਨੂੰ ਮੁੱਖ ਮੰਤਰੀ ਦੀ ਕੁਰਸੀ ਹਥਿਆਉਣ ਦੀ ਜ਼ਿਆਦਾ ਲਾਲਸਾ ਵਿਖਾਈ ਦੇ ਰਹੀ ਹੈ। ਸ਼੍ਰੋਮਣੀ ਅਕਾਲੀ ਦਲ ਕੇਵਲ ਇੱਕੋ ਇੱਕ ਪਾਰਟੀ ਹੈ ਕਿ ਜੇਕਰ ਉਸਦੀ ਸਰਕਾਰ ਹੋਂਦ ਵਿੱਚ ਆ ਗਈ ਤਾਂ ਮੁੱਖ ਮੰਤਰੀ




ਦੇ ਅਹੁਦੇ ਲਈ ਸਿਰਫ ਸ੍ਰ. ਸੁਖਬੀਰ ਸਿੰਘ ਬਾਦਲ ਹੀ ਹੋਣਗੇ। ਹੋਰ ਕੋਈ ਵੀ ਆਗੂ ਇਸ ਅਹੁਦੇ ਦੇ ਨੇੜੇ ਜਾਣ ਦੀ ਹਿੰਮਤ ਵੀ ਵਿਖਾ ਨਹੀਂ ਸਕਦਾ ਅਤੇ ਨਾ ਹੀ ਕਿਸੇ ਦੀ ਅਜਿਹੀ ਸਰਗਰਮੀ ਹੈ।

ਜੇਕਰ ਕਾਂਗਰਸ ਵੱਲ ਝਾਤ ਮਾਰੀਏ ਤਾਂ ਇਹ ਗੱਲ ਆਮ ਚਰਚਾ ਵਿੱਚ ਹੈ ਕਿ ਇਸਦੇ ਜਿੰਨੇ ਵੀ ਆਗੂ ਹਨ, ਸਾਰਿਆਂ ਦੀ ਸਰਕਾਰ ਬਣਾਉਣ ਨਾਲੋਂ ਮੁੱਖ ਮੰਤਰੀ ਦੀ ਕੁਰਸੀ ਉੱਤੇ ਬੈਠਣ ਦੀ ਜ਼ਿਆਦਾ ਕਾਹਲ ਹੈ। ਪਰ ਜੇਕਰ ਜ਼ਿਆਦਾ ਕਾਹਲ ਵਿਖਾਉਣ ਵਾਲਿਆਂ ਦੀ ਗੱਲ ਕਰੀਏ ਤਾਂ ਚਰਨਜੀਤ ਸਿੰਘ ਚੰਨੀ, ਪ੍ਰਤਾਪ ਸਿੰਘ ਬਾਜਵਾ, ਅਮਰਿੰਦਰ ਸਿੰਘ ਰਾਜਾ ਵੜਿੰਗ, ਰਾਣਾ ਗੁਰਜੀਤ ਸਿੰਘ ਅਤੇ ਸੁਖਪਾਲ ਸਿੰਘ ਖਹਿਰਾ ਵੱਧ ਤਰਲੋਮੱਛੀ ਹੋ ਰਹੇ ਹਨ। ਇਨ੍ਹਾਂ ਦੀ ਇਸ ਲਾਲਸਾ ਨੇ ਹੀ ਪਹਿਲਾਂ ਪੰਜਾਬ ਵਿੱਚ ਹੋਈਆਂ ਕਈ ਚੋਣਾਂ ਹਰਾਈਆਂ ਹਨ, ਕਿਉਂਕਿ ਇਹ ਇੱਕ ਦੂਜੇ ਦੀਆਂ ਲੱਤਾਂ ਖਿੱਚ ਕੇ ਅੱਗੇ ਲੰਘਣ ਦੀ ਤਾਕ ਵਿੱਚ ਰਹਿੰਦੇ ਹਨ। ਇਨ੍ਹਾਂ ਆਗੂਆਂ ਦੀ ਕਾਰਗੁਜ਼ਾਰੀ ਤੋਂ ਇਉਂ ਲਗਦਾ ਹੈ ਕਿ ਇਨ੍ਹਾਂ ਦਾ ਬਹੁਤਾ ਧਿਆਨ ਕਾਂਗਰਸ ਦੀ ਸਰਕਾਰ ਬਣਾਉਣ ਲਈ ਇੱਕਮੁੱਠ ਹੋ ਕੇ ਚੋਣਾਂ ਲੜਨ ਦਾ ਨਹੀਂ ਹੈ, ਬੱਸ ਜੇ ਨਿਗਾਹ ਹੈ ਤਾਂ ਮੁੱਖ ਮੰਤਰੀ ਬਣਨ ਵੱਲ ਹੀ ਹੈ। ਜੇਕਰ ਇਨ੍ਹਾਂ ਲੀਡਰਾਂ ਨੇ ਪਿਛਲੀਆਂ ਚੋਣਾਂ ਤੋਂ ਸਬਕ ਨਾ ਲਿਆ ਤਾਂ ਪਾਰਟੀ ਦਾ ਵਿਧਾਨ ਸਭਾ ਚੋਣਾਂ ਸਮੇਂ ਵੀ ਨੁਕਸਾਨ ਹੋਣ ਦਾ ਖਦਸ਼ਾ ਹੈ।

ਆਮ ਆਦਮੀ ਪਾਰਟੀ ਸੂਬੇ ਵਿੱਚ ਰਾਜ ਕਰ ਰਹੀ ਹੈ। ਮੁੱਖ ਮੰਤਰੀ ਭਗਵੰਤ ਮਾਨ ਨੇ ਕਾਫ਼ੀ ਕੰਮ ਕੀਤੇ ਅਤੇ ਕੁਝ ਰਹਿ ਵੀ ਗਏ ਹਨ। ਪੰਜਾਬ ਦੇ ਲੋਕਾਂ ਦਾ ਭਗਵੰਤ ਨਾਲ ਤਾਂ ਬਹੁਤਾ ਗੁੱਸਾ ਜਾਂ ਨਰਾਜ਼ਗੀ ਨਹੀਂ ਸੀ, ਪਰ ਦਿੱਲੀ ਵਾਲੇ ਆਗੂਆਂ ਨੇ ਜੋ ਪੰਜਾਬ ਵਿੱਚ ਆ ਕੇ ਕਬਜ਼ੇ ਕੀਤੇ ਹੋਏ ਹਨ ਅਤੇ ਪੰਜਾਬ ਵਿੱਚ ਆਪਹੁਦਰੀਆਂ ਕੀਤੀਆਂ ਹਨ, ਉਹਨਾਂ ਕਾਰਨ ਪੰਜਾਬ ਦੇ ਲੋਕ ਆਮ ਆਦਮੀ ਪਾਰਟੀ ਨਾਲ ਨਰਾਜ਼ ਜ਼ਰੂਰ ਹਨ। ਪਾਰਟੀ ਦੀ ਹਾਈਕਮਾਂਡ ਨੇ ਕਈ ਵਾਰ ਮੁੱਖ ਮੰਤਰੀ ਬਦਲਣ ਦੇ ਯਤਨ ਵੀ ਕੀਤੇ ਸਨ, ਪਰ ਜਦੋਂ ਉਹ ਸਫਲ ਨਾ ਹੋ ਸਕੇ, ਆਖਰ ਉਹਨਾਂ ਪੰਜਾਬ ਸਰਕਾਰ ਦੇ ਦਫਤਰਾਂ ਵਿੱਚ ਆਪਣੇ ਦਿੱਲੀ ਵਾਲੇ ਆਗੂ ਬਿਠਾ ਦਿੱਤੇ ਸਨ ਅਤੇ ਉਹ ਮਨਮਾਨੀਆਂ ਕਰ ਰਹੇ ਹਨ। ਜੇਕਰ ਮੁੜ ਪੰਜਾਬ ਵਿੱਚ ਆਮ ਆਦਮੀ ਪਾਰਟੀ ਦੀ ਸਰਕਾਰ ਹੋਂਦ ਵਿੱਚ ਆ ਜਾਵੇ ਤਾਂ ਇਸ ਪਾਰਟੀ ਦੇ ਭਗਵੰਤ ਮਾਨ ਤੋਂ ਇਲਾਵਾ ਅਮਨ ਅਰੋੜਾ ਅਤੇ ਕੁਲਤਾਰ ਸੰਧਵਾਂ ਮੁੱਖ ਮੰਤਰੀ ਦੀ ਕੁਰਸੀ ਹਾਸਲ ਕਰਨ ਲਈ ਯਤਨ ਕਰਨਗੇ। ਮੌਜੂਦਾ ਸਰਕਾਰ ਦੌਰਾਨ ਵੀ ਉਹ ਲੁਕਵੇਂ ਤੌਰ 'ਤੇ ਅਜਿਹੇ ਯਤਨ ਕਰਦੇ ਰਹੇ ਹਨ।

ਭਾਜਪਾ ਲੰਬੇ ਸਮੇਂ ਤੋਂ ਪੰਜਾਬ ਵਿੱਚ ਪੈਰ ਜਮਾਉਣ ਲਈ ਯਤਨ ਕਰਦੀ ਆ ਰਹੀ ਹੈ, ਪਰ ਪੰਜਾਬ ਦੇ ਲੋਕਾਂ ਨੇ ਇਸ ਪਾਰਟੀ ਨਾਲ ਬਹੁਤੀ ਦਿਲਚਸਪੀ ਨਹੀਂ ਸੀ ਵਿਖਾਈ। ਤਿੰਨ ਖੇਤੀ ਕਾਲੇ ਕਾਨੂੰਨਾਂ ਨੇ ਪੰਜਾਬ ਦੇ ਕਿਸਾਨਾਂ ਭਾਵ ਪੇਂਡੂ ਖੇਤਰ ਨੂੰ ਇਸ ਪਾਰਟੀ ਨਾਲੋਂ ਹੋਰ ਦੂਰ ਕਰ ਦਿੱਤਾ ਸੀ। ਪਿਛਲੇ ਦੋ ਕੁ ਸਾਲਾਂ ਤੋਂ ਭਾਜਪਾ ਹਾਈਕਮਾਂਡ ਪੂਰੀ ਤਨਦੇਹੀ ਨਾਲ ਪੰਜਾਬ ਵਿੱਚ ਸਰਕਾਰ ਬਣਾਉਣ ਲਈ ਕੰਮ ਕਰ ਰਹੀ ਹੈ। ਉਸਨੇ ਪਿੰਡਾਂ ਵਿੱਚ ਵੀ ਹੁਣ ਪੈਰ ਰੱਖ ਲਏ ਹਨ, ਸ਼ਹਿਰੀ ਖੇਤਰ ਵਿੱਚ ਤਾਂ ਉਹ ਪਹਿਲਾਂ ਚੰਗੀ ਹਾਲਤ ਵਿੱਚ ਸੀ। ਆਪਣੀ ਇਸ ਯੋਜਨਾ ਨੂੰ ਕਾਮਯਾਬ ਕਰਨ ਲਈ ਉਸਨੇ ਦੂਜੀਆਂ ਪਾਰਟੀਆਂ ਦੇ ਵੱਡੇ ਵੱਡੇ ਲੀਡਰ ਲਾਲਚ ਦੇ ਕੇ ਜਾਂ ਡਰਾ ਕੇ ਆਪਣੇ ਵਿੱਚ ਰਲਾਉਣ ਦਾ ਸਿਲਸਿਲਾ ਵੀ ਕਾਫ਼ੀ ਦੇਰ ਤੋਂ ਸ਼ੁਰੂ ਕੀਤਾ ਹੋਇਆ ਹੈ। ਭਾਜਪਾ, ਜਿਸਨੂੰ ਪੰਜਾਬ ਦੇ ਲੋਕ ਨਫਰਤ ਦੀਆਂ ਨਿਗਾਹਾਂ ਨਾਲ ਤੱਕਦੇ ਹੁੰਦੇ ਸਨ, ਅੱਜ ਉਸਦੀ ਸਰਕਾਰ ਬਣਨ ਦੀ ਆਸ ਨਾਲ ਮੁੱਖ ਮੰਤਰੀ ਦੇ ਅਹੁਦੇ ਲਈ ਕਈ ਆਗੂ ਸਰਗਰਮ ਹੋ ਚੁੱਕੇ ਹਨ। ਇਸ ਕੁਰਸੀ ਨੂੰ ਹਾਸਲ ਕਰਨ ਲਈ ਕਾਂਗਰਸ ਦੇ ਦਿੱਗਜ਼ ਨੇਤਾ ਰਹੇ ਅਤੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ, ਆਪਣੇ ਆਪ ਨੂੰ ਸ਼ਹੀਦ ਪਰਿਵਾਰ ਦਾ ਫਰਜ਼ੰਦ ਅਖਵਾਉਣ ਵਾਲੇ ਅਤੇ ਕੇਂਦਰ ਵਿੱਚ ਰੇਲਵੇ ਰਾਜ ਮੰਤਰੀ ਰਵਨੀਤ ਸਿੰਘ ਬਿੱਟੂ, ਪੰਜਾਬ ਪਾਰਟੀ ਦੇ ਪ੍ਰਧਾਨ ਅਤੇ ਕਿਸਾਨਾਂ ਵਿੱਚ ਚੰਗਾ ਨਾ ਰੱਖਣ ਵਾਲੇ ਸ੍ਰੀ ਸੁਨੀਲ ਜਾਖੜ, ਕਾਰਜਕਾਰੀ ਪ੍ਰਧਾਨ ਅਸ਼ਵਨੀ ਸ਼ਰਮਾ ਕਾਫ਼ੀ ਦੇਰ ਤੋਂ ਸਰਗਰਮ ਵਿਖਾਈ ਦੇ ਰਹੇ ਸਨ। ਹੁਣ ਕਾਂਗਰਸ ਅਤੇ ਅਕਾਲੀ ਦਲ ਦੇ ਇੱਕ ਹੋਰ ਉੱਚਕੋਟੀ ਦੇ ਆਗੂ ਰਹੇ ਅਤੇ ਪੰਜਾਬ ਦੀ ਆਵਾਜ਼ ਸਮਝੇ ਜਾਂਦੇ ਸ੍ਰ. ਜਗਮੀਤ ਸਿੰਘ ਬਰਾੜ ਵੀ ਇਸ ਦੌੜ ਵਿੱਚ ਸ਼ਾਮਲ ਹੋ ਜਾਣਗੇ, ਜੋ ਭਾਜਪਾ ਵਿੱਚ ਸ਼ਾਮਲ ਹੋ ਗਏ ਹਨ।

ਪੰਜਾਬ ਵਿੱਚ ਅਗਲੀ ਸਰਕਾਰ ਕਿਸ ਪਾਰਟੀ ਦੀ ਹੋਂਦ ਵਿੱਚ ਆਵੇਗੀ, ਇਹ ਸਵਾਲ ਅਜੇ ਕਾਫ਼ੀ ਗੁੰਝਲਾਂ ਨਾਲ ਭਰਿਆ ਹੋਇਆ ਹੈ। ਪਰ ਇਹ ਸਪਸ਼ਟ ਹੈ ਕਿ ਕੇਵਲ ਸ਼੍ਰੋਮਣੀ ਅਕਾਲੀ ਦਲ ਨੂੰ ਛੱਡ ਕੇ ਦੂਜੀਆਂ ਪਾਰਟੀਆਂ ਦੇ ਆਗੂਆਂ ਵਿੱਚ ਸਰਕਾਰ ਬਣਾਉਣ ਨਾਲੋਂ ਮੁੱਖ ਮੰਤਰੀ ਦੀ ਕੁਰਸੀ 'ਤੇ ਕਬਜ਼ਾ ਕਰਨ ਦੀ ਜ਼ਿਆਦਾ ਦੌੜ ਲੱਗੀ ਹੋਈ ਹੈ। ਉਹ ਇਸ ਤੱਥ ਵੱਲ ਬਹੁਤਾ ਧਿਆਨ ਨਹੀਂ ਦੇ ਰਹੇ ਕਿ ਮੁੱਖ ਮੰਤਰੀ ਦੀ ਕੁਰਸੀ ਤਾਂ ਹੀ ਮਿਲ ਸਕਦੀ ਹੈ ਜੇ ਸਰਕਾਰ ਹੋਂਦ ਵਿੱਚ ਆਵੇਗੀ। ਸ਼੍ਰੋਮਣੀ ਅਕਾਲੀ ਦਲ ਅਜਿਹੇ ਵਿਵਾਦ ਤੋਂ ਬਚਿਆ ਹੋਇਆ ਹੈ, ਇਸ ਵੱਲੋਂ ਤੈਅ ਹੈ ਕਿ ਸ੍ਰ. ਸੁਖਬੀਰ ਸਿੰਘ ਬਾਦਲ ਨੂੰ ਮੁੱਖ ਮੰਤਰੀ ਦਾ ਅਹੁਦੇਦਾਰ ਮੰਨ ਕੇ ਹੀ ਚੋਣ ਲੜੀ ਜਾਵੇਗੀ ਅਤੇ ਜੇ ਸਰਕਾਰ ਹੋਂਦ ਵਿੱਚ ਆਉਂਦੀ ਹੈ ਤਾਂ ਉਹ ਹੀ ਮੁੱਖ ਮੰਤਰੀ ਹੋਣਗੇ।

# ਮਿਹਨਤ ਮੇਰੀ, ਰਹਿਮਤ ਤੇਰੀ

ਪਰਮਿੰਦਰ ਕੌਰ, 98773 - 46150

ਮਿਹਨਤ ਸ਼ਬਦ ਜਿੰਨਾ ਸੌਖਾ ਹੈ, ਮਿਹਨਤ ਕਰਨੀ ਉੱਨੀ ਹੀ ਔਖੀ। ਹਰ ਕੰਮ ਕਰਨ ਲਈ ਮਿਹਨਤ ਬਹੁਤ ਹੀ ਜ਼ਰੂਰੀ ਹੁੰਦੀ ਹੈ। ਅਸੰਭਵ ਨੂੰ ਸੰਭਵ ਬਣਾਉਣ ਲਈ ਮਿਹਨਤ ਬਹੁਤ ਜ਼ਰੂਰੀ ਹੈ। ਕਿਸੇ ਵੀ ਖੇਤਰ ਜਿਵੇਂ ਖੇਡਾਂ, ਪੜ੍ਹਾਈ, ਕੰਮ-ਕਾਜ, ਸਭ ਲਈ ਮਿਹਨਤ ਜ਼ਰੂਰੀ ਹੈ। ਇੱਥੋਂ ਤਕ ਕਿ ਰਿਸ਼ਤੇ ਤੋੜ ਨਿਭਾਉਣ ਲਈ ਵੀ ਮਿਹਨਤ ਜ਼ਰੂਰੀ ਹੈ। ਰੱਬ ਨੇ ਸਾਨੂੰ ਮਨੁੱਖਾ ਜੀਵਨ ਦੇ ਕੇ ਸਾਡੇ ਉੱਤੇ ਰਹਿਮਤ ਕੀਤੀ ਹੈ। ਉਸਦੀ ਇਸ ਰਹਿਮਤ ਨੂੰ ਸੰਭਾਲ ਕੇ ਰੱਖਣ ਲਈ ਵੀ ਮਿਹਨਤ ਬਹੁਤ ਜ਼ਰੂਰੀ ਹੈ। ਇੱਕ ਵਾਰ ਇੱਕ ਬਜ਼ੁਰਗ ਔਰਤ ਦੱਸਦੀ ਸੀ ਕਿ ਉਸਦੀ ਦਾਦੀ ਹਮੇਸ਼ਾ ਉਸਨੂੰ ਬਚਪਨ ਵਿੱਚ ਕਹਿੰਦੀ ਹੁੰਦੀ ਸੀ ਕਿ ਕੁਝ ਵੀ ਖਾਣ ਤੋਂ ਬਾਅਦ ਕੁਰਲੀ ਜ਼ਰੂਰ ਕਰੋ। ਸਾਨੂੰ ਉਸ ਸਮੇਂ ਉਹ ਕੁਰਲੀ ਕਰਨੀ ਔਖੀ ਤਾਂ ਬਹੁਤ ਲਗਦੀ ਸੀ, ਪਰ ਅਸੀਂ ਉਹਨਾਂ ਦਾ ਕਹਿਣਾ ਟਾਲਦੇ ਨਹੀਂ ਸੀ, ਕਿਉਂਕਿ ਸਾਡੇ ਮਾਂ-ਪਿਓ ਨੇ ਸਿਖਾਇਆ ਸੀ ਕਿ ਬਜ਼ੁਰਗਾਂ ਦੀ ਕੋਈ ਵੀ ਗੱਲ ਜਾਂ ਉਹਨਾਂ ਦਾ ਕਿਹਾ ਕੋਈ ਵੀ ਕੰਮ ਅਣਸੁਣਿਆ ਨਹੀਂ ਕਰਨਾ। ਹਮੇਸ਼ਾ ਉਹਨਾਂ ਦਾ ਕਹਿਣਾ ਮੰਨਣਾ ਹੈ। ਅੱਜ ਬਜ਼ੁਰਗ ਹੋ ਕੇ ਮੈਨੂੰ ਸਮਝ ਆਈ ਹੈ ਉਸ ਸਮੇਂ ਤੋਂ ਕੁਰਲੀ ਕਰਨ ਦੇ ਫਾਇਦੇ ਦੀ। ਅੱਜ ਮੇਰੇ ਹਾਣਦੀਆਂ ਸਹੇਲੀਆਂ ਦੇ ਮੂੰਹ ਵਿੱਚ ਦੰਦ ਨਹੀਂ ਰਹੇ ਤੇ ਮੇਰੇ ਅਜੇ ਤਕ ਸਲਾਮਤ ਹਨ। ਸੋ ਇਸ ਤਰ੍ਹਾਂ ਦੀਆਂ ਛੋਟੀਆਂ-ਛੋਟੀਆਂ ਅਤੇ ਲਗਾਤਾਰ ਕੋਸ਼ਿਸ਼ਾਂ ਦੀਆਂ ਬਹੁਤ ਸਾਰੀਆਂ ਉਦਾਹਰਨਾਂ ਸਾਨੂੰ ਆਪਣੀ ਰੋਜ਼ਾਨਾ ਜ਼ਿੰਦਗੀ ਵਿੱਚੋਂ ਹੀ ਮਿਲ ਜਾਂਦੀਆਂ ਹਨ। ਕੁਝ ਦਿਨ ਔਖਾ ਜ਼ਰੂਰ ਲਗਦਾ ਹੈ, ਪਰ ਕਰਦੇ ਰਹੀਏ ਤਾਂ ਇਹ ਕੋਸ਼ਿਸ਼ਾਂ ਸਾਡੀ ਆਦਤ ਬਣ ਜਾਂਦੀਆਂ ਹਨ। ਕੁਝ ਲੋਕ, ਜੋ ਬੈਠੇ ਬਿਠਾਏ ਹੀ ਸਭ ਕੁਝ ਹਾਸਲ ਕਰਨਾ ਚਾਹੁੰਦੇ ਹਨ, ਉਹ ਹਮੇਸ਼ਾ ਹੀ ਕਿਸੇ ਚੀਜ਼ ਦੇ ਨਾ ਪ੍ਰਾਪਤ ਹੋਣ 'ਤੇ ਕਿਸਮਤ ਨੂੰ ਦੋਸ਼ ਦੇ ਦਿੰਦੇ ਹਨ। ਉਹ ਇਹ ਨਹੀਂ ਸੋਚਦੇ ਕਿ ਇਸਦੇ ਪਿੱਛੇ ਕੀ ਕਾਰਨ ਹੈ? ਅੱਜ ਅਸੀਂ ਜੋ ਕੁਝ ਵੀ ਹਾਂ, ਆਪਣੇ ਬਜ਼ੁਰਗਾਂ ਦੀ ਕੀਤੀ ਮਿਹਨਤ ਸਦਕਾ ਹੀ ਹਾਂ। ਬੱਚਿਆਂ ਨੂੰ ਹੱਥੀਂ ਕਿਰਤ ਕਰਨ ਦੀ ਆਦਤ ਜ਼ਰੂਰ ਪਾਓ। ਉਹਨਾਂ ਦੁਆਰਾ ਕੀਤੇ ਛੋਟੇ-ਛੋਟੇ ਕੰਮਾਂ ਦੀ ਪ੍ਰਸ਼ੰਸਾ ਕਰੋ, ਜ਼ਰੂਰ ਕਰੋ ਤਾਂ ਜੋ ਉਹ ਆਪਣੇ ਛੋਟੇ-ਛੋਟੇ ਕਦਮਾਂ ਤੇ ਛੋਟੇ-ਛੋਟੇ ਹੱਥਾਂ ਨੂੰ ਹੋਰ ਵੱਡੇ ਅਤੇ ਜ਼ਿੰਮੇਵਾਰੀ ਭਰੇ ਕੰਮਾਂ ਲਈ ਤਿਆਰ ਬਰ ਤਿਆਰ ਰੱਖਣ। ਅੱਜਕੱਲ੍ਹ ਸੋਸ਼ਲ ਮੀਡੀਆ ਦੇ ਇਸ ਯੁਗ ਵਿੱਚ ਬੱਚਿਆਂ ਦੇ ਨਾਲ-ਨਾਲ ਵੱਡਿਆਂ ਨੂੰ ਵੀ ਮੋਬਾਇਲ ਵਰਗੇ ਯੰਤਰਾਂ ਨੇ ਆਲਸੀ ਬਣਾ ਦਿੱਤਾ ਹੈ। ਬੱਚੇ ਤਾਂ ਹਰ ਕੰਮ ਮੋਬਾਇਲ ਦੇਖਦੇ-ਦੇਖਦੇ ਕਰਨ ਦੇ ਆਦੀ ਹੁੰਦੇ ਜਾ ਰਹੇ ਹਨ। ਉਹਨਾਂ ਦੀ ਇਹ ਆਦਤ ਕਈ ਬਿਮਾਰੀਆਂ ਦਾ ਕਾਰਨ ਬਣਦੀ ਜਾ ਰਹੀ ਹੈ। ਉਹਨਾਂ ਦਾ ਇਸ ਭੈੜੀ ਆਦਤ ਤੋਂ ਛੁਟਕਾਰਾ ਪਾਉਣ ਲਈ ਘਰ ਵਿੱਚ ਵੱਡਿਆਂ ਨੂੰ ਬਹੁਤ ਜ਼ਿਆਦਾ ਮਿਹਨਤ ਕਰਨ ਦੀ ਲੋੜ ਹੈ। ਜਦੋਂ ਵੀ ਬੱਚੇ ਕਿਸੇ ਵੀ ਖੇਤਰ ਵਿੱਚ, ਫਿਰ ਭਾਵੇਂ ਉਹ ਖੇਡਾਂ, ਪੜ੍ਹਾਈ ਜਾਂ ਕੋਈ ਵੀ ਹੋਵੇ, ਉਸ ਖੇਤਰ ਵਿੱਚ ਕਦੇ ਜਿੱਤ ਜਾਂ ਹਾਰ ਪ੍ਰਾਪਤ ਕਰਦੇ ਹਨ, ਤਾਂ ਜਿੱਤਣ 'ਤੇ ਉਹਨਾਂ ਨੂੰ ਸ਼ਾਬਾਸ਼ ਵੀ ਦਿਓ ਅਤੇ ਹੋਰ ਮਿਹਨਤ ਲਈ ਪ੍ਰੇਰਿਤ ਕਰੋ ਅਤੇ ਹੰਕਾਰ ਕਰਨ ਤੋਂ ਵਰਜੋ ਪਰ ਜੇ ਹਾਰਦੇ ਹਨ ਤਾਂ ਹਾਰ ਵਰਗੇ ਸ਼ਬਦਾਂ ਦੀ ਬਜਾਏ, ਉਹਨਾਂ ਨੂੰ ਕਹੋ ਕਿ ਅੱਜ ਤੂੰ ਹਾਰਿਆ ਨਹੀਂ, ਸਗੋਂ ਕੁਝ ਨਵਾਂ ਸਿੱਖਿਆ ਹੈ, ਕਿਉਂਕਿ ਇਹ ਦੋਵੇਂ ਸ਼ਬਦ ਇੱਕ ਹੀ ਸਿੱਕੇ ਦੇ ਦੋ ਪਾਸੇ ਹਨ। ਨਿਰਾਸ਼ਾਜਨਕ ਸ਼ਬਦ ਦੀ ਵਰਤੋਂ ਜਿਵੇਂ ਕਿ ਤੂੰ ਇਹ ਕੰਮ ਕਰ ਹੀ ਨਹੀਂ ਸਕਦਾ ਜਾਂ ਤੇਰੇ ਤੋਂ ਕੁਝ ਨਹੀਂ ਹੁੰਦਾ ਜਾਂ ਤੇਰੇ ਤੋਂ ਕੋਈ ਉਮੀਦ ਕਰਨਾ ਬੇਕਾਰ ਹੈ ਜਾਂ ਤੂੰ ਮਿਹਨਤ ਨਹੀਂ ਕੀਤੀ - ਇਹੋ ਜਿਹੇ ਨਿਰਾਸ਼ਾਜਨਕ ਸ਼ਬਦ ਉਹਨਾਂ ਦਾ ਹੌਸਲਾ ਤੋੜ ਦਿੰਦੇ ਹਨ ਅਤੇ ਉਹਨਾਂ ਨੂੰ ਮਿਹਨਤ ਕਰਨ ਤੋਂ ਦੂਰ ਕਰ ਦਿੰਦੇ ਹਨ। ਸਗੋਂ ਆਸ਼ਾਵਾਦੀ ਸ਼ਬਦ ਵਰਤੋ ਅਤੇ ਕਹੋ ਕਿ ਅੱਜ ਤੂੰ ਹਾਰਿਆ ਨਹੀਂ ਸਗੋਂ ਇੱਕ ਨਵਾਂ ਪਾਠ ਸਿੱਖਿਆ ਹੈ। ਅਸੀਂ ਜਾਂ ਤਾਂ ਜਿੱਤਦੇ ਹਾਂ ਜਾਂ ਫਿਰ ਸਿੱਖਦੇ ਹਾਂ। ਜੋ ਗਲਤੀਆਂ ਹੋਈਆਂ ਸਨ ਜਾਂ ਕਮੀਆਂ ਰਹਿ ਗਈਆਂ ਸਨ, ਉਹਨਾਂ ਬਾਰੇ ਡੂੰਘਾਈ ਅਤੇ ਸੰਜੀਦਗੀ ਨਾਲ ਸੋਚੋ ਅਤੇ ਫਿਰ ਉਨ੍ਹਾਂ ਦੂਰ ਕਰਨ ਲਈ ਹੋਰ ਅਭਿਆਸ ਕਰੋ। ਕਾਮਯਾਬੀ ਦੂਰ ਨਹੀਂ ਹੁੰਦੀ, ਬੱਸ ਥੋੜ੍ਹੀ ਹੋਰ ਮਿਹਨਤ ਮੰਗ ਰਹੀ ਹੁੰਦੀ ਹੈ। ਕਿਸਮਤ ਨੂੰ ਦੋਸ਼ ਦੇਣਾ ਕਦੇ ਵੀ ਸਮਝਦਾਰੀ ਨਹੀਂ, ਕਿਉਂਕਿ ਛੋਟੀ ਉਮਰੇ ਹੀ ਬੱਚਿਆਂ ਦੇ ਦਿਮਾਗ ਵਿੱਚ ਅਜਿਹੇ ਸ਼ਬਦ ਭਰਨਾ ਉਹਨਾਂ ਨੂੰ ਨਿਰਾਸ਼ਾਜਨਕ ਬਣਾ ਦੇਵੇਗਾ। ਹਮੇਸ਼ਾ ਇਹ ਆਖੋ: ਮਿਹਨਤ ਮੇਰੀ, ਰਹਿਮਤ ਤੇਰੀ। ਭਾਵ ਪਰਮਾਤਮਾ ਹਮੇਸ਼ਾ ਉਹਨਾਂ ਨੂੰ ਹੀ ਕਾਮਯਾਬੀ ਦਿੰਦਾ ਹੈ ਜੋ ਮਿਹਨਤ ਦਾ ਪੱਲਾ ਨਹੀਂ ਛੱਡਦੇ। ਇੱਥੋਂ ਤਕ ਕਿ ਮੈਂ ਤਾਂ ਆਪਣੀ ਅੱਖੀਂ ਮਾਪਿਆਂ ਦੇ ਅਟੁੱਟ ਵਿਸ਼ਵਾਸ ਅਤੇ ਡਾਕਟਰਾਂ ਦੀ ਲਗਾਤਾਰ ਕੋਸ਼ਿਸ਼ ਅਤੇ ਮਿਹਨਤ ਸਦਕਾ ਬਚਪਨ ਤੋਂ ਹੀ ਦਿਲ ਵਿੱਚ ਛੇਕ ਵਾਲੇ ਮਰੀਜ਼ ਨੂੰ ਵੀ ਬਿਲਕੁਲ ਤੰਦਰੁਸਤ ਹੁੰਦੇ ਅਤੇ ਖੁਸ਼ਹਾਲ ਜ਼ਿੰਦਗੀ ਬਤੀਤ ਕਰਦੇ ਦੇਖਿਆ ਹੈ।



# ਖ਼ਜ਼ਾਨੇ ਦਾ ਲਾਲਚ



ਸ਼ਾਮਗੜ੍ਹ ਨਾਂ ਦਾ ਬੜਾ ਮਸ਼ਹੂਰ ਪਿੰਡ ਸੀ। ਉਹ ਪਿੰਡ ਪਹਾੜੀਆਂ ਵਿੱਚ ਘਿਰਿਆ ਹੋਇਆ ਖ਼ੁਸ਼ਹਾਲ ਤੇ ਹਰਿਆ-ਭਰਿਆ ਸੀ। ਉੱਥੋਂ ਦੇ ਲੋਕ ਆਪਸ ਵਿੱਚ ਮਿਲਜੁਲ ਕੇ ਰਹਿੰਦੇ ਸਨ। ਪਿੰਡ ਵਿੱਚ ਇੱਕ ਕਿਲਾ ਸੀ। ਉਸ ਬਾਰੇ ਕਿਹਾ ਜਾਂਦਾ ਸੀ ਕਿ ਇਹ ਕਿਲਾ ਬੜੇ ਪੁਰਾਣੇ ਸਮੇਂ ਤੋਂ ਹੈ ਤੇ ਇਸ ਦੇ ਹੇਠ ਖ਼ਜ਼ਾਨਾ ਦੱਬਿਆ ਹੋਇਆ ਹੈ। ਇਸ ਖ਼ਜ਼ਾਨੇ ਵਿੱਚ ਸੋਨਾ, ਚਾਂਦੀ, ਹੀਰੇ ਤੇ ਮੋਤੀ ਸ਼ਾਮਲ ਹਨ। ਪਿੰਡ ਦੇ ਲੋਕ ਲਾਲਚੀ ਨਹੀਂ ਸਨ, ਸਗੋਂ ਬਹੁਤ ਮਿਹਨਤੀ ਸਨ। ਉਨ੍ਹਾਂ ਨੇ ਇਸ ਕਿਲੇ ਨੂੰ ਚਾਰੇ ਪਾਸਿਓਂ ਸਜਾ ਕੇ ਰੱਖਿਆ ਸੀ। ਰਾਤ ਨੂੰ ਕਿਲੇ 'ਤੇ ਚਮਕਦੀ ਰੌਸ਼ਨੀ ਤੋਂ ਇੰਜ ਲੱਗਦਾ ਸੀ ਜਿਵੇਂ ਚੰਨ ਧਰਤੀ 'ਤੇ ਉਤਰਿਆ ਹੋਵੇ।

ਉਸ ਪਿੰਡ ਨੂੰ ਲੋਕ ਦੂਰੋਂ-ਦੂਰੋਂ ਦੇਖਣ ਆਉਂਦੇ। ਇੱਕ ਦਿਨ ਕੁਝ ਲਾਲਚੀ ਆਦਮੀ ਵੀ ਆਏ। ਉਹ ਕਿਲੇ ਨੂੰ ਦੇਖਕੇ ਕਹਿਣ ਲੱਗੇ, "ਸੱਚਮੁੱਚ ਇੱਥੇ ਖ਼ਜ਼ਾਨਾ ਹੋਵੇਗਾ। ਕਿਉਂ ਨਾ ਆਪਾਂ ਇੱਥੋਂ ਦੇ ਲੋਕਾਂ ਨੂੰ ਆਪਣੇ ਵੱਲ ਕਰੀਏ। ਜਦੋਂ ਆਪਾਂ ਉਨ੍ਹਾਂ ਨੂੰ ਲਾਲਚ ਦਿੱਤਾ ਤਾਂ ਉਹ ਆਪਣੇ-ਆਪ ਹੀ ਆਪਣੀ ਗੱਲ ਮੰਨਣ ਵਾਸਤੇ ਤਿਆਰ ਹੋ ਜਾਣਗੇ। ਇਸ ਤਰ੍ਹਾਂ ਸਲਾਹ ਕਰਕੇ ਉਹ ਪਿੰਡ ਦੀ ਸਾਂਝੀ ਥਾਂ ਜਿੱਥੇ ਲੋਕ ਇਕੱਠੇ ਹੋ ਕੇ ਬੈਠਦੇ ਸਨ, ਉੱਥੇ ਚਲੇ ਗਏ। ਉੱਥੇ ਜਾ ਕੇ ਉਨ੍ਹਾਂ ਨੇ ਬੜੀ ਨਿਮਰਤਾ ਨਾਲ ਲੋਕਾਂ ਨੂੰ ਕਿਹਾ, "ਅਸੀਂ ਤੁਹਾਡੇ ਪਿੰਡ ਦੀ ਪ੍ਰਸ਼ੰਸਾ ਸੁਣ ਕੇ ਪਿੰਡ ਦੇਖਣ ਆਏ ਹਾਂ।" ਇਹ ਗੱਲ ਸੁਣ ਕੇ ਪਿੰਡ ਦੇ ਮੁਖੀ ਨੇ ਉਨ੍ਹਾਂ ਦਾ ਧੰਨਵਾਦ ਕੀਤਾ ਤੇ ਉਨ੍ਹਾਂ ਨੂੰ ਚਾਹ-ਪਾਣੀ ਪਿਲਾਇਆ ਤੇ ਰੋਟੀ ਖਵਾਈ।

ਖਾਣ-ਪੀਣ ਪਿੱਛੋਂ ਉਨ੍ਹਾਂ ਲਾਲਚੀ ਆਦਮੀਆਂ ਦਾ ਮੁਖੀ ਕਹਿਣ ਲੱਗਾ, "ਸਰਦਾਰ ਜੀ, ਇਹ ਕਿਲਾ ਤਾਂ ਬਹੁਤ ਵਧੀਆ ਹੈ ਪਰਸ਼।"

"ਪਰ ਕੀ?"

"ਸੁਣਿਐ, ਇੱਥੇ ਕੋਈ ਖ਼ਜ਼ਾਨਾ ਹੈ।"

"ਹਾਂ, ਅਸੀਂ ਵੀ ਸੁਣਿਆ ਹੈ। ਆਪਣੇ ਵੱਡੇ-ਵਡੇਰਿਆਂ ਤੋਂ।"

"ਕਿਸੇ ਨੇ ਇਹ ਖ਼ਜ਼ਾਨਾ ਪੁੱਟਿਆ ਵੀ?"

"ਨਹੀਂ! ਇਸ ਨੂੰ ਪੁੱਟਣ ਦੀ ਲੋੜ ਨਹੀਂ ਪਈ। ਸਾਡੇ ਪਿੰਡ ਦੇ ਸਾਰੇ ਲੋਕ ਬਹੁਤ ਮਿਹਨਤੀ ਹਨ।"

"ਮਿਹਨਤੀ ਹੋਣ ਕਾਰਨ ਨਹੀਂ ਪੁੱਟਿਆ ਕਿ ਭੂਤਾਂ-ਪ੍ਰੇਤਾਂ ਦੇ ਡਰ ਕਾਰਨ ਨਹੀਂ ਪੁੱਟਿਆ।"

"ਇੱਥੇ ਕੋਈ ਭੂਤ-ਪ੍ਰੇਤ ਨਹੀਂ।"

"ਕਿਉਂ, ਨਹੀਂ। ਸਾਨੂੰ ਤਾਂ ਉੱਥੇ ਡਰ ਲੱਗਾ। ਕੀ ਤੁਹਾਨੂੰ ਡਰ ਨੀ ਲੱਗਦਾ।"

"ਨਹੀਂ, ਸਾਨੂੰ ਤਾਂ ਡਰ ਨਹੀਂ ਲੱਗਦਾ। ਤੁਹਾਨੂੰ ਕਿਵੇਂ ਪਤਾ ਲੱਗਿਆ?"

"ਸਾਡੇ ਵਿੱਚੋਂ ਇੱਕ ਜੋਤਸ਼ੀ ਹੈ।"

"ਕੌਣ ਐ ਜੋਤਸ਼ੀ?" ਬੁੱਢੇ ਸਰਦਾਰ ਨੇ ਪੁੱਛਿਆ। "ਮੈਂ!" ਇੱਕ ਆਦਮੀ ਨੇ ਅੱਗੇ ਹੁੰਦਿਆਂ ਕਿਹਾ।

"ਅੱਛਾ, ਇਹ ਦੱਸ ਤੈਨੂੰ ਭੂਤਾਂ ਦਾ ਕਿਵੇਂ ਪਤਾ ਲੱਗਿਆ।"

"ਮੈਨੂੰ ਉੱਥੇ ਕਾਲੇ-ਕਾਲੇ ਆਦਮੀ ਨਜ਼ਰ ਆਏ। ਉਹ ਕਹਿਣ ਲੱਗੇ ਕਿ ਅੱਜ ਤੋਂ ਇੱਥੇ ਕਿਸੇ ਨੇ ਵੀ ਨਹੀਂ ਆਉਣਾ। ਅਸੀਂ ਥੋੜ੍ਹੇ ਹੀ ਦਿਨਾਂ ਵਿੱਚ ਇਸ ਪਿੰਡ ਨੂੰ ਬਰਬਾਦ ਕਰ ਦਿਆਂਗੇ।"

ਉਸ ਆਦਮੀ ਦੀ ਗੱਲ ਸੁਣ ਕੇ ਬੁੱਢੇ ਸਰਦਾਰ ਕੋਲ ਬੈਠੇ ਆਦਮੀ ਡਰ ਗਏ।

"ਜੇ ਤੁਸੀਂ ਖ਼ਜ਼ਾਨਾ ਲੈਣਾ ਚਾਹੁੰਦੇ ਹੋ ਤਾਂ ਮੈਂ ਤੁਹਾਨੂੰ ਖ਼ਜ਼ਾਨਾ ਲੈ ਕੇ ਦੇ ਸਕਦਾ ਹਾਂ।" ਬਾਹਰਲੇ ਆਦਮੀਆਂ ਦਾ ਸਰਦਾਰ ਬੋਲਿਆ।

"ਕਿਵੇਂ?" ਪਿੰਡ ਦੇ ਲੋਕਾਂ ਨੇ ਪੁੱਛਿਆ।

"ਪਹਿਲਾਂ ਮੇਰੀ ਸ਼ਰਤ ਮੰਨਣੀ ਪਊ।"

"ਤੇਰੀ ਸ਼ਰਤ ਕੀ ਐ?"

"ਇਹ ਖ਼ਜ਼ਾਨਾ ਅੱਧਾ ਮੇਰਾ ਤੇ ਅੱਧਾ ਤੁਹਾਡਾ ਹੋਵੇਗਾ।"

"ਅਸੀਂ ਇਹ ਖ਼ਜ਼ਾਨਾ ਨਹੀਂ ਲਵਾਂਗੇ। ਸਾਡਾ ਇਸ 'ਤੇ ਕੋਈ ਹੱਕ ਨਹੀਂ, ਇਹ ਸਾਡੇ ਦੇਸ਼ ਦਾ ਖ਼ਜ਼ਾਨਾ ਹੈ। ਇਹ ਦੇਸ਼ ਦੀ ਧਰਤੀ ਹੈ। ਇਸ 'ਤੇ ਸਿਰਫ਼ ਦੇਸ਼ ਦਾ ਅਧਿਕਾਰ ਹੈ।" ਬੁੱਢੇ ਸਰਦਾਰ ਦੇ ਕਹਿਣ 'ਤੇ ਉਸ ਦੇ ਨਾਲ ਦੂਜੇ ਆਦਮੀਆਂ ਨੇ ਕਿਹਾ।

"ਤੁਸੀਂ ਇਹ ਖ਼ਜ਼ਾਨਾ ਸਾਨੂੰ ਦੇ ਦਿਉ। ਤੁਸੀਂ ਥੋੜ੍ਹੇ ਦਿਨਾਂ ਨੂੰ ਉੱਜੜ ਹੀ ਜਾਣਾ ਹੈ। ਭੂਤਾਂ ਨੇ ਕਿਹਾ ਹੈ।"

ਬੁੱਢਾ ਸਰਦਾਰ ਤੇ ਉਸ ਦੇ ਸਾਥੀ ਚੁੱਪ ਕਰ ਗਏ। ਉਹ ਉਨ੍ਹਾਂ ਦੀ ਬੇਈਮਾਨੀ ਨੂੰ ਸਮਝ ਚੁੱਕੇ ਸਨ। ਬੁੱਢੇ ਸਰਦਾਰ ਨੇ ਚਲਾਕੀ ਨਾਲ ਪੁੱਛਿਆ, "ਕੀ ਤੁਸੀਂ ਭੂਤਾਂ ਨੂੰ ਭਜਾ ਦਿਓਗੇ?"

"ਹਾਂ, ਅਸੀਂ ਭੂਤਾਂ ਨੂੰ ਭਜਾ ਦਿਆਂਗੇ।"

"ਠੀਕ ਐ, ਪਰ ਸਾਡੀ ਇੱਕ ਸ਼ਰਤ ਐ।"

"ਦੱਸੋ ਤੁਹਾਡੀ ਕੀ ਸ਼ਰਤ ਐ?"


"ਔਹ ਸਾਹਮਣੇ ਪਹਾੜੀ ਉੱਤੇ ਜਿੱਥੇ ਲਾਲ ਰੰਗ ਦਾ ਝੰਡਾ ਹੈ। ਉੱਥੇ ਅਸੀਂ ਇਸ ਕਿਲੇ ਦੇ ਮਾਲਕ ਦੀ ਪੂਜਾ ਕਰਦੇ ਹਾਂ, ਪਹਿਲਾਂ ਤੁਹਾਨੂੰ ਉੱਥੇ ਜਾ ਕੇ ਪੂਜਾ ਕਰਨੀ ਪਵੇਗੀ।" ਬੁੱਢੇ ਨੇ ਪਹਾੜੀ 'ਤੇ ਝੂਲ ਰਹੇ ਝੰਡੇ ਵੱਲ ਇਸ਼ਾਰਾ ਕਰਦਿਆਂ ਕਿਹਾ। ਲਾਲਚੀ ਆਦਮੀ ਖ਼ਜ਼ਾਨੇ ਦੇ ਲਾਲਚ ਵਿੱਚ ਪਹਾੜੀ ਉੱਤੇ ਜਾਣ ਲਈ ਤਿਆਰ ਹੋ ਗਏ।

ਝੰਡੇ ਵਾਲੀ ਥਾਂ ਖ਼ਤਰਨਾਕ ਸੀ। ਲਾਲ ਝੰਡਾ ਇਸ ਲਈ ਲਟਕਾਇਆ ਹੋਇਆ ਸੀ ਕਿ ਕੋਈ ਵੀ ਉੱਥੇ ਨਾ ਜਾਏ। ਸਾਰੇ ਆਦਮੀਆਂ ਦੇ ਪਹਾੜੀ ਵੱਲ ਤੁਰ ਜਾਣ 'ਤੇ ਬੁੱਢਾ ਸਰਦਾਰ ਮੁਸਕਰਾਇਆ ਤੇ ਕਹਿਣ ਲੱਗਾ, "ਖ਼ਜ਼ਾਨਾ ਤੇ ਇਨ੍ਹਾਂ ਨੂੰ ਮਿਲ ਈ ਜਾਣਾ ਏਂ।"

ਪਹਾੜੀ 'ਤੇ ਜਾਣ ਦਾ ਰਸਤਾ ਬਹੁਤ ਟੇਢਾ ਸੀ। ਉਹ ਕੁਝ ਦੂਰ ਗਏ ਤਾਂ ਇੱਕ ਆਦਮੀ ਖੁੱਡ ਵਿੱਚ ਡਿੱਗ ਪਿਆ ਤਾਂ ਬੁੱਢਾ ਕਹਿਣ ਲੱਗਾ, "ਦੇਖੋ, ਇੱਕ ਬੇਈਮਾਨ ਗਿਆ। ਇੱਕ ਸਾਥੀ ਦੇ ਡਿੱਗ ਜਾਣ ਤੋਂ ਬਾਅਦ ਉਸ ਨੂੰ ਕਿਸੇ ਨੇ ਦੇਖਿਆ ਵੀ ਨਹੀਂ। ਉਹ ਆਪਣੀ ਚਾਲ ਨਾਲ ਚਲਦੇ ਰਹੇ। ਇਸ ਤਰ੍ਹਾਂ ਉਹ ਇੱਕ-ਇੱਕ ਕਰਕੇ ਡਿੱਗਦੇ ਗਏ। ਸਿਰਫ਼ ਇੱਕ ਹੀ ਬਾਕੀ ਬਚਿਆ। ਉਹ ਜਦੋਂ ਝੰਡੇ ਕੋਲ ਪਹੁੰਚਿਆ ਤਾਂ ਉਸ ਨੇ ਹੇਠਾਂ ਦੇਖਿਆ ਤੇ ਪੈਰ ਫਿਸਲਣ ਕਾਰਨ ਉਹ ਵੀ ਹੇਠਾਂ ਡਿੱਗ ਪਿਆ। ਬੁੱਢਾ ਸਰਦਾਰ ਤੇ ਉਸ ਦੇ ਸਾਥੀ ਇਹ ਸਭ ਦੇਖ ਰਹੇ ਸਨ। ਬੁੱਢੇ ਸਰਦਾਰ ਨੇ ਸਾਰਿਆਂ ਨੂੰ ਕਿਹਾ, "ਕਿਉਂ ਦੇਖ ਲਿਆ, ਲਾਲਚ ਦਾ ਫ਼ਲ।"

**ਖੁਸ਼ਵਿੰਦਰ ਸ਼ਰਮਾ,**
**ਸੰਪਰਕ: 94646-58621**

## ਰਸਤਾ ਲੱਭੋ




## ਬਿੰਦੂ ਮਿਲਾਓ



## ਅੰਤਰ ਲੱਭੋ

ਹੇਠਾਂ ਦਿੱਤੇ ਗਏ ਦੋਹਾਂ ਚਿੱਤਰਾਂ 'ਚ ਘੱਟੋ-ਘੱਟ 5 ਅੰਤਰ ਹਨ।
ਕੀ ਤੁਸੀਂ ਇਨ੍ਹਾਂ ਦਾ ਪਤਾ ਲੱਗਾ ਸਕਦੇ ਹੋ...?




# ਬੱਚੇ ਦੀਆਂ ਅੱਖਾਂ ਦਾ ਰੰਗ ਨੀਲਾ ਕਿਉਂ ਹੁੰਦਾ ਹੈ?



ਬੱਚਿਓ, ਜਨਮ ਸਮੇਂ ਹਰੇਕ ਬੱਚੇ ਦੀਆਂ ਅੱਖਾਂ ਦਾ ਰੰਗ ਨੀਲਾ ਹੁੰਦਾ ਹੈ। ਇਹ ਰੰਗ ਅਸਥਾਈ ਹੁੰਦਾ ਹੈ। ਬੱਚੇ ਦੀ ਉਮਰ ਵਧਣ ਨਾਲ ਅੱਖਾਂ ਦਾ ਰੰਗ ਬਦਲਣਾ ਸ਼ੁਰੂ ਹੋ ਜਾਂਦਾ ਹੈ। ਲਗਭਗ 6 ਤੋਂ 9 ਮਹੀਨੇ ਬਾਅਦ ਜ਼ਿਆਦਾਤਰ ਬੱਚਿਆਂ ਵਿੱਚ ਅੱਖਾਂ ਆਪਣਾ ਪੱਕਾ ਰੰਗ ਲੈ ਲੈਂਦੀਆਂ ਹਨ, ਪਰ ਅੱਖਾਂ ਦੇ ਰੰਗ ਦੀ ਤਬਦੀਲੀ 3 ਸਾਲ ਤਕ ਹੁੰਦੀ ਰਹਿੰਦੀ ਹੈ।

ਅੱਖਾਂ ਦੇ ਰੰਗਦਾਰ ਭਾਗ ਨੂੰ ਆਇਰਸ ਕਹਿੰਦੇ ਹਨ। ਇਸ ਵਿੱਚ ਇੱਕ ਸੁਰਾਖ਼ ਹੁੰਦਾ ਹੈ ਜਿਸ ਨੂੰ ਪੁਤਲੀ ਕਹਿੰਦੇ ਹਨ। ਆਇਰਸ ਪੁਤਲੀ ਦੇ ਫੈਲਣ ਅਤੇ ਸੁੰਗੜਨ ਵਿੱਚ ਸਹਾਇਤਾ ਕਰਦਾ ਹੈ। ਮੈਲਾਨਿਨ ਇੱਕ ਪ੍ਰੋਟੀਨ ਹੈ ਜਿਸ ਦਾ ਰੰਗ ਕਾਲਾ ਹੁੰਦਾ ਹੈ। ਇਹ ਮੈਲਾਨਿਨ ਹੀ ਅੱਖਾਂ, ਚਮੜੀ ਅਤੇ ਵਾਲਾਂ ਨੂੰ ਰੰਗ ਦਿੰਦਾ ਹੈ। ਜਦੋਂ ਨਵੇਂ ਜਨਮੇ ਬੱਚੇ ਦੀਆਂ ਅੱਖਾਂ ਦੇ ਲੈਨਜ਼ 'ਤੇ ਪ੍ਰਕਾਸ਼ ਪੈਂਦਾ ਹੈ ਤਾਂ ਅੱਖਾਂ ਵਿੱਚ ਮੈਲਾਨਿਨ ਬਣਨਾ ਸ਼ੁਰੂ ਹੋ ਜਾਂਦਾ ਹੈ। ਜੀਨ ਹੀ ਮੈਲਾਨਿਨ ਬਣਨ ਦੀ ਕਿਰਿਆ ਨੂੰ ਕਾਬੂ ਵਿੱਚ ਰੱਖਦਾ ਹੈ। ਜੇ ਆਇਰਸ ਵਿੱਚ ਕਾਫ਼ੀ ਮਾਤਰਾ ਵਿੱਚ ਮੈਲਾਨਿਨ ਬਣਦਾ ਹੈ ਤਾਂ ਅੱਖਾਂ ਦਾ ਰੰਗ ਕਾਲਾ ਹੋ ਜਾਂਦਾ ਹੈ। ਜੇ ਘੱਟ ਮਾਤਰਾ ਵਿੱਚ ਮੈਲਾਨਿਨ ਬਣਦਾ ਹੈ ਤਾਂ ਅੱਖਾਂ ਦਾ ਰੰਗ ਹਲਕਾ ਗੁਲਾਬੀ ਜਾਂ ਹਲਕਾ ਪੀਲਾ ਹੁੰਦਾ ਹੈ। ਜੇ ਬੱਚੇ ਦੀਆਂ ਅੱਖਾਂ ਵਿੱਚ ਮੈਲਾਨਿਨ ਨਹੀਂ ਬਣਦਾ ਤਾਂ ਅੱਖਾਂ ਦਾ ਰੰਗ ਨੀਲਾ ਹੀ ਰਹਿੰਦਾ ਹੈ।

**ਕਰਨੈਲ ਸਿੰਘ ਰਾਮਗੜ੍ਹ, ਸੰਪਰਕ: 79864-99563**

# ਪਵਿੱਤਰ ਰਿਸ਼ਤਾ



ਪ੍ਰਤਾਪ ਪਾਰਸ ਗੁਰਦਾਸਪੁਰੀ, ਸੰਪਰਕ: 99888-11681

''ਐਕਸਕਿਊਜ਼ ਮੀ ਸਰ, ਵਨ ਮਿਨਟ, ਪਲੀਜ਼ ਹੈਲਪ ਅਸ।''

ਸਮੀਰਾ ਨੇ ਲਾਚਾਰ ਜਿਹੀਆਂ ਨਜ਼ਰਾਂ ਨਾਲ ਟਰੇਨੀ ਡਾਕਟਰ ਦੀ ਵਰਦੀ ਵਿੱਚ ਹੱਥ 'ਚ ਕਿਤਾਬਾਂ ਫੜੀ ਕੋਲੋਂ ਲੰਘਦੇ ਹੋਏ ਵਿਕਾਸ ਨੂੰ ਕਿਹਾ।

'ਹਾਂ ਜੀ, ਹਾਂ ਜੀ ਬੋਲੋ, ਕੀ ਹੈਲਪ ਚਾਹੀਦੀ ਹੈ?'' ਵਿਕਾਸ ਨੇ ਬੜੀ ਹਲੀਮੀ ਨਾਲ ਪੁੱਛਿਆ।

''ਸਰ, ਇਹ ਮੇਰੇ ਮੰਮੀ ਜੀ ਹਨ ਤੇ ਅਸੀਂ ਜੰਮੂ ਕਸ਼ਮੀਰ ਤੋਂ ਅੱਜ ਹੀ ਇਸ ਸਰਕਾਰੀ ਮੈਡੀਕਲ ਯੂਨੀਵਰਸਿਟੀ ਵਿੱਚ ਆਏ ਹਾਂ। ਮੈਂ ਐੱਮ ਬੀ ਬੀ ਐੱਸ ਵਿੱਚ ਦਾਖ਼ਲਾ ਲਿਆ ਹੈ। ਕਾਊਂਸਲਿੰਗ ਲੇਟ ਖ਼ਤਮ ਹੋਣ ਕਰਕੇ ਸਾਨੂੰ ਹਨੇਰਾ ਹੋ ਗਿਆ ਹੈ ਅਤੇ ਅਸੀਂ ਇਸ ਸ਼ਹਿਰ ਵਿੱਚ ਪਹਿਲੀ ਵਾਰ ਹੀ ਆਏ ਹਾਂ। ਰਾਤ ਪੈਣ ਕਰਕੇ ਸਾਨੂੰ ਕੁਝ ਪਤਾ ਨਹੀਂ ਲੱਗ ਰਿਹਾ ਕਿ ਅਸੀਂ ਕਿੱਥੇ ਜਾਈਏ? ਕੀ ਇੱਥੇ ਔਰਤਾਂ ਦੇ ਰਹਿਣ ਲਈ ਹੋਟਲ ਤੋਂ ਇਲਾਵਾ ਕੋਈ ਮਹਿਫੂਜ਼ ਜਗ੍ਹਾ ਮਿਲ ਸਕਦੀ ਹੈ?''

ਸਮੀਰਾ ਨੇ ਆਪਣੀ ਮੁਸ਼ਕਿਲ ਦੱਸਦਿਆਂ ਵਿਕਾਸ ਕੋਲੋਂ ਮਦਦ ਲੈਣ ਲਈ ਤਰਲਾ ਜਿਹਾ ਲਿਆ।

ਵਿਕਾਸ ਨੇ ਥੋੜ੍ਹਾ ਸੋਚ ਕੇ ਸਮੀਰਾ ਦੀ ਮਾਂ ਦੀਆਂ ਅੱਖਾਂ ਵਿੱਚ ਇੱਕ ਖ਼ੌਫ਼ ਜਿਹਾ ਵੇਖ ਕੇ ਕਿਹਾ, ''ਦੇਖੋ, ਮੈਂ ਵੀ ਇਸੇ ਯੂਨੀਵਰਸਿਟੀ ਵਿੱਚ ਐੱਮ ਬੀ ਬੀ ਐੱਸ ਦੇ ਦੂਜੇ ਸਾਲ ਦਾ ਵਿਦਿਆਰਥੀ ਹਾਂ। ਯੂਨੀਵਰਸਿਟੀ ਦੇ ਸਾਹਮਣੇ ਵਾਲੀ ਗਲੀ ਵਿੱਚ ਪੀ ਜੀ 'ਚ ਰਹਿੰਦਾ ਹਾਂ। ਜੇ ਚਾਹੋ ਤਾਂ ਅੱਜ ਦੀ ਰਾਤ ਤੁਸੀਂ ਮੇਰੇ ਸਾਹਮਣੇ ਵਾਲੇ ਕਮਰੇ ਵਿੱਚ ਰਹਿ ਸਕਦੇ ਹੋ ਕਿਉਂਕਿ ਉਸ ਕਮਰੇ ਵਿੱਚ ਰਹਿਣ ਵਾਲਾ ਮੇਰਾ ਦੋਸਤ ਕੁਝ ਦਿਨਾਂ ਲਈ ਆਪਣੇ ਪਿੰਡ ਗਿਆ ਹੋਇਆ ਹੈ। ਉਸ ਦੀ ਚਾਬੀ ਮੇਰੇ ਕੋਲ ਹੀ ਹੈ। ਪਰ ਇਸ ਬਾਰੇ ਮੈਂ ਪਹਿਲਾਂ ਆਪਣੀ ਪੀ ਜੀ ਵਾਲੀ ਆਂਟੀ ਨੂੰ ਦੱਸਾਂਗਾ, ਜੇਕਰ ਉਨ੍ਹਾਂ ਨੇ ਹਾਂ ਕਰ ਦਿੱਤੀ ਤਾਂ ਹੀ ਫਾਈਨਲ ਹੋਵੇਗਾ।''

ਵਿਕਾਸ ਨੇ ਉਨ੍ਹਾਂ ਅੱਗੇ ਅਸਲੀਅਤ ਬਿਆਨ ਕੀਤੀ।

ਸਮੀਰਾ ਅਤੇ ਉਸ ਦੀ ਮਾਂ ਨੇ ਉਸ ਲੜਕੇ ਦਾ ਧੰਨਵਾਦ ਕਰਦਿਆਂ ਬਿਨਾਂ ਵਾਧੂ ਸੋਚ-ਵਿਚਾਰ ਕੀਤਿਆਂ ਉਸ ਦੇ ਨਾਲ ਜਾਣ ਲਈ ਆਪਣੇ ਬੈਗ ਚੁੱਕ ਲਏ। ਵਿਕਾਸ ਨੇ ਪਹਿਲਾਂ ਕਹੇ ਅਨੁਸਾਰ ਆਪਣੀ ਪੀ ਜੀ ਵਾਲੀ ਆਂਟੀ ਨੂੰ ਸਮੀਰਾ ਤੇ ਉਸ ਦੀ ਮਾਂ ਦੀ ਬੇਵਸੀ ਦੱਸੀ ਤੇ ਉਨ੍ਹਾਂ ਦੇ ਹਾਂ ਕਰਨ 'ਤੇ ਉਸ ਨੇ ਆਪਣੇ ਦੋਸਤ ਵਾਲਾ ਕਮਰਾ ਉਨ੍ਹਾਂ ਲਈ ਖੋਲ੍ਹ ਦਿੱਤਾ। ਥੋੜ੍ਹੇ ਸਮੇਂ ਵਿੱਚ ਹੀ ਸਮੀਰਾ ਅਤੇ ਉਸ ਦੀ ਮਾਂ ਲਈ ਰਾਤ ਦੇ ਖਾਣੇ ਦਾ ਪ੍ਰਬੰਧ ਵੀ ਕਰ ਦਿੱਤਾ। ਦਿਨ ਚੜ੍ਹੇ ਤੋਂ ਸਮੀਰਾ ਤੇ ਉਸ ਦੀ ਮਾਂ ਨੇ ਵਿਕਾਸ ਨੂੰ ਸਮੀਰਾ ਲਈ ਵੀ ਕੋਈ ਇਹੋ ਜਿਹਾ ਵਧੀਆ ਪੀ ਜੀ ਵੇਖਣ ਲਈ ਕਿਹਾ ਕਿਉਂਕਿ ਸਮੀਰਾ ਦੀਆਂ ਸਹੇਲੀਆਂ ਨੇ ਉਸ ਨੂੰ ਪਹਿਲਾਂ ਹੀ ਦੱਸਿਆ ਹੋਇਆ ਸੀ ਕਿ ਟ੍ਰੇਨੀਆਂ ਨੂੰ ਮਿਲਣ ਵਾਲੇ ਸਰਕਾਰੀ ਹੋਸਟਲਾਂ ਵਿੱਚ ਰਹਿਣ ਤੇ ਖਾਣ-ਪੀਣ ਦਾ ਪ੍ਰਬੰਧ ਠੀਕ ਨਹੀਂ ਸੀ। ਵਿਕਾਸ ਨੇ ਸਮੀਰਾ ਤੇ ਉਸ ਦੀ ਮਾਂ ਨੂੰ ਨਾਲ ਲੈ ਕੇ ਛੇਤੀ ਹੀ ਆਪਣੇ ਨੇੜੇ ਇੱਕ ਵਧੀਆ ਪੀ ਜੀ ਲੱਭ ਦਿੱਤਾ। ਸਮੀਰਾ ਦੀ ਮਾਂ, ਸਮੀਰਾ ਦੀ ਰਿਹਾਇਸ਼ ਦੀ ਚਿੰਤਾ ਤੋਂ ਮੁਕਤ ਹੋ ਕੇ ਜਾਣ ਲੱਗਿਆਂ ਇੱਕ ਵਾਰ ਫਿਰ ਵਿਕਾਸ ਦਾ ਧੰਨਵਾਦ ਕਰਦਿਆਂ ਬੋਲੀ, ''ਪੁੱਤਰ, ਪਤਾ ਨਹੀਂ ਕਿਉਂ ਤੂੰ ਮੈਨੂੰ ਆਪਣਾ-ਆਪਣਾ ਜਿਹਾ ਲੱਗਾ ਏਂ, ਰੱਬ ਤੇਰੀਆਂ ਲੰਮੀਆਂ ਉਮਰਾਂ ਕਰੇ, ਤੂੰ ਖ਼ੂਬ ਤਰੱਕੀਆਂ ਕਰੇਂ, ਕਿਸੇ ਧਰਮੀ ਮਾਪਿਆਂ ਦਿਆ ਜਾਇਆ।'' ਸਮੀਰਾ ਦੀ ਮਾਂ ਇਹ ਸ਼ਬਦ ਕਹਿ ਕੇ ਬੱਸ 'ਚ ਬੈਠ ਗਈ। ਵਾਪਸੀ ਮੌਕੇ ਉਸ ਦੀ ਮਾਂ ਨੂੰ ਇੱਕ ਧਰਵਾਸ ਜਿਹਾ ਸੀ ਕਿਉਂਕਿ ਵਿਕਾਸ ਵਰਗਾ ਨੇਕ ਦਿਲ ਬੱਚਾ ਉਸ ਦੀ ਧੀ ਦੀ ਮਦਦ ਲਈ ਉੱਥੇ ਮੌਜੂਦ ਸੀ। ਹੁਣ ਸਮੀਰਾ ਦੀ ਮਾਂ ਨੂੰ ਆਪਣੀ ਧੀ ਬਿਗਾਨੇ ਸ਼ਹਿਰ ਵਿੱਚ ਇਕੱਲੀ ਰਹਿ ਗਈ ਨਹੀਂ ਸੀ ਜਾਪ ਰਹੀ।

ਸਮਾਂ ਅਗਾਂਹ ਨੂੰ ਤੁਰਦਾ ਗਿਆ। ਸਮੀਰਾ ਤੇ ਵਿਕਾਸ ਯੂਨੀਵਰਸਿਟੀ ਆਉਂਦੇ-ਜਾਂਦਿਆਂ ਅਕਸਰ ਇੱਕ ਦੂਜੇ ਨੂੰ ਟੱਕਰਦੇ। ਉਹ ਇੱਕ ਦੂਜੇ ਦਾ ਅਤੇ ਪਰਿਵਾਰਾਂ ਦਾ ਹਾਲ-ਚਾਲ ਪੁੱਛਦੇ, ਖ਼ਾਸਕਰ ਵਿਕਾਸ ਉਸ ਦੀ ਮਾਂ ਦਾ ਹਾਲ ਪੁੱਛਣਾ ਕਦੇ ਨਾ ਭੁੱਲਦਾ। ਵਿਕਾਸ ਦਾ ਕੋਰਸ ਮੁਕੰਮਲ ਹੋ ਗਿਆ। ਅੱਜ ਵਿਕਾਸ ਨੇ ਆਪਣੇ ਘਰ ਵਾਪਸ ਜਾਣਾ ਸੀ। ਹਾਲਾਂਕਿ ਇਨ੍ਹਾਂ ਸਾਲਾਂ ਦੌਰਾਨ ਸਮੀਰਾ ਦੇ ਬਹੁਤ ਦੋਸਤ ਬਣ ਗਏ ਸਨ ਪਰ ਅੱਜ ਉਸ ਨੂੰ ਇੰਜ ਲੱਗ ਰਿਹਾ ਸੀ ਜਿਵੇਂ ਵਿਕਾਸ ਦੇ ਜਾਣ ਮਗਰੋਂ ਉਹ ਇਸ ਸ਼ਹਿਰ ਵਿੱਚ ਇਕੱਲੀ ਰਹਿ ਜਾਵੇਗੀ।

''ਵਿਕਾਸ ਸਰ, ਮੈਂ ਤੁਹਾਨੂੰ ਸਦਾ ਮਿਸ ਕਰਦੀ ਰਹਾਂਗੀ, ਪਲੀਜ਼ ਮੇਰਾ ਫੋਨ ਨੰਬਰ ਕਦੇ ਡਿਲੀਟ ਨਾ ਕਰਿਓ ਤੇ ਮੈਂ ਜਦੋਂ ਵੀ ਤੁਹਾਨੂੰ ਫੋਨ ਕਰਾਂ ਪਲੀਜ਼ ਜ਼ਰੂਰ ਅਟੈਂਡ ਕਰਿਓ। ਮੇਰੀ ਜ਼ਿੰਦਗੀ 'ਚ ਤੁਹਾਡੀ ਸਦਾ ਇੱਕ ਵਿਸ਼ੇਸ਼ ਥਾਂ ਰਹੇਗੀ।''

ਸਮੀਰਾ ਨੇ ਝਿਜਕਦਿਆਂ ਆਪਣੇ ਦਿਲ ਦੀ ਗੱਲ ਵਿਕਾਸ ਨੂੰ ਕਹਿ ਦਿੱਤੀ।

''ਹਾਂ ਬਿਲਕੁਲ ਸਮੀਰਾ, ਅਸੀਂ ਗੱਲਬਾਤ ਕਰਦੇ ਰਹਾਂਗੇ। ਓਕੇ ਬਾਏ ਟੇਕ ਕੇਅਰ, ਸੀ ਯੂ ਨੈਕਸਟ ਟਾਈਮ।''

ਵਿਕਾਸ ਉਸ ਨੂੰ ਇਹ ਸ਼ਬਦ ਕਹਿ ਕੇ ਆਪਣੇ ਦੋਸਤ ਦੀ ਗੱਡੀ ਵਿੱਚ ਬਹਿ ਗਿਆ।

ਸਮਾਂ ਆਪਣੀ ਰਫ਼ਤਾਰ ਨਾਲ ਤੁਰਦਾ ਗਿਆ। ਕੁਝ ਸਮਾਂ ਸਮੀਰਾ ਉਸ ਨੂੰ ਫੋਨ ਕਰਦੀ ਰਹੀ, ਫਿਰ ਹੌਲੀ ਹੌਲੀ ਦੋਵੇਂ ਆਪੋ ਆਪਣੇ ਰੁਝੇਵਿਆਂ 'ਚ ਉਲਝ ਗਏ ਤੇ ਵਿਕਾਸ ਨੂੰ ਸਮੀਰਾ ਦੀਆਂ ਕਾਲਾਂ ਆਉਣੀਆਂ ਘਟਦੀਆਂ ਘਟਦੀਆਂ ਬੰਦ ਹੋ ਗਈਆਂ।

ਵਿਕਾਸ ਵੀ ਇਸ ਦੋਸਤੀ ਨੂੰ ਜ਼ਿੰਦਗੀ ਵਿੱਚ ਕੁਝ ਸਮੇਂ ਲਈ ਆ ਕੇ ਚਲੇ ਜਾਣ ਵਾਲੇ ਦੋਸਤਾਂ ਵਾਲੀ ਹੀ ਸਮਝਦਾ ਸੀ। ਉਸ ਨੂੰ ਸਰਕਾਰੀ ਨੌਕਰੀ ਮਿਲ ਗਈ ਸੀ, ਜਿਸ ਮਗਰੋਂ ਹੁਣ ਉਹ ਕਾਫ਼ੀ ਰੁਝੇਵਿਆਂ ਵਿੱਚ ਫਸ ਗਿਆ ਸੀ। ਤਕਰੀਬਨ ਸਾਲ ਕੁ ਬਾਅਦ ਵਿਕਾਸ ਦੇ ਫੋਨ 'ਤੇ ਕਿਸੇ ਅਣਜਾਣ ਨੰਬਰ ਤੋਂ ਕਾਲ ਆਈ। ਉਸ ਨੇ ਕਾਲ ਰਿਸੀਵ ਕੀਤੀ ਤਾਂ ਅੱਗੋਂ ਇੱਕ ਕੰਬਦੀ ਜਿਹੀ ਆਵਾਜ਼ ਸੁਣਾਈ ਦਿੱਤੀ, ''ਹੈਲੋ... ਵਿਕਾਸ ਸਰ, ਮੈਂ ਸਮੀਰਾ... ਸਰ।''

''ਹਾਂ ਹਾਂ ਸਮੀਰਾ, ਕੀ ਹੋਇਆ? ਤੂੰ ਇੰਨੀ ਘਬਰਾਈ ਹੋਈ ਕਿਉਂ ਏਂ?''

ਕਾਫ਼ੀ ਸਮੇਂ ਬਾਅਦ ਸਮੀਰਾ ਦਾ ਇੰਜ ਆਇਆ ਫੋਨ ਉਸ ਨੂੰ ਹੈਰਾਨ ਕਰ ਰਿਹਾ ਸੀ।

''ਵਿਕਾਸ ਸਰ, ਮੈਂ ਇਸ ਜਹਾਨ ਤੋਂ ਸਦਾ ਲਈ ਜਾ ਰਹੀ ਹਾਂ, ਮੈਂ ਜਾਣ ਤੋਂ ਪਹਿਲਾਂ ਸਿਰਫ਼ ਤੁਹਾਡੇ ਨਾਲ ਹੀ ਗੱਲ ਕਰਨੀ ਚਾਹੁੰਦੀ ਸੀ ਕਿਉਂਕਿ ਮੇਰਾ ਇਸ ਦੁਨੀਆ ਵਿੱਚ ਤੁਹਾਡੇ ਤੋਂ ਇਲਾਵਾ ਹੋਰ ਕੋਈ ਨਹੀਂ ਰਿਹਾ। ਮੈਂ ਚਾਹੁੰਦੀ ਸੀ ਕਿ ਮੈਂ ਤੁਹਾਨੂੰ ਦੱਸ ਜਾਵਾਂ ਕਿ ਮੈਂ ਅੱਜ ਮੌਤ ਨੂੰ ਗਲੇ ਲਾ ਰਹੀ ਹਾਂ। ਤੁਸੀਂ ਮੈਨੂੰ ਮੁਆਫ਼ ਕਰ ਦਿਓ ਕਿਉਂਕਿ ਮੈਂ ਕਾਫ਼ੀ ਦੇਰ ਤੋਂ ਤੁਹਾਨੂੰ ਫੋਨ ਵੀ ਨਹੀਂ ਕੀਤਾ। ਤੁਸੀਂ ਮੇਰੇ ਬਾਰੇ ਇਹ ਹੀ ਸੋਚਦੇ ਹੋਵੋਗੇ ਕਿ ਲੋਕ ਮਤਲਬ ਨਿਕਲਣ ਤੋਂ ਬਾਅਦ ਅਕਸਰ ਭੁੱਲ ਜਾਂਦੇ ਨੇ, ਸਰ ਮੈਂ ਭੁੱਲੀ ਤਾਂ ਨਹੀਂ ਸੀ ਪਰ ਭਟਕ ਜ਼ਰੂਰ ਗਈ ਸੀ।''

ਸਮੀਰਾ ਜਾਂਦੀ ਵਾਰੀ ਆਪਣਾ ਸਾਰਾ ਦੁੱਖ ਵਿਕਾਸ ਨੂੰ ਦੱਸਣਾ ਚਾਹ ਰਹੀ ਸੀ। ''ਸਮੀਰਾ ਹੋਇਆ ਕੀ ਏ, ਮੈਨੂੰ ਦੱਸ ਤਾਂ ਸਹੀ?'' ਵਿਕਾਸ ਨੇ ਚਿੰਤਾ ਜ਼ਾਹਿਰ ਕਰਦਿਆਂ ਪੁੱਛਿਆ।

''ਬਸ ਸਰ, ਮੈਂ ਹੁਣ ਜਿਊਣਾ ਨਹੀਂ ਚਾਹੁੰਦੀ। ਆਖ਼ਰੀ ਵਾਰ ਮੈਂ ਤੁਹਾਡੇ ਨਾਲ ਗੱਲ ਕਰਨਾ ਚਾਹੁੰਦੀ ਸੀ।'' ਇੰਨੀ ਗੱਲ ਆਖ ਕੇ ਸਮੀਰਾ ਭੁੱਬਾਂ ਮਾਰ ਰੋਣ ਲੱਗ ਪਈ। ''ਤੂੰ ਪਹਿਲਾਂ ਇਹ ਦੱਸ ਕਿ ਇਸ ਵੇਲੇ ਤੂੰ ਹੈਂ ਕਿੱਥੇ?'' ਵਿਕਾਸ ਨੇ ਬੇਚੈਨੀ ਨਾਲ ਉੱਚੀ ਆਵਾਜ਼ ਵਿੱਚ ਪੁੱਛਿਆ।

''ਸਰ, ਮੈਂ ਇਸ ਵੇਲੇ ਯੂਨੀਵਰਸਿਟੀ ਕੋਲੋਂ ਲੰਘਦੇ ਰੇਲਵੇ ਟਰੈਕ 'ਤੇ ਖੜ੍ਹ ਗੱਡੀ ਦੀ ਉਡੀਕ ਕਰ ਰਹੀ ਹਾਂ।'' ਇਹ ਆਖਦਿਆਂ ਸਮੀਰਾ ਦਾ ਫਿਰ ਗਲਾ ਭਰ ਆਇਆ।

''ਦੇਖ ਸਮੀਰਾ, ਤੂੰ ਮੈਨੂੰ ਬਸ ਇੱਕ ਮੌਕਾ ਦੇ... ਮੈਂ ਸ਼ਾਮ ਤੱਕ ਤੇਰੇ ਕੋਲ ਪਹੁੰਚ ਜਾਵਾਂਗਾ... ਤੂੰ ਵਾਅਦਾ ਕਰ ਕਿ ਉਦੋਂ ਤੱਕ ਅਜਿਹਾ ਕੁਝ ਨਹੀਂ ਕਰੇਗੀ ਤੇ ਮੇਰੀ ਉਡੀਕ ਕਰੇਂਗੀ। ਤੈਨੂੰ ਮੇਰੀ ਸਹੁੰ... ਤੂੰ ਹੁਣੇ ਆਪਣੇ ਕਮਰੇ ਵੱਲ ਜਾ।''

ਵਿਕਾਸ ਨੇ ਸਮੀਰਾ ਨੂੰ ਹੌਸਲਾ ਦਿੰਦਿਆਂ ਕਿਹਾ। ਸ਼ਾਮ ਢਲਦਿਆਂ ਵਿਕਾਸ ਸਮੀਰਾ ਦੇ ਕੋਲ ਸੀ। ਉਸ ਨੂੰ ਵੇਖ ਕੇ ਉਹ ਜ਼ਾਰੋ-ਜ਼ਾਰ ਰੋਣ ਲੱਗੀ। ਵਿਕਾਸ ਨੇ ਸਮੀਰਾ ਨੂੰ ਹੌਸਲਾ ਦਿੱਤਾ ਤੇ ਚੁੱਪ ਕਰਾਇਆ। ਉਸ ਨੇ ਹੌਲੀ ਹੌਲੀ ਸਮੀਰਾ ਨੂੰ ਸਹਿਜ ਅਵਸਥਾ ਵਿੱਚ ਲਿਆਂਦਾ ਤੇ ਇੰਨਾ ਵੱਡਾ ਕਦਮ ਚੁੱਕਣ ਪਿਛਲਾ ਕਾਰਨ ਪੁੱਛਿਆ।

ਸਮੀਰਾ ਨੇ ਭਰੇ ਮਨ ਤੇ ਗਲੇ ਨਾਲ ਵਿਕਾਸ ਨੂੰ ਸਾਰੀ ਗੱਲ ਆਖ ਸੁਣਾਈ। ਉਸ ਦੇ ਜਮਾਤੀ ਨੇ ਧੋਖੇ ਨਾਲ ਉਸ ਨੂੰ ਇੱਕ ਹੋਟਲ ਵਿੱਚ ਸੱਦ ਕੇ ਉਸ ਨਾਲ ਜ਼ਬਰਦਸਤੀ ਕੀਤੀ ਸੀ। ਵਿਕਾਸ ਇਹ ਸਭ ਸੁਣ ਕੇ ਅੰਦਰ ਤੱਕ ਹਿੱਲ ਗਿਆ, ਪਰ ਇਸ ਵੇਲੇ ਸਮੀਰਾ ਨੂੰ ਹੌਸਲਾ ਦੇਣਾ ਬਹੁਤ ਜ਼ਰੂਰੀ ਸੀ। ਲੱਗਦਾ ਸੀ, ਜਿਵੇਂ ਸਮੀਰਾ ਨੇ ਸਾਰੇ ਦਿਨ ਦਾ ਕੁਝ ਨਹੀਂ ਸੀ ਖਾਧਾ। ਉਸ ਨੇ ਸਮੀਰਾ ਦਾ ਸਿਰ ਪਲੋਸਦਿਆਂ ਉਸ ਨੂੰ ਸ਼ਾਂਤ ਕੀਤਾ ਤੇ ਕੁਝ ਖਾਣ ਨੂੰ ਦਿੱਤਾ। ਸਮੀਰਾ ਨੇ ਜੋ ਝੱਲਿਆ ਸੀ, ਉਹ ਬਹੁਤ ਖ਼ੌਫ਼ਨਾਕ ਸੀ ਜਿਸ ਕਰਕੇ ਉਸ ਦੀ ਮਾਨਸਿਕ ਹਾਲਤ ਇਸ ਵੇਲੇ ਠੀਕ ਨਹੀਂ ਸੀ। ਖਾਣਾ ਖਾ ਕੇ ਉਸ ਨੂੰ ਕੁਝ ਨੀਂਦ ਆ ਗਈ। ਵਿਕਾਸ ਕੋਲ ਬੈਠਾ ਕਾਫ਼ੀ ਦੇਰ ਸੋਚਦਾ ਰਿਹਾ। ਉਹ ਜਾਣਦਾ ਸੀ ਕਿ ਸਮੀਰਾ ਨਾਲ ਜੋ ਹੋਇਆ ਹੈ, ਉਸ ਮੁਆਫ਼ੀ ਯੋਗ ਨਹੀਂ ਸੀ ਤੇ ਇਸ ਲਈ ਉਨ੍ਹਾਂ ਨੂੰ ਲੰਮੀ ਲੜਾਈ ਵੀ ਲੜਨੀ ਪੈ ਸਕਦੀ ਹੈ।

ਮਨ ਵਿੱਚ ਪੱਕਾ ਨਿਸ਼ਚਾ ਕਰਕੇ ਉਸ ਨੇ ਸਮੀਰਾ ਨੂੰ ਨਾਲ ਲਿਆ ਤੇ ਥਾਣੇ ਜਾ ਕੇ ਐੱਫ ਆਈ ਆਰ ਦਰਜ ਕਰਵਾ ਦਿੱਤੀ। ਮੈਡੀਕਲ ਹੋਣ ਮਗਰੋਂ ਪੁਸ਼ਟੀ ਦੀ ਰਿਪੋਰਟ ਆਈ ਤਾਂ ਵਿਕਾਸ ਨੇ ਆਪਣੇ ਕੁਝ ਪੁਰਾਣੇ ਸਾਥੀ ਡਾਕਟਰਾਂ ਤੇ ਨਵੇਂ ਵਿਦਿਆਰਥੀਆਂ ਨੂੰ ਨਾਲ ਲੈ ਕੇ ਪ੍ਰਸ਼ਾਸਨ ਨਾਲ ਗੱਲ ਕੀਤੀ ਤੇ ਦਬਾਅ ਬਣਾ ਕੇ ਦੋਸ਼ੀ ਨੂੰ ਗ੍ਰਿਫ਼ਤਾਰ ਕਰਵਾ ਦਿੱਤਾ।

ਚੱਲਦੇ ਮੁਕੱਦਮੇ ਦੌਰਾਨ ਸਮੀਰਾ ਅਤੇ ਵਿਕਾਸ ਨੂੰ ਸਮਝੌਤੇ ਲਈ ਨਿੱਤ ਦਿਨ ਕਈ ਪੇਸ਼ਕਸ਼ਾਂ ਆਉਂਦੀਆਂ ਰਹੀਆਂ। ਜਦੋਂ ਉਹ ਨਾ ਮੰਨੇ ਤਾਂ ਫਿਰ ਉਨ੍ਹਾਂ ਨੂੰ ਜਾਨੋਂ ਮਾਰਨ ਦੀਆਂ ਕਾਫ਼ੀ ਧਮਕੀਆਂ ਵੀ ਆਈਆਂ ਪਰ ਵਿਕਾਸ ਦੇ ਸਹਾਰੇ ਕਰਕੇ ਸਮੀਰਾ ਟੱਸ ਤੋਂ ਮੱਸ ਨਾ ਹੋਈ। ਉਨ੍ਹਾਂ ਦੋਵਾਂ ਨੇ ਦੋਸ਼ੀ ਨੂੰ ਸਜ਼ਾ ਕਰਵਾ ਕੇ ਹੀ ਦਮ ਲਿਆ, ਜਿਸ ਦੇ ਚਰਚੇ ਅਖ਼ਬਾਰਾਂ ਵਿੱਚ ਵੀ ਬਹੁਤ ਪੜ੍ਹੇ-ਸੁਣੇ ਗਏ

ਅੱਜ ਸਮੀਰਾ ਉਸੇ ਥਾਂ 'ਤੇ ਖੜ੍ਹੀ ਸੀ ਜਿੱਥੇ ਵਿਕਾਸ ਨੂੰ ਪਹਿਲੀ ਵਾਰ ਮਿਲੀ ਸੀ। ਅੱਜ ਉਸ ਨੂੰ ਵਿਕਾਸ ਦਾ ਦੂਰ ਜਾਣਾ ਬਹੁਤ ਔਖਾ ਲੱਗ ਰਿਹਾ ਸੀ। ਅੱਜ ਉਹ ਵਿਕਾਸ ਨੂੰ ਆਪਣੇ ਤੋਂ ਦੂਰ ਨਹੀਂ ਜਾਣ ਦੇਣਾ ਚਾਹੁੰਦੀ ਸੀ ਪਰ ਉਹ ਉਸ ਨੂੰ ਕੁਝ ਕਹਿ ਵੀ ਨਹੀਂ ਸਕਦੀ ਸੀ ਕਿਉਂਕਿ ਉਹ ਆਪਣੇ ਆਪ ਵਿੱਚ ਹੀਣੀ ਮਹਿਸੂਸ ਕਰ ਰਹੀ ਸੀ।

''ਸਮੀਰਾ, ਤੇਰਾ ਕੋਰਸ ਹੁਣ ਖ਼ਤਮ ਹੋ ਚੁੱਕਾ ਹੈ ਅਤੇ ਤੇਰਾ ਇਸ ਸ਼ਹਿਰ ਵਿੱਚ ਰਹਿਣਾ ਠੀਕ ਨਹੀਂ ਹੈ। ਤੇਰੀ ਜਾਨ ਨੂੰ ਖ਼ਤਰਾ ਵੀ ਹੋ ਸਕਦਾ ਹੈ ਕਿਉਂਕਿ ਅਸੀਂ ਦੋਸ਼ੀ ਨੂੰ ਤਾਂ ਜੇਲ੍ਹ ਅੰਦਰ ਭਿਜਵਾ ਦਿੱਤਾ ਹੈ ਪਰ ਉਹ ਆਪਣੇ ਸਾਥੀਆਂ ਕੋਲੋਂ ਕੁਝ ਵੀ ਕਰਵਾ ਸਕਦਾ ਹੈ।''

ਵਿਕਾਸ ਨੇ ਸਮੀਰਾ ਨੂੰ ਆਉਣ ਵਾਲੇ ਖ਼ਤਰੇ ਤੋਂ ਸਾਵਧਾਨ ਕੀਤਾ। ''ਪਰ, ਸਰ ਮੈਂ ਹੁਣ ਜਾਵਾਂਗੀ ਵੀ ਕਿੱਥੇ? ਕਿਉਂਕਿ ਮੇਰੇ ਮੰਮੀ ਦੀ ਵੀ ਡੈੱਥ ਹੋ ਚੁੱਕੀ ਹੈ ਜਿਸ ਬਾਰੇ ਮੈਂ ਤੁਹਾਡੇ ਨਾਲ ਗੱਲ ਨਹੀਂ ਕੀਤੀ ਸੀ ਜੋ ਮੇਰੀ ਬਹੁਤ ਭਾਰੀ ਗ਼ਲਤੀ ਸੀ ਕਿਉਂਕਿ ਮੈਂ ਉਸ ਵਕਤ ਕਿਸੇ ਹੋਰ ਹੀ ਦੁਨੀਆ ਵਿੱਚ ਸੀ।''


ਸਮੀਰਾ ਦੀਆਂ ਅੱਖਾਂ ਸ਼ਰਮਿੰਦਗੀ ਨਾਲ ਨੀਵੀਆਂ ਹੋ ਗਈਆਂ। ''ਆਂਟੀ ਜੀ ਦਾ ਤੇਰਾ ਸਾਥ ਛੱਡ ਕੇ ਜਾਣ ਦਾ ਮੈਨੂੰ ਬਹੁਤ ਦੁੱਖ ਹੈ ਪਰ ਇਹ ਉਸ ਪ੍ਰਮਾਤਮਾ ਦਾ ਹੁਕਮ ਹੁੰਦਾ ਹੈ ਜਿਸ ਨੂੰ ਕੋਈ ਵੀ ਨਹੀਂ ਟਾਲ ਸਕਦਾ। ਸਮੀਰਾ, ਤੂੰ ਹੁਣ ਮੇਰੇ ਨਾਲ ਮੇਰੇ ਘਰ ਜਾਵੇਂਗੀ ਤੇ ਮੇਰੇ ਘਰ ਵਿੱਚ ਹੀ ਰਹੇਂਗੀ ਕਿਉਂਕਿ ਪਹਿਲਾਂ ਮੈਂ ਇੱਕ ਭੈਣ ਦਾ ਭਰਾ ਸੀ ਤੇ ਹੁਣ ਮੈਂ ਦੋ ਭੈਣਾਂ ਦਾ ਭਰਾ ਬਣ ਕੇ ਆਪਣੇ ਆਪ ਨੂੰ ਹੋਰ ਵੱਡਾ ਮਹਿਸੂਸ ਕਰਾਂਗਾ।''

ਵਿਕਾਸ ਨੇ ਆਪਣਾ ਫਰਜ਼ ਨਿਭਾਉਂਦਿਆਂ ਧਰਮ ਦੇ ਇੱਕ ਰਿਸ਼ਤੇ ਦੀ ਬੁਨਿਆਦ ਰੱਖ ਦਿੱਤੀ।

ਸਮੀਰਾ ਦੀਆਂ ਅੱਖਾਂ ਵਿੱਚੋਂ ਵਹਿੰਦੇ ਹੰਝੂਆਂ ਨੇ ਚਿਰਾਂ ਤੋਂ ਬਣੇ ਕੱਚੇ ਰਿਸ਼ਤਿਆਂ ਦੇ ਸਾਰੇ ਮਹਿਲ ਢਾਹ ਦਿੱਤੇ ਅਤੇ ਉਸ ਦੀਆਂ ਅੱਖਾਂ ਵਿੱਚੋਂ ਵਿਕਾਸ ਦੇ ਹੱਥਾਂ 'ਤੇ ਡਿੱਗੇ ਹੰਝੂਆਂ ਦੇ ਤੁਪਕਿਆਂ ਨੇ ਇੱਕ ਪਵਿੱਤਰ ਰਿਸ਼ਤੇ ਦੀ ਤਸਵੀਰ ਬਣਾ ਦਿੱਤੀ।

ਯਾਦਾਂ ਦੇ ਸਾਗਰ ਵਿੱਚ ਗੋਤੇ ਖਾਂਦਿਆਂ ਸਮੀਰਾ ਨੂੰ ਪਤਾ ਹੀ ਨਾ ਲੱਗਾ ਕਿ ਘਰ ਦੇ ਸਾਰੇ ਜੀਅ ਤਿਆਰ ਹੋ ਕੇ ਬਾਹਰ ਖੜ੍ਹੇ ਉਸ ਨੂੰ ਉਡੀਕ ਰਹੇ ਸਨ। ਉਹ ਉਦੋਂ ਇਕਦਮ ਤ੍ਰਭਕ ਕੇ ਉੱਠੀ ਜਦੋਂ ਵਿਕਾਸ ਦੇ ਵੱਡੇ ਬੇਟੇ ਬਬਲੂ ਨੇ ਕੋਲ ਆ ਕੇ ਕਿਹਾ, ''ਭੂਆ ਜੀ, ਕੀ ਕਰ ਰਹੇ ਹੋ? ਆਓ ਚੱਲੀਏ ਹੁਣ, ਬਾਹਰ ਮੰਮਾ ਤੇ ਸ਼ੈਂਪੀ ਗੱਡੀ ਵਿੱਚ ਬੈਠੇ ਤੁਹਾਡੀ ਹੀ ਉਡੀਕ ਕਰ ਰਹੇ ਨੇ। ਅਸੀਂ ਕਾਫ਼ੀ ਲੇਟ ਹੋ ਗਏ ਹਾਂ, ਅਸੀਂ ਸ਼ੈਂਪੀ ਨੂੰ ਛੱਡ ਕੇ ਵਾਪਸ ਵੀ ਮੁੜਨਾ ਏ।'' ਸਮੀਰਾ ਵਕਤੋਂ ਪਹਿਲਾਂ ਭਰੇ ਪਰਿਵਾਰ ਨੂੰ ਸਦਾ ਲਈ ਛੱਡ ਕੇ ਤੁਰ ਗਏ ਆਪਣੇ ਧਰਮ ਭਰਾ ਵਿਕਾਸ ਦੀ ਛੋਟੀ ਧੀ ਸ਼ੈਂਪੀ ਨੂੰ ਪਰਿਵਾਰ ਸਮੇਤ ਅੱਜ ਉਸੇ ਮੈਡੀਕਲ ਯੂਨੀਵਰਸਿਟੀ ਵਿੱਚ ਐੱਮ ਬੀ ਬੀ ਐੱਸ ਦਾ ਕੋਰਸ ਕਰਨ ਲਈ ਛੱਡਣ ਜਾਣ ਲੱਗਿਆਂ ਉਸ ਯੂਨੀਵਰਸਿਟੀ ਨਾਲ ਜੁੜੀਆਂ ਆਪਣੀਆਂ ਅਤੇ ਵਿਕਾਸ ਦੀਆਂ ਯਾਦਾਂ ਵਿੱਚ ਵਹਿੰਦਿਆਂ ਰੁਮਾਲ ਨਾਲ ਆਪਣੀਆਂ ਅੱਖਾਂ ਪੂੰਝਦੀ ਗੱਡੀ ਵਿੱਚ ਬਹਿੰਦਿਆਂ ਹਉਕਾ ਭਰਦਿਆਂ ਬੋਲੀ, ''ਵੀਰਾ, ਕਿੰਨਾ ਚੰਗਾ ਲੱਗਦਾ ਜੇ ਅੱਜ ਤੂੰ ਵੀ ਸਾਰੇ ਪਰਿਵਾਰ ਨਾਲ ਹੁੰਦਾ।''



# ਨਾਰੀ  ਸੰਸਾਰ





ਲਿਖਤ

ਪ੍ਰੇਮ ਸਰੂਪ ਛਾਜਲੀ

94171-34982

## ਨੈਤਿਕ ਕਦਰਾਂ ਕੀਮਤਾਂ ਤੇ ਸਾਡੇ ਬੱਚੇ

ਮਨੁੱਖੀ ਜ਼ਿੰਦਗੀ 'ਚ ਨੈਤਿਕ ਕਦਰਾਂ-ਕੀਮਤਾਂ ਦਾ ਬਹੁਤ ਮਹੱਤਵਪੂਰਨ ਰੋਲ ਹੈ।ਅਜਿਹੀਆਂ ਕਦਰਾਂ-ਕੀਮਤਾਂ ਦੇ ਗੁਣਾਂ ਵਾਲੇ ਇਨਸਾਨ ਦੀ ਜ਼ਿੰਦਗੀ ਚੰਗੇ ਸੁਭਾਅ, ਖੁਸ਼-ਦਿਲ ਤੇ ਵਧੀਆ ਤਰੀਕੇ ਵਾਲੀ ਹੁੰਦੀ ਹੈ। ਨੈਤਿਕ ਕਦਰਾਂ-ਕੀਮਤਾਂ ਅਪਣਾਉਣ ਨਾਲ ਮਨੁੱਖ ਆਪਣੇ ਜੀਵਨ ਦੇ ਹਰੇਕ ਪੜਾਅ 'ਤੇ ਵਿਕਾਸ ਕਰਦਾ ਜਾਂਦਾ ਹੈ ਤੇ ਦੂਜਿਆਂ ਲਈ ਪ੍ਰੇਰਨਾ ਸ੍ਰੋਤ ਬਣ ਜਾਂਦਾ ਹੈ। ਵੈਸੇ ਤਾਂ ਨੈਤਿਕ ਕਦਰਾਂ-ਕੀਮਤਾਂ ਨੂੰ ਗ੍ਰਹਿਣ ਕਰਨ ਦੀ ਕੋਈ ਸੀਮਤ ਉਮਰ ਨਹੀਂ ਹੁੰਦੀ ਪਰ ਫਿਰ ਵੀ ਇਸ ਨੂੰ ਬਚਪਨ ਵਿਚ ਹੀ ਗ੍ਰਹਿਣ ਕਰਨਾ ਸਿਖਾ ਦੇਣਾ ਚਾਹੀਦਾ ਹੈ ਤਾਂ ਕਿ ਆਉਣ ਵਾਲੇ ਸਮੇਂ 'ਚ ਮਨੁੱਖ ਇਸ ਦੀ ਪਾਲਣਾ ਵਧੀਆ ਢੰਗ ਨਾਲ ਕਰ ਸਕੇ। ਇਸ ਨੂੰ ਗ੍ਰਹਿਣ ਕਰਵਾਉਣ ਦੀ ਜ਼ਿੰਮੇਵਾਰੀ ਸਮਾਜ ਵਿਚ ਉਚੇਚੇ ਤੌਰ 'ਤੇ ਬੱਚਿਆਂ ਦੇ ਮਾਤਾ-ਪਿਤਾ, ਵਡੇਰਿਆਂ ਤੇ ਅਧਿਆਪਕਾਂ ਆਦਿ ਦੀ ਬਣਦੀ ਹੈ। ਇਸ ਦੀ ਪਾਲਣਾ ਕਰਨੀ ਜਾਂ ਕਰਵਾਉਣਾ ਕੋਈ ਕਾਨੂੰਨੀ ਨਿਯਮ ਨਹੀਂ ਸਗੋਂ ਇਸ ਨੂੰ ਇਕ ਫ਼ਰਜ਼ ਸਮਝਿਆ ਜਾਣਾ ਚਾਹੀਦਾ ਹੈ।

### ਮਾਤਾ-ਪਿਤਾ ਰਹਿੰਦੇ ਨੇ ਅਵੇਸਲੇ

ਨੈਤਿਕਤਾ ਦੇ ਘੇਰੇ 'ਚ ਸੱਚ ਬੋਲਣਾ, ਕਿਸੇ ਦਾ ਬੁਰਾ ਨਾ ਕਰਨਾ, ਖੁਸ਼ ਦਿਲ ਹੋ ਕੇ ਸਭ ਨਾਲ ਮਿਲਣਾ, ਹੰਕਾਰ ਨਾ ਕਰਨਾ, ਸੇਵਾ ਦੀ ਭਾਵਨਾ ਰੱਖਣਾ, ਇਮਾਨਦਾਰੀ ਨੂੰ ਅਪਣਾਉਣਾ, ਦੂਜਿਆਂ ਪ੍ਰਤੀ ਵਿਵਹਾਰ ਤੇ ਉਨ੍ਹਾਂ ਨਾਲ ਵਿਚਰਣ ਦੇ ਢੰਗ, ਮਾੜੇ ਸਮੇਂ ਦੂਜਿਆਂ ਦੀ ਮਦਦ ਕਰਨ ਲਈ ਅੱਗੇ ਆਉਣਾ, ਦੂਜਿਆ ਦਾ ਸਤਿਕਾਰ ਕਰਨਾ, ਆਗਿਆਕਾਰੀ ਹੋਣਾ, ਨਿਮਰਤਾ ਰੱਖਣਾ, ਦੇਸ਼ ਭਗਤੀ, ਅਨੁਸ਼ਾਸਨ ਭਰਪੂਰ ਹੋਣਾ, ਦੂਜਿਆਂ ਦਾ ਧੰਨਵਾਦੀ ਹੋਣ ਦੀ ਭਾਵਨਾ ਆਦਿ ਆਉਂਦੇ ਹਨ। ਸੋ ਅਜਿਹੇ ਗੁਣਾਂ ਨਾਲ ਭਰਪੂਰ ਗੁਣਾਂ ਵਾਲੇ ਇਨਸਾਨ ਦੀ ਸ਼ਖ਼ਸੀਅਤ ਤੋਂ ਅਸੀਂ ਸਾਰੇ ਪ੍ਰਭਾਵਿਤ ਹੁੰਦੇ ਹਾਂ। ਅਜੋਕੇ ਸਮੇਂ ਦਾ ਦੁਖਾਂਤ ਇਹ ਹੈ ਕਿ ਨੌਜਵਾਨ ਪੀੜ੍ਹੀ ਅਜਿਹੇ ਗੁਣਾਂ ਤੋਂ ਕਈ ਕੋਹਾਂ ਦੂਰ ਹੈ। ਇਸ ਵਿਚ ਅਸੀਂ ਬੱਚਿਆਂ ਨੂੰ ਗਲਤ ਨਹੀਂ ਠਹਿਰਾ ਸਕਦੇ ਜਦਕਿ ਇਸ 'ਚ ਕਮੀ ਉਨ੍ਹਾਂ ਦਾ ਪਾਲਣ-ਪੋਸ਼ਣ ਕਰਨ ਵਾਲਿਆਂ, ਸਿੱਖਿਆ ਪ੍ਰਦਾਨ ਕਰਨ ਵਾਲਿਆਂ, ਸਾਡੇ ਵਡੇਰਿਆਂ ਤੇ ਸਮਾਜ ਦੀ ਹੈ। ਬੱਚਾ ਮਿੱਟੀ ਦੁਆਰਾ ਤਿਆਰ ਕੀਤਾ ਗਿਆ ਬਰਤਨ



ਵਾਂਗ ਹੁੰਦਾ ਹੈ, ਜਿਸ ਨੂੰ ਮਾਪੇ ਤੇ ਅਧਿਆਪਕ ਜੀਵਨ-ਜਾਚ ਦੇ ਗੁਣ ਸਿਖਾ ਕੇ ਭਾਵ ਆਵੇ ਵਿਚ ਬਰਤਨ ਦੇ ਪਕਾਉਣ ਵਾਂਗ ਵਧੀਆ ਇਨਸਾਨ ਬਣਾ ਸਕਦੇ ਹਨ। ਜੋ ਅੱਜਕੱਲ੍ਹ ਬੱਚਿਆਂ ਦੇ ਸੁਭਾਅ ਵਿਚ ਆਮ ਵੇਖਿਆ ਜਾਂਦਾ ਹੈ, ਉਸ 'ਚ ਸਭ ਤੋਂ ਪਹਿਲੀ ਕਮੀ ਉਨ੍ਹਾਂ ਦੇ ਮਾਤਾ-ਪਿਤਾ (ਪਰਿਵਾਰ) ਵੱਲੋਂ ਹੁੰਦੀ ਹੈ।

### ਮਾਫ਼ ਕਰਨ ਦੀ ਭਾਵਨਾ ਪੈਦਾ ਕਰਨ ਮਾਪੇ

ਮਾਪਿਆਂ ਨੂੰ ਚਾਹੀਦਾ ਹੈ ਕਿ ਉਹ ਬੱਚਿਆਂ ਦਾ ਪਾਲਣ-ਪੋਸ਼ਣ ਇਸ ਤਰ੍ਹਾਂ ਕਰਨ ਕਿ ਉਨ੍ਹਾਂ 'ਚ ਇਕ-ਦੂਜੇ ਨੂੰ ਮਾਫ਼ ਕਰਨ ਦੀ ਭਾਵਨਾ ਹੋਵੇ। ਇਕੱਲਤਾ 'ਚ ਰਹਿਣ ਕਾਰਨ ਇਸ ਤਰ੍ਹਾਂ ਦੇ ਸੁਭਾਅ ਦੀ ਬੱਚਿਆਂ 'ਚ ਕਮੀ ਪਾਈ ਜਾਂਦੀ ਹੈ। ਉਹ ਵੱਡੇ ਹੋ ਕੇ ਕਿਸੇ ਨਾਲ ਆਪਣੀ ਚੀਜ਼ ਸਾਂਝੀ ਕਰਨਾ ਵੀ ਪਸੰਦ ਨਹੀਂ ਕਰਦੇ। ਛੋਟੀ ਜਹੀ ਗ਼ਲਤੀ ਜਾਂ ਗ਼ਲਤਫਹਿਮੀ 'ਚ ਉਹ ਗੂੜ੍ਹੇ ਰਿਸ਼ਤੇ ਦਾ ਲਿਹਾਜ਼ ਨਹੀਂ ਕਰਦੇ ਸਗੋਂ ਝੱਟ ਇਸ ਨੂੰ ਤੋੜਨ 'ਤੇ ਉਤਰ ਆਉਂਦੇ ਹਨ ਜਦਕਿ ਮਾਫ਼ ਕਰਨ ਨਾਲ ਰਿਸ਼ਤੇ ਤੇ ਆਪਸੀ ਸਾਂਝਾਂ ਬਣੀਆਂ ਰਹਿੰਦੀਆ ਹਨ ਤੇ ਮਨੁੱਖ ਮਿਲਾਪੜੇ ਸੁਭਾਅ ਦਾ ਬਣਿਆ ਰਹਿੰਦਾ ਹੈ। ਜੇ ਮਨੁੱਖ ਮਾਫ਼ ਕਰਨ ਤੇ ਬਰਦਾਸ਼ਤ ਕਰਨ ਦੇ ਗੁਣਾਂ ਨੂੰ ਨਹੀਂ ਸਮਝਦਾ ਤਾਂ ਉਹ ਛੋਟੀਆਂ-ਛੋਟੀਆਂ ਗੱਲਾਂ 'ਤੇ ਨਫ਼ਰਤ ਨੂੰ ਅਖਤਿਆਰ ਕਰ ਜਾਂਦਾ ਹੈ ਤੇ ਇੱਕਲੀ ਚਿੜ-ਚਿੜ ਵਾਲੀ ਜ਼ਿੰਦਗੀ ਜਿਊਣ ਨਾਲ ਮਾਨਸਿਕ ਬਿਮਾਰੀ ਦਾ ਸ਼ਿਕਾਰ ਹੋ ਜਾਂਦਾ ਹੈ।

### ਕਦਰਾਂ-ਕੀਮਤਾਂ ਤੋਂ ਸੱਖਣੇ ਰਹਿ ਜਾਂਦੇ ਨੇ ਬੱਚੇ

ਆਧੁਨਿਕ ਵਿਕਾਸਸ਼ੀਲ ਸਮਾਜ 'ਚ ਮਹਿੰਗਾਈ ਦੇ ਦੌਰ 'ਚ ਪੈਸਿਆਂ ਨਾਲ ਮਾਪੇ ਆਪਣੇ ਬੱਚਿਆਂ ਦੀ ਹਰ ਗਰਜ਼ ਨੂੰ ਪੂਰਾ ਕਰਨ ਦੀ ਚਾਹ 'ਚ ਕਈ ਕੁਤਾਹੀਆਂ ਕਰ ਜਾਂਦੇ ਹਨ, ਜਿਸ ਕਾਰਨ ਬੱਚਿਆਂ ਦੀਆਂ ਨੈਤਿਕ ਕਦਰਾਂ-ਕੀਮਤਾਂ ਤੇ ਗੁਣਾਂ 'ਚ ਗਿਰਾਵਟ ਬਚਪਨ ਤੋਂ ਹੀ ਆ ਜਾਂਦੀ ਹੈ। ਬੱਚਿਆਂ 'ਚ ਮਿਲਵਰਤਣ, ਮਾਫ਼ ਕਰਨਾ, ਸਹਿਣਸ਼ੀਲਤਾ, ਇੱਜ਼ਤ ਕਰਨਾ, ਨਿਮਰਤਾ, ਆਗਿਆਕਾਰੀ ਹੋਣ ਤੇ ਦੂਜਿਆਂ ਦੀ ਸਹਾਇਤਾ ਕਰਨਾ ਵਰਗੇ ਗੁਣ ਨਹੀਂ ਵੇਖੇ ਜਾ ਸਕਦੇ ਕਿਉਂਕਿ ਉਹ ਸਾਰਾ ਦਿਨ ਇਕ ਕਰੱਚ ਜਾਂ ਇਕ ਨੌਕਰ ਕੋਲ ਪਲਦੇ ਹਨ ਜਾਂ ਫਿਰ ਕੰਪਿਊਟਰ, ਫੋਨ ਤੇ ਹੋਰ ਨਵੀਆਂ ਤਕਨੀਕਾਂ ਦੀਆਂ ਖੇਡਾਂ ਘਰ ਬੈਠ ਕੇ ਇੱਕਲੇ ਖੇਡਦੇ ਹਨ ਤਾਂ ਉਹ ਬੱਚੇ ਕਈ ਨੈਤਿਕ ਗੁਣਾਂ ਤੋਂ ਅਨਜਾਣ ਰਹਿ ਜਾਂਦੇ ਹਨ।

### ਭਾਈਚਾਰਕ ਸਾਂਝ ਦੀ ਆਈ ਕਮੀ

ਅਜੋਕੇ ਸਮੇਂ 'ਚ ਮਨੁੱਖ ਨੇ ਆਪਣੇ ਪੈਸੇ ਦੀ ਹੋੜ ਤੇ ਵੱਡੀ ਸ਼੍ਰੇਣੀ, ਮੱਧ ਸ਼੍ਰੇਣੀ ਤੇ ਹੇਠਲੀ ਸ਼੍ਰੇਣੀ ਦਾ ਜ਼ਿਆਦਾ ਰੌਲਾ ਪਾ ਦਿੱਤਾ ਹੈ। ਇਸ ਨੂੰ ਲੋਕ ਆਪਣਾ ਸਟੇਟਸ ਸਮਝਦੇ ਹਨ ਪਰ ਇਹ ਸਾਡੀ ਨੈਤਿਕਤਾ ਦੀ ਗਿਰਾਵਟ ਵੱਲ ਵੱਧ ਰਿਹਾ ਕਦਮ ਹੈ। ਕਈ ਵਾਰ ਅਸੀਂ ਦੂਜਿਆਂ ਦੀ ਮਦਦ ਇਸ ਲਈ ਵੀ ਨਹੀਂ ਕਰਦੇ ਭਾਵ ਭਾਈਚਾਰਾ ਨਹੀਂ ਰਲਾਉਂਦੇ ਕਿ ਉਸ ਦਾ ਤਾਂ ਸਾਡੇ ਤੋਂ ਸਟੇਟਸ ਬੜਾ ਛੋਟਾ ਹੈ, ਲੋਕ ਕੀ ਕਹਿਣਗੇ? ਇਹ ਅਜੋਕੇ ਸਮੇਂ ਦੀ ਬੜੀ ਮੰਦਭਾਗੀ ਘਟਨਾ ਹੈ। ਇਸ ਨਾਲ ਸਾਡੇ ਪੁਰਾਣੇ ਵਡੇਰਿਆਂ ਨਾਲ ਰਲ-ਮਿਲ ਕੇ ਰਹਿਣ ਵਾਲੇ ਭਾਈਚਾਰੇ ਵਿਚ ਬਹੁਤ ਕਮੀ ਆਈ ਹੈ। ਅਜੋਕੀ ਪੜ੍ਹੀ-ਲਿਖੀ ਨੌਕਰੀਸ਼ੁਦਾ ਪੀੜ੍ਹੀ ਬੁੱਢੇ ਮਾਪਿਆਂ ਨੂੰ ਨਾਲ ਰੱਖ ਕੇ ਖ਼ੁਸ਼ ਨਹੀਂ। ਇਸ ਦਾ ਪ੍ਰਭਾਵ ਘਰ 'ਚ ਰਹਿੰਦੇ ਬੱਚਿਆਂ 'ਤੇ ਵੀ ਪੈਂਦਾ ਹੈ। ਸਤਿਕਾਰ ਭਾਵਨਾ, ਸਹਿਣਸ਼ੀਲਤਾ, ਨਿਮਰਤਾ ਉਨ੍ਹਾਂ ਨੂੰ ਆਪਣੇ ਪਰਿਵਾਰਕ ਮੈਂਬਰਾਂ 'ਚ ਰਹਿ ਕੇ ਮਿਲਣੀ ਚਾਹੀਦੀ ਹੈ, ਉਹ ਉਨ੍ਹਾਂ ਨੂੰ ਨਹੀਂ ਪ੍ਰਾਪਤ ਹੋ ਰਹੀ ਕਿਉਂਕਿ ਅਸਲ ਵਿਚ ਘਰ 'ਚ ਉਨ੍ਹਾਂ ਨੇ ਇਹ ਚੀਜ਼ਾਂ ਦੇਖੀਆਂ ਸਮਝੀਆਂ ਨਹੀਂ ਹਨ, ਜਿਸ ਕਾਰਨ ਉਹ ਵੀ ਸਭ ਨਾਲ ਪਰਾਇਆ ਤੇ ਬੇਰੁਖਾ ਸੁਭਾਅ ਅਖਤਿਆਰ ਕਰ ਲੈਂਦੇ ਹਨ। ਇਸੇ ਲਈ ਉਹ ਰਿਸ਼ਤੇਦਾਰਾਂ ਅੱਗੇ ਵੀ ਬਦਤਮੀਜ਼ੀ ਕਰ ਜਾਂਦੇ ਹਨ। ਫਿਰ ਮਾਪੇ ਆਮ ਹੀ ਰਿਸ਼ਤੇਦਾਰਾਂ ਅੱਗੇ ਕਹਿ ਦਿੰਦੇ ਹਨ ਕਿ ਪਤਾ ਨਹੀਂ, ਇਹ ਸਾਡਾ ਬੱਚਾ ਸੁਭਾਅ ਤੋਂ ਹੈ ਹੀ ਇਸੇ ਤਰ੍ਹਾਂ ਦਾ। ਅਸਲ 'ਚ ਸੋਚਿਆ ਜਾਵੇ ਤਾਂ ਇਸ ਪਿੱਛੇ ਕਾਰਨ ਕੀ ਹਨ ਕਿ ਬੱਚੇ ਦਾ ਸੁਭਾਅ ਹੀ ਅਜਿਹਾ ਬਣ ਗਿਆ। ਸੱਚੀ ਪਰ ਕੌੜੀ ਗੱਲ ਇਹ ਹੈ ਕਿ ਇਸ ਪਿੱਛੇ ਵੀ ਬੱਚਿਆਂ ਦੇ ਮਾਪਿਆਂ ਦਾ ਹੀ ਹੱਥ ਹੈ। ਇਸ ਲਈ ਏਨਾ ਵੀ ਬਿਜ਼ੀ ਨਾ ਹੋ ਜਾਵੋ ਕਿ ਆਪਣੇ ਬੱਚਿਆਂ 'ਤੇ ਧਿਆਨ ਹੀ ਨਾ ਜਾਵੇ।

ਲਿਖਤ : ਵਿਜੈ ਗਰਗ

## ਜਨਤਕ ਜੀਵਨ ਵਿੱਚ ਔਰਤਾਂ ਦੀ ਮੌਜੂਦਗੀ

ਸਮਾਂ ਕਿਵੇਂ ਨਜ਼ਾਰੇ ਬਦਲਦਾ ਹੈ! ਕੁਝ ਸਮਾਂ ਪਹਿਲਾਂ ਹੀ ਨੌਜਵਾਨ ਕੁੜੀਆਂ ਨੂੰ ਆਪਣੇ ਛੋਟੇ ਭਰਾ ਨਾਲ ਸਹੇਲੀਆਂ ਦੇ ਘਰ ਜਾਣਾ ਪੈਂਦਾ ਸੀ। ਸੜਕ 'ਤੇ ਚੱਲਦੇ ਹੋਏ ਵੀ. ਅੱਜ, ਉਹ ਸਕੂਟਰ ਅਤੇ ਮੋਟਰਸਾਈਕਲ ਚਲਾਉਂਦੀ ਹੈ, ਜਿਸ ਨਾਲ ਲੋਕਾਂ ਦੀਆਂ ਨਜ਼ਰਾਂ ਉਲਝੀਆਂ ਅਤੇ ਪਰੇਸ਼ਾਨ ਹੋ ਜਾਂਦੀਆਂ ਹਨ। ਇਹ ਇੱਕ ਨਵੀਂ ਔਰਤ ਟੈਕਸੀ-ਆਟੋ ਚਲਾਉਂਦੀ, ਟਰੇਨ-ਇੰਜਣ ਚਲਾਉਂਦੀ, ਮੁਸਾਫਰਾਂ ਨੂੰ ਲੜਾਕੂ ਜਹਾਜ਼ ਤੱਕ ਉਡਾਉਂਦੀ, ਪੁਲਿਸ ਦੀ ਵਰਦੀ ਪਾ ਕੇ ਗੁੰਡਿਆਂ ਨੂੰ ਫੜਦੀ, ਪੱਤਰਕਾਰ ਵਜੋਂ ਦੂਰ-ਦੁਰਾਡੇ ਤੋਂ ਖ਼ਬਰਾਂ ਲੈ ਕੇ ਆਉਂਦੀ ਤਸਵੀਰ ਹੈ। ਇਨ੍ਹਾਂ ਔਰਤਾਂ ਨੇ ਪਰੰਪਰਾ ਦੇ ਪੁਰਾਣੇ ਫਰੇਮ ਨੂੰ ਢਾਹ ਦਿੱਤਾ ਹੈ।

ਕਿਸੇ ਸਮੇਂ ਸਕੂਟਰ ਕੰਪਨੀਆਂ ਨੇ ਸੋਚਿਆ ਵੀ ਨਹੀਂ ਸੀ ਕਿ ਦੋਪਹੀਆ ਵਾਹਨਾਂ 'ਤੇ ਔਰਤਾਂ ਇੰਨੀਆਂ ਆਮ ਹੋ ਸਕਦੀਆਂ ਹਨ। ਕਾਰਾਂ ਸਿਰਫ਼ ਮਰਦਾਂ ਲਈ ਹੀ ਬਣੀਆਂ ਸਨ। ਫਿਰ ਲੂਨਾ ਆਇਆ, ਚੱਕਰ ਦਾ ਇੱਕ ਆਟੋਮੈਟਿਕ ਸੰਸਕਰਣ। ਕਿਹਾ ਜਾ ਸਕਦਾ ਹੈ ਕਿ ਇਸ ਨੌਜਵਾਨ ਪੀੜ੍ਹੀ ਲਈ ਅਜਿਹਾ ਪਹਿਲੀ ਵਾਰ ਹੋਇਆ ਹੈ। ਇਸ ਨੂੰ ਔਰਤਾਂ ਅਤੇ ਬਜ਼ੁਰਗਾਂ ਦਾ ਵਾਹਨ ਮੰਨਿਆ ਜਾਂਦਾ ਸੀ। ਕੰਪਨੀਆਂ ਨੂੰ ਛੇਤੀ ਹੀ ਲੜਕੀਆਂ ਦੀ ਯੋਗਤਾ ਨੂੰ ਪਰਖਣ ਦਾ ਪੈਮਾਨਾ ਵਧਾਉਣਾ ਪਿਆ। ਅੱਜ ਕੱਲ੍ਹ ਨਵੇਂ ਯੁੱਗ ਦੀਆਂ ਕੁੜੀਆਂ ਵਿੱਚੋਂ ਵੱਡੀ ਗਿਣਤੀ ਵਿੱਚ ਕੁੜੀਆਂ ਦੋ ਪਹੀਆ ਵਾਹਨ ਚਲਾ ਰਹੀਆਂ ਹਨ।

ਭਾਰਤੀ ਔਰਤਾਂ ਦਾ ਨਿੱਜੀ ਵਾਹਨ 'ਤੇ ਸਵਾਰ ਹੋਣਾ ਕਿਸੇ ਸਮਾਜਿਕ ਕ੍ਰਾਂਤੀ ਤੋਂ ਘੱਟ ਨਹੀਂ ਹੈ। ਗੱਡੀ ਦੀ ਸਵਾਰੀ ਨੇ ਔਰਤਾਂ ਲਈ ਆਤਮ-ਵਿਸ਼ਵਾਸ ਅਤੇ ਆਤਮ-ਨਿਰਭਰਤਾ ਦੇ ਨਵੇਂ ਦਰਵਾਜ਼ੇ ਖੋਲ੍ਹ ਦਿੱਤੇ। ਔਰਤ ਕੋਲ ਆਪਣੀ ਕਾਰ ਹੈ, ਇਸ ਨੇ ਆਮ ਮੱਧਵਰਗੀ ਪਰਿਵਾਰਾਂ ਦੀ ਤਸਵੀਰ ਹੀ ਬਦਲ ਦਿੱਤੀ ਹੈ। ਇੱਕ ਛੋਟੀ ਜਿਹੀ ਚਾਬੀ ਉਨ੍ਹਾਂ ਲਈ 'ਅਲਾਦੀਨ ਦਾ ਚਿਰਾਗ' ਪਾਉਣ ਤੋਂ ਘੱਟ ਨਹੀਂ ਹੈ। ਹੁਣ ਉਹ ਆਪਣੇ ਪਤੀ ਜਾਂ ਮਰਦ ਮੈਂਬਰਾਂ ਨਾਲ ਮੇਲ-ਜੋਲ ਨਹੀਂ ਕਰਦੀ, ਉਹ ਆਪ ਹੀ ਕਾਰ ਸਟਾਰਟ ਕਰਕੇ ਚਲੀ ਜਾਂਦੀ ਹੈ। ਔਰਤਾਂ ਦੇ ਵਾਹਨ-ਆਤਮ-ਨਿਰਭਰਤਾ ਦੇ ਸਮਾਜਕ ਪ੍ਰਭਾਵ ਹਨ। ਸਕੂਟਰ ਪਰਿਵਾਰ ਦੀ ਸੋਚ ਵਿੱਚ ਆਧੁਨਿਕਤਾ ਜੋੜ ਰਹੇ ਹਨ, ਬੰਦ ਸਿਰਿਆਂ ਨੂੰ ਖੋਲ੍ਹ ਰਹੇ ਹਨ। ਜਨਤਕ ਜੀਵਨ ਵਿੱਚ ਉਸਦੀ ਮੌਜੂਦਗੀ ਵਧੀ ਹੈ। ਉਹ ਆਪਣੇ ਸ਼ੌਕ ਅਤੇ ਰੁਚੀਆਂ ਦਾ ਪਿੱਛਾ ਕਰ ਰਹੇ ਹਨ। ਬੱਚਿਆਂ ਦੀ ਬਿਹਤਰ ਦੇਖਭਾਲ ਕਰਨਾ ਅਤੇ ਦੂਜਿਆਂ ਦੀ ਮਦਦ ਕਰਨਾ। ਘਰ



ਡ੍ਰਾਇਵਿੰਗ ਕਰਨ ਨਾਲ ਐਮਰਜੈਂਸੀ ਦੀ ਸਥਿਤੀ ਵਿੱਚ ਤੁਰੰਤ ਮਦਦ ਪ੍ਰਾਪਤ ਕਰਨਾ ਪਹਿਲਾਂ ਨਾਲੋਂ ਆਸਾਨ ਹੋ ਗਿਆ ਹੈ। ਉਹ ਮਿੱਤਰਾਂ ਨੂੰ ਮਿਲਦੇ ਹਨ, ਰਿਸ਼ਤੇਦਾਰੀ ਵਿੱਚ ਆਉਂਦੇ ਹਨ। ਸੜਕ 'ਤੇ ਇਕੱਲੀ ਖੜ੍ਹੀ, ਟੈਕਸੀ ਦੀ ਉਡੀਕ ਕਰਨ ਜਾਂ ਕੋਈ ਜਾਣ-ਪਛਾਣ ਵਾਲੇ ਦੇ ਆਉਣ ਤੱਕ ਉਡੀਕ ਕਰਨ ਵਾਲੀ ਔਰਤ ਨਾਲੋਂ ਆਪਣੇ ਦੋਪਹੀਆ ਵਾਹਨ 'ਤੇ ਸਮਾਂ ਖਤਮ ਕਰਨ ਵਾਲੀ ਔਰਤ ਜ਼ਿਆਦਾ ਸੁਰੱਖਿਅਤ ਹੈ।

ਇਸ ਦੋਪਹੀਆ ਵਾਹਨ ਚਲਾਉਣ ਨੇ ਮੁਸ਼ਕਿਲਾਂ ਨੂੰ ਆਸਾਨ ਕਰ ਦਿੱਤਾ ਹੈ। ਆਮਦਨ ਦੇ ਬਿਹਤਰ ਮੌਕੇ ਪ੍ਰਦਾਨ ਕੀਤੇ ਗਏ ਹਨ। ਘਰ ਅਤੇ ਬਾਹਰ ਆਪਣੀ ਕਾਬਲੀਅਤ ਨੂੰ ਸਾਬਤ ਕਰਨ ਦੀ ਲੜਾਈ ਅੱਜ ਵੀ ਆਮ ਔਰਤ ਲਈ ਆਸਾਨ ਨਹੀਂ ਹੈ। 'ਤੁਮਸੇ ਨਾ ਹੋ ਪੇਗਾ' ਦਾ ਉਚਾਰਨ ਆਮ ਤੌਰ 'ਤੇ ਕੀਤਾ ਜਾਂਦਾ ਹੈ।ਅਜਿਹੀ ਸਥਿਤੀ ਵਿਚ ਆਵਾਜਾਈ ਲਈ ਕਿਸੇ 'ਤੇ ਭਰੋਸਾ ਕਰਨਾ ਪਰਿਵਾਰ ਲਈ 'ਨਹੀ' ਕਹਿਣ ਦਾ ਬਹਾਨਾ ਬਣ ਜਾਂਦਾ ਹੈ। ਬਹੁਤ ਸਾਰੇ ਪਰਿਵਾਰਾਂ ਵਿੱਚ ਜੇਕਰ ਔਰਤਾਂ ਦਫ਼ਤਰ ਜਾਣ ਲਈ ਮਰਦਾਂ 'ਤੇ ਨਿਰਭਰ ਹੁੰਦੀਆਂ ਹਨ, ਤਾਂ ਇਹ ਰੋਜ਼ਾਨਾ ਦੀ ਤੂ-ਤੂੰ-ਮੈਂ-ਮੈਂ ਦਾ ਕਾਰਨ ਬਣ ਜਾਂਦੀ ਹੈ। ਜਿਸਦਾ ਸਿੱਟਾ ਉਹਨਾਂ ਨੂੰ ਨੌਕਰੀ ਛੱਡਣ ਦੇ ਮਜਬੂਰ ਫੈਸਲੇ ਵਿੱਚ ਹੁੰਦਾ ਹੈ।

ਸਕੂਟਰ ਦੇ ਦੋ ਪਹੀਏ ਆਰਥਿਕ ਸਸ਼ਕਤੀਕਰਨ ਦੇ ਰਾਹ 'ਤੇ ਔਰਤਾਂ ਨੂੰ ਵੱਡੀ ਤਾਕਤ ਦੇ ਰਹੇ ਹਨ। ਇਸ ਹੁਨਰ ਨੇ ਸਮੇਂ ਦੀ ਉਤਪਾਦਕਤਾ ਅਤੇ ਗੁਣਵੱਤਾ ਵਿੱਚ ਵੀ ਵਾਧਾ ਕੀਤਾ ਹੈ। ਇਸ ਸਮੇਂ ਤੋਂ ਰਿਸ਼ਤਿਆਂ 'ਚ ਸਮੀਕਰਨਾਂ 'ਚ ਸੁਧਾਰ ਹੋਣ ਦੀ ਉਮੀਦ ਗਲਤ ਨਹੀਂ ਹੋਵੇਗੀ। ਇਸ ਨਾਲ ਲਿਬਾਸ ਦੀ ਮਿੱਥ ਵੀ ਟੁੱਟ ਗਈ ਹੈ। ਅਜ਼ਾਦੀ ਦੀਆਂ ਨਵੀਆਂ ਪਰਿਭਾਸ਼ਾਵਾਂ ਲਿਖੀਆਂ ਗਈਆਂ ਹਨ, ਔਰਤਾਂ ਦੀ ਇਹ ਸਾਈਕਲ ਸਵੈ-ਨਿਰਭਰਤਾ।

ਪਰਿਵਾਰ ਵਿੱਚ ਇੱਕ ਵਾਹਨ ਔਰਤ ਅਤੇ ਮਰਦ ਦੋਵਾਂ ਲਈ ਲਾਭਦਾਇਕ ਹੈ। ਇਹ ਇੱਕ ਮੁਕਤ ਦ੍ਰਿਸ਼ਟੀ ਹੈ ਅਤੇ ਸਮਾਜ ਦੀ ਤਰੱਕੀ ਦੀ ਨਿਸ਼ਾਨੀ ਵੀ ਹੈ। ਇਹ ਸੰਕੇਤ ਸਮੁੱਚੇ ਸਮਾਜ ਦੇ ਭਵਿੱਖ ਲਈ ਚੰਗਾ ਹੈ। ਪਿਤਾ, ਭਰਾ ਅਤੇ ਪਤੀ ਹੋਣ ਦੇ ਨਾਤੇ, ਉਸਨੇ ਧੀ, ਭੈਣ ਜਾਂ ਪਤਨੀ 'ਤੇ ਕੋਈ ਹੁਕਮ ਜਾਰੀ ਨਹੀਂ ਕੀਤਾ ਹੈ। ਔਰਤਾਂ ਡਰਾਈਵਰਾਂ ਅਤੇ ਮਰਦਾਂ ਨੂੰ ਪਿੱਛੇ ਦੇਖ ਕੇ ਅਸੀਂ ਹੈਰਾਨ ਨਹੀਂ ਹੁੰਦੇ। ਔਰਤਾਂ ਨੇ ਆਉਣ-ਜਾਣ ਲਈ ਦੂਜਿਆਂ ਦਾ ਮੂੰਹ ਨਾ ਦੇਖ ਕੇ ਆਪਣੀ ਇੱਛਾ ਨੂੰ ਪਰਿਵਾਰ ਵਿਚ ਸਵੀਕਾਰ ਕਰ ਲਿਆ ਹੈ। ਨੇ ਸੱਸ ਦਾ ਭਰੋਸਾ ਜਿੱਤ ਲਿਆ ਹੈ, ਮਾਪਿਆਂ ਨੂੰ ਭਰੋਸਾ ਦਿਵਾਇਆ ਹੈ, ਉਸ ਦਾ ਡਰ ਦੂਰ ਕੀਤਾ ਹੈ। ਇਹ ਆਵਾਜ਼ ਦੂਰੋਂ ਨਹੀਂ, ਨੇੜੇ ਤੋਂ ਆ ਰਹੀ ਹੈ ਕਿ ਅਸੀਂ ਵੀ ਇੱਥੇ ਮੁੰਡਿਆਂ ਤੋਂ ਘੱਟ ਨਹੀਂ, ਮੌਕਾ ਦਿਓ। ਮਰਦ ਔਰਤਾਂ ਦੀ ਡਰਾਈਵਿੰਗ ਬਾਰੇ ਮਜ਼ਾਕ ਉਡਾ ਕੇ ਆਪਣੀ ਹਉਮੈ ਨੂੰ ਸੰਤੁਸ਼ਟ ਕਰ ਸਕਦੇ ਹਨ, ਖੋਜ ਦੁਆਰਾ ਸਾਬਤ ਕੀਤਾ ਗਿਆ ਸੱਚ ਕਹਿੰਦਾ ਹੈ ਕਿ ਉਹ ਮਰਦਾਂ ਨਾਲੋਂ ਬਿਹਤਰ, ਜ਼ਿਆਦਾ ਇਮਾਨਦਾਰ, ਜ਼ਿੰਮੇਵਾਰ, ਅਨੁਸ਼ਾਸਿਤ ਡਰਾਈਵਰ ਹਨ। ਕਈ ਸ਼ਹਿਰਾਂ ਵਿੱਚ ਤਾਂ ਕੁੜੀਆਂ ਵੀ ਮੋਟਰਸਾਈਕਲ ਬਹੁਤ ਚਲਾ ਰਹੀਆਂ ਹਨ। ਪੁਣੇ ਸ਼ਹਿਰ 'ਚ ਕੁੜੀਆਂ 'ਤੇ ਗੋਲੀ ਚਲਾਉਣ ਦਾ ਮਾਮਲਾ ਵੀ ਉਤਸੁਕਤਾ ਦਾ ਵਿਸ਼ਾ ਨਹੀਂ ਬਣਦਾ। ਇਸ ਤਰ੍ਹਾਂ ਮੋਟਰਸਾਈਕਲ ਦੀ ਪਛਾਣ ਮਰਦਾਨਾ ਵਾਹਨ ਵਜੋਂ ਹੋਈ ਹੈ।

ਜੁੱਤੀਆਂ ਅਤੇ ਜੀਨਸ ਪਹਿਨਣ ਵਾਲੀਆਂ ਔਰਤਾਂ ਮੋਟਰਸਾਈਕਲ ਸਵਾਰਾਂ ਦੇ ਰੂਪ ਵਿੱਚ ਤਾਕਤ ਦੀ ਪਛਾਣ ਕਰਦੀਆਂ ਦਿਖਾਈ ਦਿੰਦੀਆਂ ਹਨ, ਇਸ ਤੋਂ ਕੋਈ ਇਨਕਾਰ ਨਹੀਂ ਕਰ ਸਕਦਾ। ਇਹ ਬਣੀ ਹੋਈ ਮਾਦਾ ਚਿੱਤਰ ਦਾ ਇੱਕ ਟੁਕੜਾ ਹੈ। ਮੋਟਰਸਾਈਕਲ ਜਾਂ ਬੁਲੇਟ ਸਿਰਫ਼ ਇੱਕ ਵਾਹਨ ਨਹੀਂ ਹੈ। ਉਹ ਖੁੱਲ੍ਹੀ ਹਵਾ, ਦਲੇਰੀ ਅਤੇ ਆਜ਼ਾਦ ਸੋਚ ਦਾ ਪ੍ਰਤੀਕ ਹੈ। ਮੋਟਰਸਾਈਕਲ ਦੀ ਸਵਾਰੀ ਕਰਨਾ ਮਹਾਨਤਾ ਦੀ ਨਿਸ਼ਾਨੀ ਨਹੀਂ ਹੈ, ਪਰ ਇਹ ਕਦਮ ਨਿਸ਼ਚਿਤ ਤੌਰ 'ਤੇ ਸਕਾਰਾਤਮਕ ਤਬਦੀਲੀ ਦਾ ਖ਼ਤਰਾ ਹੈ। ਹੈਲਮੇਟ ਪਾ ਕੇ, ਆਪਣੀ ਪਸੰਦ ਦੇ ਕੱਪੜੇ ਪਾ ਕੇ, ਮੋਢੇ 'ਤੇ ਦਫਤਰੀ ਬੈਗ ਅਤੇ ਪਿੱਛੇ ਸਕੂਲੀ ਕੱਪੜਿਆਂ 'ਚ ਇਕ ਬੱਚਾ ਸਕੂਟਰ ਚਲਾ ਰਿਹਾ ਹੈ। ਸਾਡੀ ਗਲੀ 'ਤੇ ਸਮੇਂ ਦੇ ਇਹ ਸੁੰਦਰ ਨਜ਼ਾਰੇ ਹਨ।

## ਦੁੱਖ - ਸੁੱਖ

ਦੁੱਖ-ਸੁੱਖ ਦੋਵੇਂ ਭਾਈ, ਪਾਉਂਦੇ
ਰਹਿੰਦੇ ਫੇਰੇ ਹੁੰਦੇ ਨੇ
ਪਲ ਦੋ ਪਲ ਦੀਆਂ ਖੁਸ਼ੀਆਂ ਸੱਜਣੋਂ,
ਦਰਦ ਲਮੇਰੇ ਹੁੰਦੇ ਨੇ
ਸੁਖ ਵਿੱਚ ਸੱਜਣੋਂ ਰੱਬ ਨਾ ਭੁੱਲੀਏ
ਹਰ ਪਲ ਮਨੋਂ ਧਿਆਈਦਾ
ਦੁੱਖ ਆਵੇ ਤਾਂ ਮੰਨੀਏਂ ਭਾਣਾ
ਦੁੱਖ ਤੋਂ ਨਹੀਂ ਘਬਰਾਈਦਾ
ਜ਼ਹਿਰੀ ਨਾਗਾਂ ਨੂੰ ਫੜਨੇ ਲਈ,
ਜਿਵੇਂ ਸਪੇਰੇ ਹੁੰਦੇ ਨੇ
ਪਲ ਦੋ ਪਲ ਦੀਆਂ ਖੁਸ਼ੀਆਂ ਸੱਜਣੋਂ,
ਦਰਦ ਲਮੇਰੇ ਹੁੰਦੇ ਨੇ
ਪਹਿਲਾਂ ਵਰਗੇ ਰਹੇ ਨਾ ਦਿਨ, ਜੇ
ਦੁੱਖ ਵਾਲੇ ਵੀ ਰਹਿਣੇ ਨਾ
ਇਹ ਸਭ ਖੇਡ ਤਾਂ ਹੈ ਕੁਦਰਤ ਦੀ
ਇਹ ਬੰਦੇ ਦੇ ਕਹਿਣੇ ਨਾ
ਕਦੇ ਚਾਨਣੀਆਂ ਰਾਤਾਂ ਤੇ ਕਦੇ
ਘੁੱਪ ਹਨ੍ਹੇਰੇ ਹੁੰਦੇ ਨੇ
ਪਲ ਦੋ ਪਲ ਦੀਆਂ ਖੁਸ਼ੀਆਂ ਸੱਜਣੋਂ,
ਦਰਦ ਲਮੇਰੇ ਹੁੰਦੇ ਨੇ...
ਦਰਦਾਂ ਦੀ ਬਸ ਇੱਕੋ ਹੀ ਦਾਰੂ
ਹੱਸ ਕੇ ਦਰਦ ਹੰਢਾਈਦਾ
ਰੋਣ ਨਾਲ ਦੁਖ ਘੱਟ ਨਹੀਂ ਹੁੰਦਾ
ਇਹ ਮਨ ਨੂੰ ਸਮਝਾਈਦਾ
ਇਹ ਕਰਮਾਂ ਦੇ ਲੇਖੇ, ਨਾ ਵੱਸ
ਤੇਰੇ - ਮੇਰੇ ਹੁੰਦੇ ਨੇ
ਪਲ ਦੋ ਪਲ ਦੀਆਂ ਖੁਸ਼ੀਆਂ ਸੱਜਣੋਂ,
ਦਰਦ ਲਮੇਰੇ ਹੁੰਦੇ ਨੇ...
ਨਿੱਕੀਆਂ ਨਿੱਕੀਆਂ ਗੱਲਾਂ 'ਚੋਂ ਗੱਲ
ਲੱਭੋ ਕੀ ਖੁਸ਼ ਹੋਵਣ ਦੀ
ਪਾਓ ਨਾ "ਖੁਸ਼ੀ" ਆਦਤ ਕਦੇ ਵੀ
ਇਨ ਅੱਖੀਆਂ ਨੂੰ ਰੋਵਣ ਦੀ
ਵੇਖ ਦੁਖੀ, ਖੁਸ਼ ਹੋਵਣ ਵਾਲੇ
ਲੋਕ ਬਥੇਰੇ ਹੁੰਦੇ ਨੇ
ਪਲ ਦੋ ਪਲ ਦੀਆਂ ਖੁਸ਼ੀਆਂ ਸੱਜਣੋਂ,
ਦਰਦ ਲਮੇਰੇ ਹੁੰਦੇ ਨੇ...

**ਲਿਖਤ : ਖੁਸ਼ੀ ਮੁਹੰਮਦ "ਚੱਠਾ"**

## ਮੈਂ ਤੇ ਮੇਰੀ ਧੀ

ਮੈਂ ਤੇ ਮੇਰੀ ਧੀ ਇੱਕੋ ਜਿਹੀਆਂ,
ਰੰਗ ਗੁਲਾਬੀ ਫਿੱਕੇ ਜਿਹੀਆਂ।
ਮੈਂ ਤੇ ਮੇਰੀ ਧੀ.....


ਹੱਸਦੀ ਉਹ ਤਾਂ ਆਪ ਨੂੰ ਤੱਕਾਂ,
ਟੌਹਰ ਨੰਨ੍ਹੀ ਦੀ ਵੇਖ ਨਾ ਥੱਕਾਂ।
ਗੱਲਾਂ ਕਰੇ ਜਾਦੂਗਰ ਨਿੱਕੇ ਜਿਹੀਆਂ।
ਮੈਂ ਤੇ ਮੇਰੀ ਧੀ....

ਛੋਟੇ-ਛੋਟੇ ਬੁੱਲ੍ਹ ਨੇ ਗੁਲਾਬੀ,
ਮੈਂ ਜਿੰਦਰਾ ਤੇ ਉਹ ਹੈ ਚਾਬੀ।
ਦੋ ਪਾਸੇ ਇੱਕੋ ਸਿੱਕੇ ਜਿਹੀਆਂ।
ਮੈਂ ਤੇ ਮੇਰੀ ਧੀ.....

ਉਹ ਮੇਰਾ ਬੱਸ ਅਕਸ ਹੈ ਪੂਰਾ,
ਓਹਦੇ ਬਿਨ ਜੀਵਨ ਹੈ ਅਧੂਰਾ।
ਚਿੜੀ ਨਾਲ਼ ਜ਼ਰੂਰੀ ਛਿੱਕੇ ਜਿਹੀਆਂ।
ਮੈਂ ਤੇ ਮੇਰੀ ਧੀ....

ਸੋਚ ਓਹਦੀ ਪਰ ਮੈਥੋਂ ਅੱਗੇ,
ਨਦੀਓਂ ਨੀਰ ਜਿਉਂ ਤੇਜ਼ ਹੀ ਵੱਗੇ।
ਦੋਵੇਂ ਪਾਕ ਮੱਥੇ ਦੇ ਟਿੱਕੇ ਜਿਹੀਆਂ।
ਮੈਂ ਤੇ ਮੇਰੀ ਧੀ ਇੱਕੋ ਜਿਹੀਆਂ।

**ਲਿਖਤ : ਮਨਜੀਤ ਕੌਰ ਧੀਮਾਨ,**
**ਸੰਪਰਕ : 94646-33059**



# ਕਾਵਿ-ਲਹਿਰਾਂ

## ਸਮਾਂ

ਆਪਣਿਆਂ ਹੀ ਧਰਤ ਬਚਾਉਣੀ
ਤਰਸ ਤਾਂ ਕਰਨਾਂ ਗੈਰਾਂ ਨਹੀ
ਪੁੱਤਰ ਧੀਆਂ ਹੋ ਗਏ ਪਰਦੇਸੀ
ਜਾਪਦੀਆਂ ਹੁਣ ਖੈਰਾਂ ਨਹੀ

ਕਾਲਾ ਪਾਣੀ ਵਗੇ ਵਿੱਚ ਨਦੀਆਂ
ਨਦੀਆਂ ਦੇ ਵਿੱਚ ਲਹਿਰਾਂ ਨਹੀ

ਸਤਜੁਗ ਵਰਗਾ ਰਿਹਾ ਨਾਂ ਵੇਲਾ
ਵਹਿੰਦਾ ਸੀ ਪਾਣੀ ਜਹਿਰਾਂ ਨਹੀ

ਹਿੱਕ ਪਾੜ ਕੇ ਕੱਢੀਆਂ ਨੇ ਜੋ
ਕੰਮ ਦੀਆਂ ਹੁਣ ਨਹਿਰਾਂ ਨਹੀ
ਦੂਰ ਦੇਸ਼ਾਂ ਤੋਂ ਆਉਂਦੀਆਂ ਕੂੰਜਾ
ਕੂੰਜਾਂ ਦੀਆਂ ਹੁਣ ਠਹਿਰਾਂ ਨਹੀ

ਅੰਨ ਉਗਾਉਣਾਂ ਤਾਂ ਮਿੱਟੀ ਆਖਰ
ਫਸਲ ਉਗਾਉਣੀ ਸ਼ਹਿਰਾਂ ਨਹੀ
ਸੁੱਖ ਵਰਤਾਂਉਦਾ ਪਿਆਰ ਹਮੇਸ਼ਾਂ
ਕੁਝ ਰੱਖਿਆ ਵਿੱਚ ਵੈਰਾਂ ਨਹੀ

ਮੁੜਕੇ ਸਮਾਂ ਨਹੀ ਆਉਣਾ ਹੱਥੀਂ
ਭੱਜ ਕੇ ਨੇੜੇ ਜਾਣਾ ਪੈਰਾਂ ਨਹੀ

**ਲਿਖਤ : ਸੱਤਪਾਲ ਸਿੰਘ ਦਿਓਲ**
**ਸੰਪਰਕ : 98781-70771**

## 30 ਲੱਖਾ ਪ੍ਰਧਾਨ

ਬਿਨ ਮੰਡੀਉਂ ਵਿਕਣ ਵਿਧਾਇਕ ਜਿੱਥੇ,
ਉੱਥੇ ਕੋਈ ਨਾ ਦਿਸੇ ਦੁਕਾਨ ਬੇਲੀ।
ਅੰਦਰ ਖਾਤੇ ਹੋਏ ਤਹਿ ਸੌਦੇ,
ਬਣਿਆਂ ਤੀਹ ਲੱਖ 'ਚ ਪ੍ਰਧਾਨ ਬੇਲੀ।

ਭੇਦ ਖੁੱਲ੍ਹ ਗਏ ਰਮਜ਼ਾਂ ਗੁੱਝੀਆਂ ਦੇ,
ਆਹਮੋਂ ਸਾਹਮਣੇ ਹੋਏ ਸ਼ੈਤਾਨ ਬੇਲੀ।
ਚੱਕੀ ਚਕਾਈ ਨਾ ਭੋਰਾ ਰਹਿਣ ਦਿੱਤੀ,
ਬੋਲ ਬਾਲਾ ਹੋਇਆ ਘਮਸਾਨ ਬੇਲੀ।

ਨਿਕਲੀ ਫੂਕ ਇਮਾਨਦਾਰੀਆਂ ਦੀ,
ਜੱਗ ਜੱਗਰ ਹੋਏ ਬੇਈਮਾਨ ਬੇਲੀ।
ਰਹੇ ਆਮ ਨਾ ਬਣ ਖਾਸ ਗਏ,
ਜਿਹੜੇ ਨਿੱਤਰੇ ਚੋਣ ਮੈਦਾਨ ਬੇਲੀ।

ਮੋੜ ਮੁੜਾਈ ਵਾਲੀ ਗੱਲ 'ਭਗਤਾ',
ਬਣ ਲਾਟ ਚੜ੍ਹੀ ਅਸਮਾਨ ਬੇਲੀ।
ਦੁੱਧ ਧੋਤੇ ਗਏ ਹੋ ਨੰਗੇ,
ਗਈ ਸਭ ਦੀ ਹੋ ਪਛਾਣ ਬੇਲੀ।

ਬਰਾੜ-ਭਗਤਾ ਭਾਈ ਕਾ
+1-604-751-1113

## ਬਿਰਹਾ ਸੁਲਤਾਨ

ਮੇਰਾ ਅੰਦਰ ਹੈਵਾਨ ਬੜਾ ਹੈ,
ਪਰ ਅੰਦਰੋਂ ਪ੍ਰੇਸ਼ਾਨ ਬੜਾ ਹੈ।
ਕਿੱਧਰੇ ਉੱਠ ਮੈਂ ਤੁਰ ਪਿਆ ਵਾਂ,
ਤੇ ਓਹ ਪਾਸਾ ਸੁਨਸਾਨ ਬੜਾ ਹੈ।

ਕੁਝ ਤੇ ਹੋਊਗਾ ਸੱਚੀਂ ਕੋਲ ਮੇਰੇ,
ਮੈਂ ਨਹੀਂ ਕਹਿੰਦਾ ਗੁਣਵਾਨ ਬੜਾ ਹੈ।

ਹਰ ਕਿਸੇ ਨਾਲ ਤੇ ਖੁੱਲ੍ਹਦਾ ਹੀ ਨਹੀਂ,
ਕਿਸੇ ਨੂੰ ਤੇ ਲੱਗਦੈ ਰੁਝਾਨ ਬੜਾ ਹੈ।

ਮੁੜ ਗਿਆ ਪਿੱਛੇ ਕਿਸੇ ਵਜ੍ਹਾ ਤੋਂ,
ਐਦਾਂ ਨਹੀਂ ਕਿ ਗੁਮਾਨ ਬੜਾ ਹੈ।

ਦਿਖਣ ਨੂੰ ਭਾਵੇਂ ਹੁਣ ਕੁਝ ਵੀ ਲੱਗੇ,
ਮਾਮਲਾ-ਏ-ਦਿਲ ਨਾਦਾਨ ਬੜਾ ਹੈ।

ਫੜਫੜਾ ਰਿਹੈ ਦੀਵਾ ਕੋਈ ਫਿਰ ਤੋਂ,
ਆਉਣ ਵਾਲਾ ਕੋਈ ਤੂਫ਼ਾਨ ਬੜਾ ਹੈ।

ਕਸ਼ਮਕਸ਼ ਤੇ ਡੂੰਘੀ ਹੋਰ ਹੋ ਗਈ ਐ,
ਸੁਲਝਾਵੇ ਜੋ ਬਿਰਹਾ ਸੁਲਤਾਨ ਬੜਾ ਹੈ।

ਨੂਰਕਮਲ ਮਨ ਦੀ ਸਮਝ ਨਾ ਆਵੇ,
ਇਹ ਵੀ ਤਾਂ ਖੁਦ ਤੇ ਹੈਰਾਨ ਬੜਾ ਹੈ।

**ਲਿਖਤ : ਨੂਰਕਮਲ**

## ਬਾਪੂ

ਤੁਰਨਾਂ ਕਿਥੇ ਆਉਂਦਾ ਸੀ,
ਉਂਗਲ ਫੜ ਸਿਖਾ ਗਿਆ ਬਾਪੂ,
ਟੇਡੇ ਮੇਢੇ ਰਾਹਾਂ ਵਿੱਚ ਦੀ
ਟੋਏ ਟਿੱਬੇ ਖਾਈਆਂ ਵਿੱਚ ਦੀ,
ਮੋਢੇ ਚੁੱਕ ਲੰਘਾਂ ਗਿਆ ਬਾਪੂ,
ਤਿਲਕਣ ਲੱਗਾ ਜਦ ਵੀ
ਆਪਣਾ ਰੰਗ ਦਿਖਾ ਗਿਆ ਬਾਪੂ,
ਮੋਢੇ ਕਹੀ, ਤੇ ਹੱਥ ਦਾਤਰੀ,
ਸੀਰੀ ਕਰਦਾ ਕਰਦਾ,
ਮੈਨੂੰ ਕਲਮ ਫੜਾ ਗਿਆ ਬਾਪੂ,
ਚੋਗ ਚੁਗੀਂਦਾ ਖਾਲੀ ਮੁੜਿਆ,
ਫਿਰ ਵੀ ਚੋਗਾ ਪਾ ਗਿਆ ਬਾਪੂ,
ਖੁਸ਼ੀਆਂ ਮੇਰੇ ਨਾਂ ਲਿਖਵਾ ਕੇ,
ਆਪਣਾ ਗਮ ਛੁਪਾ ਗਿਆ ਬਾਪੂ,
ਮੱਕਾ ਮਦੀਨਾ, ਹੱਠ ਕੀ ਜਾਣਾ,
ਮੋਢੇ ਚੱਕ ਦਿਖਾ ਗਿਆ ਬਾਪੂ,
ਠੱਗੀ, ਚੋਰੀ, ਝੂਠ ਨੀ ਚੰਗੇ,
ਸੱਚ ਦਾ ਪਾਠ ਪੜਾ ਗਿਆ ਬਾਪੂ।
ਹੱਕ ਕਿਸੇ ਦੇ ਖੋਹਣੇ ਨਹੀਓਂ,
ਆਪਣੇ ਲੈਣੇ, ਸਿਖਾਂ ਗਿਆ ਬਾਪੂ।
ਤੁਰ ਗਿਆ ਜੇ ,ਕਿਥੇ ਲੱਭਦਾ ਬਾਪੂ,
ਜੁੱਗ ਜੁੱਗ ਜੀਵੇ ਸਭ ਦਾ ਬਾਪੂ,
ਸਿਰ ਤੇ ਐਸ਼ ਕਰਾਂ ਗਿਆ ਬਾਪੂ,
ਮੰਗਣ ਜੋਗਾ ਦੱਸ ਕੀ ਰਹਿ ਗਿਆ,
ਸੱਚ ਦੇ ਰਾਹੇ ਪਾ ਗਿਆ ਬਾਪੂ।

**ਲਿਖਤ : ਕੁਲਦੀਪ ਸਿੰਘ ਰਾਮਨਗਰ**
**ਸੰਪਰਕ : 94179-90040**

## ਗ਼ਜ਼ਲ

ਹੱਕ ਨਿਆਂ ਦੀ ਜੰਗ ਲਈ ਕਿਉਂ,
ਸਾਂਝੀ ਬਾਂਗ ਨਹੀ ਬਣਦਾ
ਰਾਗ ਅਲਾਪੇਂ ਵਕਤੋਂ ਖੁੰਝਾ,
ਸੱਜਣ ਰਾਗ ਨਹੀ ਬਣਦਾ
ਸ਼ੇਰ ਦਹਾੜਨ ਕਦ ਆਟੇ ਦੇ,
'ਤੇ ਉਡ ਬਾਜ਼ ਕਦੋਂ ਝਪਟਣ
ਲਟਕਣ ਵਾਲਾ ਗਲ ਵਿਚ ਮਿੱਟੀ,
ਜ਼ਹਿਰੀ ਨਾਗ ਨਹੀਂ ਬਣਦਾ
ਜੁਮਲੇ ਛੱਡੇ ਗੱਪ ਗਪੌੜੀ,
ਭੰਡ-ਪਣਾ ਹੈ ਦੇਖੀ ਜਾਹ
ਲੋਕ ਦਿਖਾਵੈ, ਲੋਕ ਛਲਾਵੈ,
ਸੇਵਾ ਸਾਂਗ ਨਹੀਂ ਬਣਦਾ
ਕਲਮ ਨਹੀਂ ਹੈ ਕਾਨੀ ਕੱਚੀ,
ਕਵਿਤਾ ਨਾ, ਕੁਵਤਾ ਹੈ ਇਹ
ਤਖ਼ਤਾਂ ਦੇ ਸੁਣ ਤਾਬੇਦਾਰਾ,
ਸ਼ਬਦੀਂ ਬਾਗ ਨਹੀਂ ਬਣਦਾ
ਦੁੱਧ ਬਿਨਾਂ ਲੱਸੀ ਚਾਹੇਂ,
ਲੱਸੀ ਪੁਣ ਪੀਣੀ ਚਾਹੇਂ
ਰਿੜਕ ਦਹੀਂ ਲੱਸੀ ਬਣਦੀ ,
ਦੁੱਧੋਂ ਜਾਗ ਨਹੀਂ ਬਣਦਾ
ਬੁੱਤ ਤਰਾਸ਼ੇਂ ਘੜ ਘੜ ਪੱਥਰ,
ਫਿਰ ਕਹਿ ਭਗਵਾਨ ਝੁਕਾਵੇਂ
ਨਸ਼ਤਰ ਨਾਲ ਖਰੂੰਦੇ ਰੂਹਾਂ,
ਪੂਜਾ ਲਾਗ ਨਹੀਂ ਬਣਦਾ
ਇਸ਼ਕ ਮੁਰਾਦ ਖੁਦਾ ਦੀ "ਬਾਲੀ",
ਬਖਸ਼ਿਸ਼ ਹੈ ਇਹ ਤਾਂ ਰੱਬੀ
ਇਸ਼ਕ ਇਬਾਦਤ ਕੁਦਰਤ ਦੀ ਹੈ,
ਇਸ਼ਕੋਂ ਦਾਗ ਨਹੀਂ ਬਣਦਾ।

**ਬਲਜਿੰਦਰ ਸਿੰਘ " ਬਾਲੀ ਰੇਤਗੜ੍ਹ"**

## ਸ਼ਰੀਕਾ

ਜੇਕਰ ਰੋਟੀ ਨਾ ਖਾਵਾਂ ਸ਼ਰੀਕਾ ਅੰਦਰੋਂ ਖੁਸ਼ ਹੁੰਦਾ ਹੈ ਯਾਰੋ
ਰਿਸ਼ਤੇਦਾਰਾਂ ਵਿੱਚ ਵੀ ਮਿਠੀ ਮਿਠੀ ਭੰਡੀ ਕਰਦਾ ਹੈ ਯਾਰੋ।
ਇੱਜ਼ਤ ਦੀ ਰੋਟੀ ਖਾਂਦੇ ਨੂੰ ਕਿਉਂ ਸ਼ਰੀਕਾ ਜਰਦਾ ਨਹੀਂ ਯਾਰੋ
ਸਾਰੇ ਇਹੋ ਸੋਚਣ ਘਰ ਦਾ ਮੋਢੀ ਕਿਉਂ ਮਰਦਾ ਨਹੀਂ ਯਾਰੋ।
ਹੱਸ ਕੇ ਵਹੁਟੀ ਨਾਲ ਗੱਲ ਕਰ ਲਵਾ ਕਿਤੇ ਦੋ ਚਾਰ ਮਿੰਟ ਮੈਂ ਯਾਰੋ,
ਕੰਧਾਂ ਦੀਆਂ ਵਿਰਲਾਂ ਵਿਚੋਂ ਘੰਟਾ ਘੰਟਾ ਸ਼ਰੀਕਾ ਗੱਲਾਂ ਸੁਣਦਾ ਹੈ ਯਾਰੋ।
ਜੇਕਰ ਬੱਚਿਆਂ ਲਈ ਕੁਝ ਨਵੀਂ ਚੀਜ਼ ਖਰੀਦ ਲਿਆਵਾਂ ਬਜਾਰੋਂ,
ਕੱਪੜੇ ਸੁੱਕਣੇ ਪਾਉਣ ਦੇ ਬਹਾਨੇ ਸ਼ਰੀਕਾ ਛੱਤ ਤੇ ਚੜ੍ਹਦਾ ਹੈ ਯਾਰੋ।
ਕਿਤੇ ਘਰਦਿਆਂ ਨਾਲ ਤੂੰ-ਤੂੰ ਮੈਂ-ਮੈਂ ਕਿਸੇ ਗੱਲ ਤੇ ਹੋ ਜਾਵੇ ਯਾਰੋ
ਕਿਸੇ ਨਾ ਕਿਸੇ ਬਹਾਨੇ ਸ਼ਰੀਕਾ ਘਰ ਦੇ ਵਿਹੜੇ ਵੜਦਾ ਹੈ ਯਾਰੋ।
ਮੇਰੇ ਨਾਲ ਦੇ ਜੰਮੇ ਹੋਏ ਭਰਾਵਾਂ ਦੀ ਮੈਂ ਸਦਾ ਸੁੱਖ ਮੰਗਦਾ ਹਾਂ ਯਾਰੋ
ਸੋ ਬਣ ਸ਼ਰੀਕਾ ਆਪਣੇ ਭਰਾ ਦੇ ਘਰ ਦੀ ਰਾਖੀ ਕਰਦਾ ਹੈ ਯਾਰੋ।
ਕਿਤੇ ਪਰਮਾਤਮਾ ਮਿਲ ਜਾਵੇ ਮੈਨੂੰ ਏਸ ਜਹਾਨ ਉੱਤੇ ਯਾਰੋ,
ਪੁੱਛਾਂ, ਕਿਉਂ ਇੱਕੋ ਕੁੱਖ ਦੇ ਜੰਮੇ ਹੋਇਆਂ ਵਿਚ ਸ਼ਰੀਕਾ ਬਣਦਾ ਹੈ ਯਾਰੋ ।

**ਜਸਪਾਲ ਸਿੰਘ ਮਹਿਰੋਕ, ਮੋਬਾਈਲ 6284347188**

## ਜਿਉਂਦਾ ਬੁੱਲ੍ਹਾ

ਇਥੇ ਸ਼ੀਸ਼ਾਂ ਵਿਚੋਂ ਝਾਕਣ ਬੰਦ ਦਰਵਾਜ਼ੇ ਦੇ
ਸੱਜਣਾ ਪੁੱਛਦਾ ਨਾ ਕੋਈ ਹਾਲ ਦਰਾਂ ਦੇ ਖੁੱਲ੍ਹੇ ਤੋਂ
ਤਕਨੀਕੀ ਯੁੱਗ ਆ ਵੜ ਗਿਆ ਵਿੱਚ ਜੀ ਢਾਂਚੇ ਦੇ
ਕੌਣ ਲੈਂਦੇ ਦੱਸ ਸਲਾਹਾਂ ਬਾਬੇ ਬੁੱਲੇ ਤੋਂ
ਵੀਹ ਜਾਣਿਆਂ ਦਾ ਟੱਬਰ ਜੀਹਤੋਂ ਪਲਦਾ ਸੀ
ਸਾਰਾ ਦਿਨ ਜੋ ਵਿੱਚ ਝੋਕਿਆਂ ਸੜਦਾ ਸੀ
ਕਦ ਪੁੱਛਿਐ ਦੱਸ ਦਿਓ ਹਾਲ ਕਿਸੇ ਨੇ ਚੁੱਲ੍ਹੇ ਤੋਂ
ਕਦੀ ਫਿਕਰ ਸੀ ਚਿੱਤਾਂ ਵਿੱਚ ਸਵਾਤਾਂ ਲਿੱਪਣ ਦਾ
ਹੁਣ ਸੀਮਿੰਟਾ ਹੱਕ ਖੋਹੇ ਚੀਕਣੇ ਟਿੱਲੇ ਤੋਂ
ਕਦੀ ਰਲਕੇ ਸਾਰਾ ਟੱਬਰ ਇੱਕ ਥਾਂ ਬਹਿੰਦਾ ਸੀ
ਤੇ ਇੱਕ ਦੂਜੇ ਤੋਂ ਰਾਇ ਮਸ਼ਵਰੇ ਲੈਂਦਾ ਸੀ
ਕਦੇ ਜੰਮਦਾ ਬੱਚਾ ਨਾਨੀ ਹਿੱਕ ਨਾਲ ਲਾਉਂਦੀ ਸੀ
'ਸਰਬ' ਹੁਣ ਵਿੱਚ ਮਸ਼ੀਨਾਂ ਰੋਵੇ ਅੱਖਾਂ ਖੁੱਲੇ ਤੋਂ
ਇਥੇ ਸ਼ੀਸ਼ਾਂ ਵਿਚੋਂ ਝਾਕਣ ਬੰਦ ਦਰਵਾਜ਼ੇ ਦੇ
ਸੱਜਣਾ ਪੁੱਛਦਾ ਨਾ ਕੋਈ ਹਾਲ ਦਰਾਂ ਦੇ ਖੁੱਲ੍ਹੇ ਤੋਂ

**ਲਿਖਤ : ਡਾ. ਸਰਬਜੀਤ ਕੌਰ ਬਰਾੜ ਮੋਗਾ**

## ਉਡੀਕ

ਪੁੱਤ ਜਦੋਂ ਪ੍ਰਦੇਸੀਂ ਤੁਰਦੇ ਕਿਉਂ ਮਾਵਾਂ ਨੇ ਡੋਲਦੀਆਂ
ਮੁੱਖ ਤੋਂ ਕੁੱਝ ਨਾ ਬੋਲ ਸਕਦੀਆਂ ਅੱਖੀਓਂ ਅੱਥਰੂ ਡੋਲ੍ਹਦੀਆਂ ।

ਕੁੱਖੋਂ ਜਾਇਆ ਕਦੇ ਨਾ ਕਰਦੀ ਮੈਂ ਅੱਖਾਂ ਤੋਂ ਦੂਰ ਪੁੱਤਾ
ਕਰਜ਼ੇ ਦੀ ਪੰਡ ਭਾਰੀ ਸਿਰ ਤੇ ਜੇ ਨਾ ਕਰਦੀ ਮਜਬੂਰ ਪੁੱਤਾ ।

ਬਾਪੂ ਤੇਰੇ ਨੇ ਮੰਜਾ ਮੱਲਿਆ ਪਿੰਜਰ ਬਣਕੇ ਰਹਿ ਗਿਆ ਵੇ
ਨਾ-ਮੁਰਾਦ ਬਿਮਾਰੀ ਦੇ ਨਾਲ ਗੂੜ੍ਹਾ ਰਿਸ਼ਤਾ ਪੈ ਗਿਆ ਵੇ ।

ਕਿਵੇਂ ਲੁਕਾਵਾਂ ਭੈਣ ਤੇਰੀ ਨੂੰ ਕੋਠੇ ਜਿੱਡੀ ਹੋਈ ਵੇ
ਭੁੱਖੀਆਂ ਅੱਖਾਂ ਚਾਰ-ਚੁਫੇਰੇ ਕਿਤੇ ਨਾ ਮਿਲਦੀ ਢੋਈ ਵੇ ।

ਨਸ਼ਿਆ ਦੇ ਦਰਿਆ ਦੀ ਪੁੱਤਰਾ ਨਾਲ ਪੰਜਾਬ ਦੇ ਯਾਰੀ ਐ
ਤੈਥੋਂ ਛੋਟਾ ਜਿਉਣ ਜੋਗਿਆ ਉਹਦੇ ਚ' ਲਾਉਂਦਾ ਤਾਰੀ ਐ ।

ਇਰਾਕ ਵਲੋਂ ਡਿਗਣ ਫਲੂਹੇ ਨੀਂਦ ਨਾ ਆਉਂਦੀ ਰਾਤਾਂ ਨੂੰ
ਕਦੋਂ ਬਨੇਰੇ ਕਾਂ ਆ ਬੋਲੇ ਕਰਾਂ ਉਡੀਕ ਪ੍ਰਭਾਤਾਂ ਨੂੰ ।

ਮਾੜੇ ਸੁਫ਼ਨੇ ਦਿਨੇ ਵੀ ਆਉਂਦੇ ਅੱਖੋਂ ਅੰਨੀ ਹੋਈ ਫਿਰਾਂ
ਝੋਲੀ ਅੱਡ ਅਰਦਾਸਾਂ ਕਰਦੀ ਨਾਲੇ ਝੱਲੀ ਹੋਈ ਫਿਰਾਂ ।

ਹੱਥ ਦੇਕੇ ਰੱਖੀਂ ਮਾਲਕਾ ਰੋਜ਼ੀ - ਰੋਟੀ ਦੇ ਮਾਰਿਆਂ ਨੂੰ
ਸਹੀ ਸਲਾਮਤ ਘਰ ਨੂੰ ਘੱਲੀਂ ਮਾਵਾਂ ਦੇ ਦੁਲਾਰਿਆਂ ਨੂੰ ।

ਸੁਣ ਲਈਂ "ਮੀਤ" ਪੁਕਾਰ ਦਾਤਿਆ ਰੱਖੀਂ ਨਜ਼ਰ ਸਵੱਲੀ ਤੂੰ
ਠੰਡ ਪਵੇ ਕਾਲਜੇ ਮਾਵਾਂ ਦੇ ਕੋਈ ਸੁੱਖ -ਸੁਨੇਹੇ ਘੱਲੀਂ ਤੂੰ ।

**ਲਿਖਤ : ਗੁਰਮੀਤ ਕੌਰ ਖੋਸਾ (ਸਰੀ)**



# ਸਿਹਤ ਸੰਸਾਰ

## ਲਾਲ ਮਿਰਚ ਰੋਕ ਸਕਦੀ ਹੈ ਹਾਰਟ ਅਟੈਕ !

ਇੱਕ ਨਵੀਂ ਖੋਜ ਮੁਤਾਬਕ ਇਹ ਗੱਲ ਦੇਖਣ ਨੂੰ ਮਿਲੀ ਹੈ ਕਿ ਸਿਰਫ 1 ਲਾਲ ਮਿਰਚ 'ਚ ਕੁੱਲ ਮਿਲਾ ਕੇ 90 ਹਜ਼ਾਰ ਸਕੋਵਿਲ ਯੂਨਿਟ ਪਾਏ ਜਾਂਦੇ ਹਨ ਜਿਸ ਦੀ ਵਰਤੋਂ ਕਰਨ ਨਾਲ 50 ਫੀਸਦੀ ਤੱਕ ਹਾਰਟ ਅਟੈਕਸ ਦੇ ਮਰੀਜ਼ ਦੀ ਜਾਨ ਬਚਾਈ ਜਾ ਸਕਦੀ ਹੈ। ਲਾਲ ਮਿਰਚ ਦੇ ਇਲਾਵਾ ਇਹ ਜ਼ਰੂਰੀ ਤੱਤ ਸਕਾਚ ਬਾਨੇਟਸ, ਥਾਈ ਚਾਈ, ਅਫਰੀਕਨ ਬਰਡ, ਹਬਬੇਰੋ, ਐੱਲ.ਪੀ.ਨੋ. ਵਰਗੀਆਂ ਮਿਰਚਾਂ 'ਚ ਵੀ ਪਾਏ ਜਾਂਦੇ ਹਨ। ਪਰ ਲਾਲ ਮਿਰਚ 'ਚ ਇਸ ਦੀ ਮਾਤਰਾ ਪ੍ਰਾਪਰ ਤਰੀਕੇ ਨਾਲ ਪਾਈ ਜਾਂਦੀ ਹੈ।



— ਹਾਰਟ ਅਟੈਕ ਦੇ ਇਲਾਵਾ ਲਾਲ ਮਿਰਚ ਕਈ ਤਰ੍ਹਾਂ ਦੀ ਸਕਿਨ ਐਲਰਜੀ 'ਚ ਵੀ ਫਾਇਦੇਮੰਦ ਹੈ।
— ਖਾਣੇ 'ਚ ਇਸ ਦੀ ਚੁਟਕੀ ਭਰ ਵਰਤੋਂ ਤੁਹਾਨੂੰ ਫਲੂ ਆਦਿ ਸਮੱਸਿਆਵਾਂ ਤੋਂ ਬਚਾ ਕੇ ਰੱਖਦਾ ਹੈ। ਸੀਮਿਤ ਮਾਤਰਾ 'ਚ ਇਸ ਦੀ ਵਰਤੋਂ ਤੁਹਾਨੂੰ ਦੰਦ ਪੇਟ ਦਰਦ ਵਰਗੀਆਂ ਸਮੱਸਿਆਵਾਂ ਤੋਂ ਵੀ ਬਚਾਉਂਦੀ ਹੈ।
— ਮਾਈਗ੍ਰੇਨ, ਅਰਥਰਾਈਟਿਸ ਅਤੇ ਬਾਡੀ ਦੀ ਐਕਸਟ੍ਰਾ ਫੈਟ ਨੂੰ ਦੂਰ ਕਰਨ 'ਚ ਵੀ ਲਾਲ ਮਿਰਚ ਫਾਇਦੇਮੰਦ ਹੈ।
— ਜਿਥੇ ਇਸ ਦੀ ਜ਼ਿਆਦਾ ਵਰਤੋਂ ਪੇਟ 'ਚ ਸੜਨ ਪੈਂਦਾ ਕਰਦਾ ਹੈ, ਉੱਧਰ ਲਿਮਿਟ 'ਚ ਰਹਿ ਕੇ ਇਸ ਦੀ ਵਰਤੋਂ ਕਰਨ ਨਾਲ ਗੈਸਟਿਕ ਸੰਬੰਧੀ ਪ੍ਰੇਸ਼ਾਨੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ।

## ਗੁਣਕਾਰੀ ਮੇਥੀ

ਦੇਸ਼ ਵਿੱਚ ਪਾਈਆਂ ਜਾਂਦੀਆਂ ਵੱਖ ਵੱਖ ਤਰ੍ਹਾਂ ਦੀਆਂ ਸਬਜ਼ੀਆਂ ਦੀ ਆਪਣੀ-ਆਪਣੀ ਪਛਾਣ ਹੈ। ਆਮ ਤੌਰ 'ਤੇ ਹਰੀਆਂ ਸਬਜ਼ੀਆਂ ਨੂੰ ਵਧੀਆ ਅਤੇ ਗੁਣਕਾਰੀ ਮੰਨਿਆ ਜਾਂਦਾ ਹੈ। ਹਰੇਕ ਹਰੀ ਸਬਜ਼ੀ ਆਮ ਕਰ ਕੇ ਸਰੀਰ 'ਚੋਂ ਰੋਗਾਂ ਨੂੰ ਦੂਰ ਕਰਦੀ ਹੈ। ਕਈ ਪ੍ਰਕਾਰ ਦੀਆਂ ਹਰੀਆਂ ਸਬਜ਼ੀਆਂ ਵਿੱਚ ਅੱਖਾਂ ਨੂੰ ਠੀਕ ਕਰਨ ਵਾਲਾ ਵਿਟਾਮਿਨ ਏ ਪਾਇਆ ਜਾਂਦਾ ਹੈ। ਇਨ੍ਹਾਂ 'ਚੋਂ ਇੱਕ ਹੈ ਮੇਥੀ ਜੋ ਹਰੇ ਪੱਤੇਦਾਰ ਵਾਲੀ ਹੁੰਦੀ ਹੈ। ਇਹ ਵੀ ਸਰੀਰ ਵਿੱਚੋਂ ਬੇ ਕੱਢਣ ਵਿੱਚ ਲਾਭਕਾਰੀ ਹੈ। ਆਮ ਤੌਰ 'ਤੇ ਇਹ ਬੇ ਸਾਡੇ ਜੋੜਾਂ ਨੂੰ ਤੰਘ ਕਰਦੀ ਹੈ। ਮੇਥੀ ਆਮ ਤੌਰ 'ਤੇ ਥੋੜੀ ਕੌੜੀ ਹੰਦੀ ਹੈ ਪਰ ਸਾਡੇ ਦੇਸ਼ ਦੇ ਲੋਕ ਕਿਸੇ ਵੀ ਸੁੱਕੀ ਸਬਜ਼ੀ ਵਿੱਚ ਆਲੂ ਦੀ ਵਰਤੋਂ ਕਰਨੋ ਨਹੀਂ ਹੱਟਦੇ। ਉਹ ਇਨ੍ਹਾਂ ਕੌੜੀਆਂ ਸਬਜ਼ੀਆਂ ਨੂੰ ਸਵਾਦ ਵਾਲਾ ਬਣਾਉਣ ਲਈ ਮਿੱਠੇ ਆਲੂ ਦੀ ਵਰਤੋਂ ਕਰਦੇ ਹਨ। ਆਮ ਤੌਰ ਆਲੂ ਵਿੱਚ ਕਈ ਤਰ੍ਹਾਂ ਦੇ ਗੁਣ ਪਾਏ ਜਾਂਦੇ ਹਨ ਪਰ ਹਰੇਕ ਸਬਜ਼ੀ ਵਿੱਚ ਇਸ ਦੀ ਵਰਤੋਂ ਨਹੀਂ ਕਰਨੀ ਚਾਹੀਦੀ। ਇਹ ਆਲੂ ਸਾਡੇ ਮੋਟਾਪੇ ਦੀ ਜੜ੍ਹ ਹੈ। ਕਿਉਂ ਨਾ ਹਰੀਆਂ ਸਬਜ਼ੀਆਂ ਦਾ ਉਨ੍ਹਾਂ ਦੇ ਸਵਾਦ ਅਤੇ ਗੁਣ ਅਨੁਸਾਰ ਲਾਭ ਪ੍ਰਾਪਤ ਕੀਤਾ ਜਾਵੇ।

ਹਰੀ ਪੱਤੇਦਾਰ ਮੇਥੀ ਵੀ ਸਿਹਤ ਲਈ ਲਾਭਕਾਰੀ ਹੈ ਪਰ ਨਾਲ ਹੀ ਇਸ ਦੇ ਬੀਜ਼ ਵੀ



ਕੁਝ ਘੱਟ ਨਹੀਂ ਹਨ, ਇਸਦੇ ਬੀਜ਼ਾਂ ਦੀ ਵਰਤੋਂ ਕਰਨੀ ਬਹੁਤ ਆਸਾਨ ਹੈ। ਆਮ ਕਰ ਕੇ ਇਸਦੀ ਵਰਤੋਂ ਸਾਡੇ ਘਰਾਂ ਦੀਆਂ ਰਸੋਈਆ ਵਿੱਚ ਸਬਜ਼ੀ ਬਣਾਉਣ ਦੇ ਲਈ ਕੀਤੀ ਜਾਂਦੀ ਹੈ ਪਰ ਸਬਜ਼ੀ ਤੋਂ ਬਿਨਾਂ ਵੀ ਇਸ ਦੀ ਵਰਤੋਂ ਕੀਤੀ ਜਾ ਸਕਦੀ ਹੈ। ਬਸ ਰਾਤ ਨੂੰ ਇੱਕ ਗਲਾਸ ਪਾਣੀ ਵਿੱਚ 1-2 ਚਮਚ ਮੇਥੀ ਦੇ ਬੀਜ਼ ਪਾ ਦਿਉ। ਸਵੇਰ ਵੇਲੇ ਉਠਣ ਸਾਰ ਖਾਲੀ ਪੇਟ ਮੇਥੀ ਵਾਲਾ ਪਾਣੀ ਪੀ ਜਾਓ ਅਤੇ ਹੋ ਸਕੇ ਤਾਂ ਮੇਥੀ ਦੇ ਬੀਜ਼ਾਂ ਨੂੰ ਹੱਥ ਨਾਲ ਮਸਲ ਕਿ ਖਾ ਜਾਓ ਜਾਂ ਮੇਥੀ ਦੇ 1-2 ਚਮਚ ਇੱਕ ਗਲਾਸ ਪਾਣੀ 'ਚ ਉਬਾਲ ਲਵੋ, ਜਦੋਂ ਪਾਣੀ ਅੱਧਾ ਰਹਿ ਜਾਵੇ ਤਾਂ ਪੁਣ ਕਿ ਚਾਹ ਵਾਂਗ ਹੌਲੀ-ਹੌਲੀ ਪਿਓ। ਜੇਕਰ ਇਹ ਪਾਣੀ ਕੌੜਾ ਲੱਗੇ ਤਾਂ ਇਸ ਵਿੱਚ ਸ਼ੱਕਰ ਜਾਂ ਖੰਡ ਮਿਲਾ ਲਵੋ। ਅਗਲਾ ਖਾਣ ਪੀਣ 30 ਤੋਂ 45 ਮਿੰਟਾਂ ਬਾਅਦ ਹੀ ਕਰੋ। ਇਸਦਾ ਇਸਤੇਮਾਲ ਅਸੀਂ ਹਰ ਰੋਜ਼ ਕਰ ਸਕਦੇ ਹਾਂ।

**ਲਾਭ :**

- ਇਸ ਦਾ ਸਭ ਤੋਂ ਵਧੀਆ ਲਾਭ ਸ਼ੂਗਰ ਦੇ ਰੋਗੀ ਪਾ ਸਕਦੇ ਹਨ। ਵਧੀ ਹੋਈ ਸ਼ੂਗਰ ਕੁਝ ਹੀ ਦਿਨਾਂ ਵਿੱਚ ਨਾਰਮਲ ਰਹਿਣੀ ਸ਼ੁਰੂ ਹੋ ਜਾਂਦੀ ਹੈ।
- ਮੋਟਾਪਾ ਬਹੁਤ ਤੇਜ਼ੀ ਨਾਲ ਘੱਟਦਾ ਹੈ।
- ਕੋਲੈਸਟਰੋਲ ਨੂੰ ਠੀਕ ਕਰ ਕੇ ਹਾਈ ਬਲੱਡ ਪ੍ਰੈਸ਼ਰ ਨੂੰ ਕੰਟਰੋਲ ਵਿੱਚ ਰੱਖਦੀ ਹੈ।
- ਪੇਟ ਠੀਕ ਤਰ੍ਹਾਂ ਨਾਲ ਸਾਫ ਹੋ ਜਾਂਦਾ ਹੈ।
- ਖੰਘ, ਜ਼ੁਕਾਮ ਅਤੇ ਦਮੇ ਲਈ ਲਾਭਕਾਰੀ ਹੈ।
- ਗੁਪਤ ਅੰਗਾਂ ਦੇ ਰੋਗਾਂ ਨੂੰ ਠੀਕ ਕਰਨ ਵਿੱਚ ਬਹੁਤ ਮਦਦ ਕਰਦੀ ਹੈ।
- ਕਬਜ਼ ਲਈ ਵਧੀਆ ਹੈ।
- ਗੈਸ ਅਤੇ ਤੇਜ਼ਾਬ ਨੂੰ ਠੀਕ ਕਰਦੀ ਹੈ।
- ਬੁਖਾਰ ਠੀਕ ਹੋ ਜਾਂਦਾ ਹੈ।
- ਮਾਸਪੇਸ਼ੀਆਂ ਲਈ ਵਧੀਆ ਹੈ।
- ਜਿਗਰ ਲਈ ਲਾਭਕਾਰੀ ਹੈ।
- ਚਮੜੀ ਲਈ ਵਧੀਆ ਹੈ।
- ਖਰਾਬ ਗਲੇ ਲਈ ਵਧੀਆ ਹੈ।

**ਇਸ਼ਟ ਪਾਲ ਵਿੱਕੀ**

## ਸਿਆਲ ਵਿੱਚ ਸਾਹ ਪ੍ਰਣਾਲੀ ਦੀਆਂ ਸਮੱਸਿਆਵਾਂ

**ਡਾ. ਮਨਜੀਤ ਸਿੰਘ ਬੱਲ**

ਕੁਦਰਤ ਦੁਆਰਾ ਮਨੁੱਖ ਨੂੰ ਬਖਸ਼ੀ ਹੋਈ ਸਾਹ-ਪ੍ਰਣਾਲੀ ਵਿਚ ਸਾਹ ਰੋਗ, ਦੋ (ਸੱਜੀ ਤੇ ਖੱਬੀ) ਮੁੱਖ ਸਾਹ ਨਾਲੀਆਂ ?ਅਤੇ ਦੋ ਫੇਫੜੇ ਆਉਂਦੇ ਹਨ। ਫੇਫੜਿਆਂ ਅੰਦਰ ਸਾਹ ਨਾਲੀਆਂ ਦੀਆਂ ਛੋਟੀਆਂ-ਛੋਟੀਆਂ ਸ਼ਾਖਾਵਾਂ ਹੁੰਦੀਆਂ ਹਨ, ਜੋ ਆਖਰ ਵਿਚ ਹਵਾ ਨਾਲੀਆਂ ਵਿਚ ਖੁੱਲ੍ਹਦੀਆਂ ਹਨ।

ਜਿਨ੍ਹਾਂ ਦੀ ਸਾਹ ਪ੍ਰਣਾਲੀ ਤੰਦਰੁਸਤ ਹੁੰਦੀ ਹੈ, ਉਨ੍ਹਾਂ ਨੂੰ ਪਤਾ ਹੀ ਨਹੀਂ ਲਗਦਾ ਕਿ ਕਿੰਨੀ ਵਾਰ ਸਾਹ ਅੰਦਰ ਖਿੱਚਿਆ ਹੈ ਤੇ ਕਿੰਨੀ ਵਾਰ ਬਾਹਰ ਕੱਢਿਆ ਹੈ। ਉਨ੍ਹਾਂ ਨੂੰ ਇਹ ਕਿਰਿਆ ਅਣਜਾਣੇ ਵਿਚ ਹੀ ਹੋ ਰਹੀ ਲਗਦੀ ਹੈ ਪਰ ਜਿਹੜੇ ਵਿਅਕਤੀ ਕਿਸੇ ਤਰ੍ਹਾਂ ਦੀ ਸਾਹ ਦੀ ਸਮੱਸਿਆ (ਜਿਵੇਂ ਦਮਾ, ਫੇਫੜਿਆਂ ਦੀ ਸੋਜ, ਟੀਬੀ, ਐਮਫੀਸੀਮਾ ਆਦਿ) ਝੱਲ ਰਹੇ ਹੁੰਦੇ ਹਨ, ਉਨ੍ਹਾਂ ਲਈ ਇੱਕ-ਇੱਕ ਸਾਹ ਭਾਰੂ ਹੁੰਦਾ ਹੈ। ਛਾਤੀ ਦੀਆਂ ਹੱਡੀਆਂ ਦੀਆਂ ਸੱਟਾਂ, ਦਿਲ ਦੇ ਦੌਰੇ ਅਤੇ ਸਮੇਂ ਤੋਂ ਪਹਿਲਾਂ ਨਵ-ਜੰਮੇ ਬੱਚਿਆਂ ਵਿਚ ਵੀ ਸਾਹ ਲੈਣਾ ਮੁਸ਼ਕਿਲ ਹੁੰਦਾ ਹੈ।



ਸਾਹ ਅੰਦਰ ਖਿੱਚਣ ਨਾਲ ਆਕਸੀਜਨ ਫੇਫੜਿਆਂ ਵਿਚ ਦਾਖਲ ਹੁੰਦੀ ਹੈ ਜਿੱਥੋਂ ਇਹ ਖੂਨ ਵਿਚ ਰਲ ਕੇ ਸਰੀਰ ਦੇ ਸੈੱਲਾਂ ?ਤੇ ਤੰਤੂਆਂ ਤੱਕ ਪੁਜਦੀ ਹੈ। ਖੂਨ ਵਿਚਲੀ ਕਾਰਬਨ-ਡਾਇਆਕਸਾਈਡ ਫੇਫੜਿਆਂ ਰਾਹੀਂ ਹੀ ਸਾਹ ਦੁਆਰਾ ਬਾਹਰ ਕੱਢੀ ਜਾਂਦੀ ਹੈ। ਗੈਸਾਂ ਦੀ ਇਸ ਅਦਲਾ-ਬਦਲੀ ਤੋਂ ਇਲਾਵਾ, ਸਾਹ ਰਾਹੀਂ ਸਰੀਰ ਦੇ ਕਈ ਹੋਰ ਫਾਲਤੂ ਪਦਾਰਥ ਬਾਹਰ ਕੱਢੇ ਜਾਂਦੇ ਹਨ। ਆਵਾਜ਼ ?ਪੈਦਾ ਕਰਨ ਲਈ ਹਵਾ ਵੀ ਸਾਹ ਪ੍ਰਣਾਲੀ ਹੀ ਉਪਲੱਬਧ ਕਰਵਾਉਂਦੀ ਹੈ।

ਅਸਲ 'ਚ ਸਾਹ ਪ੍ਰਣਾਲੀ ਨੱਕ ਤੋਂ ਹੀ ਸ਼ੁਰੂ ਹੋ ਜਾਂਦੀ ਹੈ। ਨੱਕ ਤੋਂ ਲੈ ਕੇ ਫੇਫੜਿਆਂ ਤੱਕ, ਪੂਰੇ ਸਿਸਟਮ ਨੂੰ ਕਈ ਤਰ੍ਹਾਂ ਦੇ ਰੋਗਾਣੂਆਂ, ਵਾਇਰਸਾਂ, ਧੂੰਏ ਅਤੇ ਦੂਸ਼ਿਤ ਗੈਸਾਂ ਦਾ ਸਾਹਮਣਾ ਕਰਨਾ ਪੈਂਦਾ ਹੈ, ਜੋ ਸਾਹ ਰਾਹੀਂ ਅੰਦਰ ਦਾਖਲ ਹੁੰਦੇ ਹਨ। ਸਾਹ ਦੀ ਸਮੱਸਿਆ ਪੁਰਾਣੀ ਹੋ ਜਾਵੇ ਜਾਂ ਬਲਗਮ ਵਿਚ ਖੂਨ ਆਉਣ ਲੱਗ ਪਏ ਤਾਂ ਬਿਨਾਂ ਕਿਸੇ ਦੇਰੀ ਦੇ ਮਾਹਿਰ ਡਾਕਟਰ ਕੋਲੋਂ ਜਾਂਚ ਕਰਵਾ ਕੇ ਇਲਾਜ ਕਰਵਾਉਣਾ ਚਾਹੀਦਾ ਹੈ।

ਜ਼ੁਕਾਮ: ਇਹ ਆਮ ਸਮੱਸਿਆ ਹੈ। ਸ਼ਾਇਦ ਹੀ ਕੋਈ ਅਜਿਹਾ ਵਿਅਕਤੀ ਹੋਵੇ, ਜਿਸ ਨੂੰ ਕਦੇ ਜ਼ੁਕਾਮ ਨਾ ਹੋਇਆ ਹੋਵੇ। ਭਾਵੇਂ ਇਸ ਨੂੰ ਕਾਮਨ ਕੋਡਲ ਕਹਿੰਦੇ ਹਨ, ਫਿਰ ਵੀ ਇਹ ਸਰਦੀਆਂ ਤੇ ਗਰਮੀਆਂ, ਦੋਵਾਂ ਮੌਸਮਾਂ ਵਿੱਚ ਹੋ ਜਾਂਦਾ ਹੈ। ਸਾਹ ਪ੍ਰਣਾਲੀ ਦੇ ਉਪਰਲੇ ਹਿੱਸੇ (ਨੱਕ ਅਤੇ ਪੈਰਾ ਨੇਜ਼ਲ ਸਾਇਨਸਜ਼) ਦੀ ਕਈ ਤਰ੍ਹਾਂ ਦੇ ਵਾਇਰਸਾਂ ਦੀ ਇਨਫੈਕਸ਼ਨ ਜਾਂ ਅਲਰਜੀ ਨਾਲ ਹੁੰਦਾ ਹੈ। ਇਸ ਨਾਲ ਨੱਕ 'ਚੋਂ ਪਾਣੀ ਵਗਦਾ ਹੈ, ਛਿੱਕਾਂ ਆਉਂਦੀਆਂ ਹਨ, ਗਲਾ (ਸੰਘ) ਦਰਦ ਕਰਦਾ ਹੈ, ਥਕਾਵਟ, ਪੱਠਿਆਂ 'ਚ ਦਰਦ, ਸਿਰ ਦਰਦ ਤੇ ਕਈ ਵਾਰ ਬੁਖਾਰ ਵੀ ਹੋ ਜਾਂਦਾ ਹੈ।

ਜੇਕਰ ਜ਼ਿਆਦਾ ਤੇਜ਼ ਬੁਖਾਰ ਚੜ੍ਹ ਜਾਵੇ ਤੇ 48 ਤੋਂ 72 ਘੰਟਿਆਂ ਵਿੱਚ ਵੀ ਨਾ ਲੱਥੇ ਤਾਂ ਅਣਗਹਿਲੀ ਨਹੀਂ ਕਰਨੀ ਚਾਹੀਦੀ।

ਸਾਹ ਨਾਲੀਆਂ ਦੀ ਸੋਜ਼: ਸਾਹ ਰੋਗ ਦੀ ਸੋਜ਼ ਨੂੰ ਟ੍ਰੈਕਾਈਟਸ ਅਤੇ ਸਾਹ ਨਾਲੀਆਂ ਦੀ ਸੋਜ਼ ਨੂੰ ਬਰੌਂਕਾਇਟਿਸ ਕਿਹਾ ਜਾਂਦਾ ਹੈ। ਇਨ੍ਹਾਂ ਦੀ ਸੋਜ਼ ਨਾਲ ਲੇਸਦਾਰ ਪਦਾਰਥ ਦੀ ਪੈਦਾਵਾਰ ਵੱਧ ਜਾਂਦੀ ਹੈ, ਜੋ ਬਲਗਮ ਬਣ ਕੇ ਖੰਘ ਨਾਲ ਬਾਹਰ ਆਉਂਦੀ ਹੈ। ਇਹ ਸੋਜ਼, ਥੋੜ੍ਹ-ਚਿਰੀ ਜਾਂ ਇਕਦਮ ਪੈਦਾ ਹੋਈ ਹੋ ਸਕਦੀ ਹੈ ਤੇ ਜਾਂ ਲੰਮੇ ਸਮੇਂ ਦੀ ਹੋ ਸਕਦੀ ਹੈ। ਥੋੜ੍ਹ-ਚਿਰੀ ਸੋਜ਼, ਜ਼ਹਿਰੀਲੀਆਂ ਗੈਸਾਂ, ਬੈਕਟੀਰੀਆ ਜਾਂ ਵਾਇਰਸ ਦੀ ਇਨਫੈਕਸ਼ਨ ਜਾਂ ਨਵੀਂ-ਨਵੀਂ ਸ਼ੁਰੂ ਕੀਤੀ ਗਈ ਸਿਗਰਟ-ਨੋਸ਼ੀ ਕਾਰਨ ਹੁੰਦੀ ਹੈ। ਜੇਕਰ ਸਾਹ ਨਾਲੀਆਂ ਦੀ ਸੋਜ਼ ਲਗਾਤਾਰ ਦੋ ਸਾਲਾਂ ਵਿੱਚ ਕਈ ਮਹੀਨੇ ਰਹੇ ਤਾਂ ਇਸ ਨੂੰ ਲੰਮੇ ਸਮੇਂ ਦੀ ਸਾਹ ਨਾਲੀਆਂ ਦੀ ਸੋਜ਼ (ਕਰੋਨਿਕ ਬਰੌਂਕਾਇਟਿਸ) ਕਿਹਾ ਜਾਂਦਾ ਹੈ। ਇਸ ਨਾਲ ਛੋਟੇ-ਛੋਟੇ ਤੇ ਤੇਜ਼ ਸਾਹ ਆਉਂਦੇ ਹਨ। ਬਿਮਾਰੀ ਕਈ ਸਾਲ ਪੁਰਾਣੀ ਹੋ ਜਾਵੇ ਤਾਂ ਪਹਿਲਾਂ ਫੇਫੜੇ ਤੇ ਬਾਅਦ ਵਿਚ ਦਿਲ ਫੇਲ੍ਹ ਹੋ ਜਾਂਦਾ ਹੈ ਕਿਉਂਕਿ ਖ਼ੂਨ ਦਾ ਦੌਰਾ, ਦਿਲ ਦੇ ਫੇਫੜਿਆਂ ਦੇ ਵਿਚੋਂ ਦੀ ਹੁੰਦਾ ਹੈ। ਸੋਜ਼ ਕਾਰਨ ਸਾਹ ਨਾਲੀਆਂ ਤੰਗ ਹੋ ਜਾਂਦੀਆਂ ਹਨ, ਸੋ ਸਾਹ ਅੰਦਰ ਖਿੱਚਣ ਵਿੱਚ ਬੜੀ ਤੰਗੀ ਹੁੰਦੀ ਹੈ ਤੇ ਸਾਹ ਨਾਲ ਸੀਟੀਆਂ ਵੱਜਦੀਆਂ ਹਨ। ਇਸ ਨਾਲ ਦਮਾ ਜਾਂ ਨਿਮੋਨੀਆ ਵੀ ਉਤਪੰਨ ਹੋ ਸਕਦਾ ਹੈ।

ਇਲਾਜ ਨਾਲੋਂ ਪਰਹੇਜ਼ ਚੰਗਾ ਹੈ। ਸਿਗਰਿਟ-ਨੋਸ਼ੀ ਤੋਂ ਦੂਰ ਹੀ ਰਿਹਾ ਜਾਵੇ ਤਾਂ ਸਭ ਤੋਂ ਬਿਹਤਰ ਹੈ। ਕਿਸੇ ਹੋਰ ਗੱਲ ਕਰ ਕੇ ਬਰੌਂਕਾਇਟਿਸ ਹੋਇਆ ਹੋਵੇ ਤਾਂ ਸਾਹ ਨਾਲੀਆਂ ਨੂੰ ਖੋਲ੍ਹਣ ਵਾਲੀਆਂ ਦਵਾਈਆਂ ਬਰਾਂਕੋ ਡਾਇਲੇਟਰ, ਸੰਘਣੇ ਲੇਸਦਾਰ ਪਦਾਰਥ ਨੂੰ ਪਤਲਾ ਕਰਨ ਵਾਲੀਆਂ (ਮਿਉਕੋਲਿਟਿਕ) ਅਤੇ ਜਰਮ ਨੂੰ ਮਾਰਨ ਵਾਲੀਆਂ (ਐਂਟੀਬਾਇਓਟਿਕਸ) ਦਵਾਈਆਂ ਦਾ ਪ੍ਰਯੋਗ ਕਰਨਾ ਪੈਂਦਾ ਹੈ। ਗਰਮ ਪਾਣੀ ਦੀ ਭਾਫ਼ ਲੈਣਾ ਵੀ ਲਾਹੇਵੰਦ ਰਹਿੰਦਾ ਹੈ।

ਨਿਮੋਨੀਆ: ਇਹ ਫੇਫੜਿਆਂ ਦੀ ਇਨਫੈਕਸ਼ਨ ਹੁੰਦੀ ਹੈ, ਜਿਸ ਨਾਲ ਖੰਘ, ਬਲਗਮ, ਤੇਜ਼ ਬੁਖਾਰ, ਕਾਂਬਾ, ਛਾਤੀ ਵਿਚ ਦਰਦ ਆਦਿ ਹੁੰਦਾ ਹੈ ਤੇ ਛੋਟੇ-ਛੋਟੇ, ਤੇਜ਼ ਸਾਹ ਆਉਂਦੇ ਹਨ। ਵੱਡਿਆਂ ਵਿਚ ਇਹ ਕਈ ਤਰ੍ਹਾਂ ਦੇ ਜਰਮ ਤੇ ਉੱਲੀਆਂ ਦੀ ਇਨਫੈਕਸ਼ਨ ਨਾਲ ਹੁੰਦਾ ਹੈ, ਜਦਕਿ ਬੱਚਿਆਂ ਵਿਚ ਆਮ ਕਰ ਕੇ ਵਾਇਰਸ ਕਾਰਨ। ਸਰੀਰ ਦੇ ਦੁਸ਼ਮਣ ਬੈਕਟੀਰੀਆ, ਫੇਫੜਿਆਂ ਦੀਆਂ ਹਵਾ ਥੈਲੀਆਂ ਵਿਚ ਬੈਠ ਜਾਂਦੇ ਹਨ, ਜਿੱਥੇ ਗੈਸਾਂ ਦੀ ਅਦਲਾ-ਬਦਲੀ ਹੁੰਦੀ ਹੈ। ਇਥੇ ਇਹ ਜਰਮ ਗਿਣਤੀ ਵਿਚ ਵਧਦੇ ਹਨ, ਇਨ੍ਹਾਂ ਨੂੰ ਰੋਕਣ ਲਈ ਖ਼ੂਨ ਦੇ ਚਿੱਟੇ ਸੈੱਲ (ਜੋ ਇਮਿਊਨ ਸਿਸਟਮ ਦਾ ਹਿੱਸਾ ਹਨ) ਤੇ ਤਰਲ ਜਮ੍ਹਾਂ ਹੋ ਜਾਂਦੇ ਹਨ ਜਿਸ ਨਾਲ ਪ੍ਰੋਟੀਨਜ਼ ਦੇ ਜੰਮ ਜਾਣ ਕਰ ਕੇ ਅਸਰ-ਅਧੀਨ ਫੇਫੜਾ ਜਾਂ ਇਸ ਦਾ ਕੁਝ ਹਿੱਸਾ, ਸਪੰਜ ਦੀ ਬਜਾਏ ਠੋਸ ਬਣ ਜਾਂਦਾ ਹੈ ਤੇ ਗੈਸਾਂ ਦੀ ਅਦਲਾ-ਬਦਲੀ ਵਿਚ ਰੁਕਾਵਟ ਆ ਜਾਂਦੀ ਹੈ। ਸੋ ਤੇਜ਼ ਬੁਖਾਰ, ਕਾਂਬਾ, ਛਾਤੀ ਵਿਚ ਦਰਦ, ਖੰਘ (ਪਹਿਲਾਂ ਸੁੱਕੀ ਤੇ ਬਾਅਦ ਵਿਚ ਬਲਗਮ ਵਾਲੀ) ਆਉਣ ਲੱਗਦੀ ਹੈ। ਟੂਟੀਆਂ (ਸਟੈਥੋਸ-ਕੋਪ) ਲਗਾ ਕੇ ਦੇਖਿਆ ਜਾਵੇ ਤਾਂ ਡਾਕਟਰ ਨੂੰ ਪਤਾ ਲੱਗ ਜਾਂਦਾ ਹੈ ਕਿ ਨਿਮੋਨੀਆ ਹੈ ਪਰ ਐਕਸ-ਰੇ, ਖ਼ੂਨ ਤੇ ਬਲਗਮ ਟੈਸਟ ਤੋਂ ਪੱਕਾ ਪਤਾ ਲੱਗਦਾ ਹੈ ਕਿ ਕਿਸ ਕਿਸਮ ਦੇ ਬੈਕਟੀਰੀਆ ਕਾਰਨ ਨਿਮੋਨੀਆ ਹੋਇਆ ਹੈ। ਪੂਰੀ ਜਾਂਚ ਤੋਂ ਬਾਅਦ, ਨਿਮੋਨੀਏ ਦਾ ਇਲਾਜ ਕਿਸੇ ਮਾਹਿਰ ਡਾਕਟਰ ਕੋਲੋਂ ਕਰਵਾਉਣਾ ਚਾਹੀਦਾ ਹੈ ਤੇ ਨੀਮ-ਹਕੀਮਾਂ ਤੋਂ ਬਚਣਾ ਚਾਹੀਦਾ ਹੈ।

ਹਵਾ ਥੈਲੀਆਂ ਦਾ ਫੁੱਲ ਜਾਣਾ: ਇਸ ਨੂੰ ਐਮਫੀਸੀਮਾ ਕਿਹਾ ਜਾਂਦਾ ਹੈ। ਲੰਮੇ ਸਮੇਂ ਦੀ ਫੇਫੜਿਆਂ ਦੀ ਬਿਮਾਰੀ ਕਾਰਨ ਹਵਾ ਥੈਲੀਆਂ, ਲੋੜ ਤੋਂ ਵੱਧ ਫੁੱਲ ਜਾਣ ਤਾਂ ਇਹ ਛੋਟੇ-ਛੋਟੇ ਗੁਬਾਰਿਆਂ ਵਾਂਗ ਲੱਗਦੀਆਂ ਹਨ। ਇਨ੍ਹਾਂ ਨੂੰ ਬੁੱਲ੍ਹੇ ਕਿਹਾ ਜਾਂਦਾ ਹੈ। ਬੈਂਡ ਵਿਚ ਵੱਡੇ ਵਾਜੇ ਅਤੇ ਲੰਮਾ ਸਮਾਂ ਜ਼ੋਰ ਨਾਲ ਅਲਗੋਜ਼ੇ ਵਜਾਉਣ ਵਾਲਿਆਂ ਵਿਚ ਵੀ ਹਵਾ ਥੈਲੀਆਂ ਲੋੜ ਤੋਂ ਵੱਧ ਫੁੱਲ ਜਾਂਦੀਆਂ ਹਨ ਤੇ ਬੁੱਲ੍ਹੇ ਬਣ ਜਾਂਦੇ ਹਨ। ਅਜਿਹੇ ਵਿਅਕਤੀਆਂ ਨੂੰ ਹਮੇਸ਼ਾ ਸਾਹ ਚੜ੍ਹਿਆ ਰਹਿੰਦਾ ਹੈ। ਆਮ ਕਰ ਕੇ ਇਹ ਬਜ਼ੁਰਗ ਉਮਰ ਦੇ ਹੁੰਦੇ ਹਨ ਜਾਂ ਕਈ ਸਾਲਾਂ ਤੋਂ ਸਿਗਰਟ-ਨੋਸ਼ੀ ਕਰ ਰਹੇ ਹੁੰਦੇ ਹਨ।

ਐਮਫੀਸੀਮਾ ਇਕ ਗੰਭੀਰ ਰੋਗ ਹੈ ਜੋ ਫੇਫੜਿਆਂ ਨੂੰ ਨਾ-ਠੀਕ ਹੋਣ ਵਾਲਾ ਨੁਕਸਾਨ ਪਹੁੰਚਾਉਂਦਾ ਹੈ ਤੇ ਬਾਅਦ ਵਿਚ ਦਿਲ ਵੀ ਫੇਲ੍ਹ ਹੋ ਜਾਂਦਾ ਹੈ।

ਟੀਬੀ ਦਾ ਪੂਰਾ ਨਾਮ ਟਿਊਬਰਕਿਊਲੋਸਿਸ ਹੈ, ਇਹ ਸਰੀਰ ਦੇ ਕਿਸੇ ਵੀ ਅੰਗ ਵਿਚ ਹੋ ਸਕਦੀ ਹੈ ਪਰ ਆਮ ਕਰ ਕੇ ਫੇਫੜਿਆਂ ਤੋਂ ਸ਼ੁਰੂ ਹੁੰਦੀ ਹੈ। ਇਹ ਇਕ ਲੰਮੇ ਸਮੇਂ ਦਾ ਰੋਗ ਹੈ, ਜੋ ਇਕ ਤੋਂ ਦੂਜੇ ਵਿਅਕਤੀ ਨੂੰ, ਛੂਤ ਰਾਹੀਂ ਹੁੰਦਾ ਹੈ। ਇਸ ਦੇ ਰੋਗਾਣੂ ਨੂੰ ਟਿਊਬਰਕਲ ਬੈਸੀਲਸ ਆਖਦੇ ਹਨ। ਉਂਜ ਭਾਵੇਂ ਟੀ.ਬੀ. ਕਿਸੇ ਨੂੰ ਵੀ ਹੋ ਸਕਦੀ ਹੈ ਪਰ ਕੁਝ ਲੋਕਾਂ ਨੂੰ ਇਸ ਦਾ ਵਧੇਰੇ ਖਤਰਾ ਰਹਿੰਦਾ ਹੈ- ਜਿਵੇਂ ਸ਼ੂਗਰ-ਰੋਗੀ, ਸ਼ਰਾਬੀ ਤੇ ਹੋਰ ਨਸ਼ੇ ਕਰਨ ਵਾਲੇ ਅਮਲੀ, ਕਮਜ਼ੋਰ ਵਿਅਕਤੀ ਤੇ ਐਚ.ਆਈ.ਵੀ. (ਏਡਜ਼) ਪਾਜ਼ਿਟਿਵ ਵਿਅਕਤੀ। ਕਈ ਵਾਰ ਇੰਜ ਵੀ ਹੁੰਦਾ ਹੈ ਕਿ ਟੀਬੀ ਤਾਂ ਹੁੰਦੀ ਹੈ ਪਰ ਕਾਫੀ ਦੇਰ ਲੱਛਣ ਨਹੀਂ ਦਿਸਦੇ। ਫੇਫੜਿਆਂ ਦੀ ਟੀ.ਬੀ. ਹੋਵੇ ਤਾਂ ਖੰਘ, ਬਲਗਮ, ਛਾਤੀ ਵਿਚ ਦਰਦ, ਹਲਕਾ-ਹਲਕਾ ਤਾਪ (ਜੋ ਆਮ ਕਰ ਕੇ ਤਰਕਾਲਾਂ ਨੂੰ ਚੜ੍ਹਦਾ ਹੈ, ਭਾਰ ਦਾ ਘਟਣਾ, ਥਕਾਵਟ, ਰਾਤ ਨੂੰ ਤਰੇਲੀਆਂ ਆਦਿ ਲੱਛਣ ਹੁੰਦੇ ਹਨ। ਇਸੇ ਤਰ੍ਹਾਂ ਦੀਆਂ ਸ਼ਿਕਾਇਤਾਂ ਫੇਫੜਿਆਂ ਦੇ ਕਈ ਹੋਰ ਰੋਗਾਂ ਵਿਚ ਵੀ ਹੁੰਦੀਆਂ ਹਨ। ਸਿਆਣੇ ਮਾਹਿਰ ਡਾਕਟਰ, ਵਿਸਤ੍ਰਿਤ ਮੁਆਇਨੇ ਤੇ ਵੱਖ-ਵੱਖ ਟੈਸਟ ਕਰਵਾ ਕੇ ਪੂਰਾ ਪਤਾ ਲਗਾ ਸਕਦੇ ਹਨ।

ਦਮਾ ਜਾਂ ਅਸਥਮਾ ਇਕ ਆਮ ਰੋਗ ਹੈ। ਇਹ ਇਕ ਅਲਰਜੀ ਵਾਲੀ ਸਮੱਸਿਆ ਹੈ ਜਿਸ ਵਿਚ ਸਾਹ-ਨਾਲੀਆਂ ਤੰਗ ਹੋ ਜਾਂਦੀਆਂ ਹਨ ਤੇ ਦੌਰੇ ਵੇਲੇ ਤਾਂ ਬੰਦ ਹੀ ਹੋ ਜਾਂਦੀਆਂ ਹਨ। ਇਹ ਰੁਕਾਵਟ, ਦਵਾਈ ਨਾਲ ਜਾਂ ਮਾੜੇ-ਮੋਟੇ ਦੌਰੇ ਤੋਂ ਬਾਅਦ ਖੁਦ-ਬ-ਖੁਦ ਖੁੱਲ੍ਹ ਜਾਂਦੀ ਹੈ। ਠੰਢ, ਕਣਕਾਂ ਦੀ ਗਹਾਈ, ਤੂੜੀ ਤੇ ਹੋਰ ਕੱਖ-ਕਾਨ ਵਾਲੇ ਦਿਨਾਂ, ਹਨੇਰੀਆਂ ਵਾਲੇ ਮੌਸਮ ਜਾਂ ਦੀਵਾਲੀ ਦੇ ਆਸ-ਪਾਸ ਵਾਲੇ ਪਟਾਕਿਆਂ ਦੇ ਪ੍ਰਦੂਸ਼ਣ ਦੌਰਾਨ, ਦਮੇ ਦੇ ਮਰੀਜ਼ਾਂ ਦੀ ਸ਼ਾਮਤ ਆਈ ਰਹਿੰਦੀ ਹੈ। ਸਾਹ ਦੀ ਤਕਲੀਫ ਦੌਰਿਆਂ ਵਾਂਗ ਆਉਂਦੀ ਹੈ, ਸਾਹ ਲੈਣ ਵਿਚ ਬਹੁਤ ਮੁਸ਼ਕਿਲ ਆਉਂਦੀ ਹੈ, ਸਾਹ ਨਾਲ ਸੀਟੀਆਂ ਵੱਜਦੀਆਂ ਹਨ, ਲੈਸਦਾਰ ਪਦਾਰਥ ਕਾਫੀ ਮਾਤਰਾ ਵਿਚ ਪੈਦਾ ਹੁੰਦਾ ਹੈ, ਜੋ ਝੱਗ ਵਾਲੀ ਬਲਗਮ ਦੇ ਰੂਪ ਵਿਚ ਨਿਕਲਦਾ ਹੈ। ਕੜਾਕੇ ਵਾਲੀ ਠੰਢ, ਮਾਹੌਲ ਦੇ ਪ੍ਰਦੂਸ਼ਣ, ਬੈਕਟੀਰੀਆ, ਵਰਜਿਸ, ਜਜ਼ਬਾਤੀ ਹੋਣਾ ਆਦਿ ਦਮੇ ਦੇ ਦੌਰੇ ਨੂੰ ਜਨਮ ਦਿੰਦੇ ਹਨ। ਦਮੇ ਦੇ ਰੋਗੀ ਬਾਲਗਾਂ 'ਚੋਂ 50% ਤੋਂ 70% ਵਿਚ ਅਲਰਜੀ ਕਾਰਨ ਦਮਾ ਹੁੰਦਾ ਹੈ।

ਇਲਾਜ ਨਾਲੋਂ ਪਰਹੇਜ਼ ਚੰਗਾ: ਸਿਗਰਟ-ਨੋਸ਼ੀ ਸ਼ੁਰੂ ਹੀ ਨਾ ਕਰੋ, ਜੇ ਕਰ ਚੁੱਕੇ ਹੋ ਤਾਂ ਛੱਡ ਦਿਓ। ਪ੍ਰਦੂਸ਼ਣ ਨਾ ਫੈਲਾਓ, ਸਰੀਰ ਦਾ ਇਮਿਊਨ ਸਿਸਟਮ ਬਣਾਉਣ ਅਤੇ ਰੱਖਣ ਲਈ ਸੰਤੁਲਤ ਤੇ ਨਰੋਆ ਭੋਜਨ ਛਕੋ।

**ਸੰਪਰਕ: 98728-43491**

ਇੰਟਰਨੈਸ਼ਨਲ
ਪੰਜਾਬੀ ਟ੍ਰਿਬਿਊਨ

# Classified

ਆਪਣਾ ਵਪਾਰ ਵਧਾਉਣ ਲਈ
ਇੰਟਰਨੈਸ਼ਨਲ ਪੰਜਾਬੀ ਟ੍ਰਿਬਿਊਨ
'ਚ ਇਸ਼ਤਿਹਾਰ ਅਤੇ ਕਲਾਸੀਫਾਈਡ
ਦੇਣ ਲਈ ਵੱਟਸਐਪ ਜਾਂ ਈ-ਮੇਲ ਕਰੋ :
604-584-5577
: infopunjabitribune@gmail.com



## BRIDE WANTED

ਵਿਜ਼ਟਰ ਵੀਜ਼ਾ 'ਤੇ ਵੈਨਕੂਵਰ ਆਏ ਧਾਲੀਵਾਲ ਜੱਟ ਪਰਿਵਾਰ ਦਾ ਲੜਕਾ, ਉਮਰ 32 ਸਾਲ, ਕੱਦ 5 ਫੁੱਟ 11 ਇੰਚ, ਗ੍ਰੈਜੂਏਸ਼ਨ ਕੀਤੀ ਹੋਈ, ਲਈ ਪੀ.ਆਰ., ਵਰਕ ਪਰਮਿਟ ਜਾਂ ਸਿਟੀਜ਼ਨ ਅਤੇ ਸਮਝਦਾਰ ਸਾਊ ਸੁਭਾਅ ਦੀ ਕੰਨਿਆ ਦੀ ਲੋੜ ਹੈ। ਤਲਾਕਸ਼ੁਦਾ 'ਤੇ ਵੀ ਵਿਚਾਰ ਕੀਤਾ ਜਾ ਸਕਦਾ ਹੈ। ਜੇਕਰ ਕੋਈ ਲੜਕੀ ਵਰਕ ਪਰਮਿਟ 'ਤੇ ਹੈ ਤਾਂ ਐਲ.ਐਮ.ਆਈ.ਏ. ਲਈ ਮਦਦ ਕੀਤੀ ਜਾਵੇਗੀ। ਲੜਕੇ ਦੀ ਭੈਣ ਕੈਨੇਡਾ ਪੀ.ਆਰ. ਅਤੇ ਮਾਤਾ-ਪਿਤਾ ਸੂਪਰ ਵੀਜ਼ਾ 'ਤੇ ਰਹਿ ਰਹੇ ਹਨ। ਪਰਿਵਾਰ ਮੋਗੇ ਜ਼ਿਲ੍ਹੇ ਨਾਲ ਸਬੰਧਤ ਹੈ। ਸੰਪਰਕ ਕਰੋ : +17783441057 AP- 24-10

..............................................

Gursikh family seeks a suitable match for their son, born 1993, 6'0" tall, Canadian citizen, double masters, currently a 3rd year medical student in Canada and in well settled family living in Vancouver, BC from past 30 years. Religious, vegetarian, fluent in English and Punjabi, well versed in both cultures, family oriented. The girl should be well educated, beautiful, well versed in both cultures, and family oriented. Call: 1-604-379-5928 AP 18-07

..............................................

ਕੈਨੇਡਾ 'ਚ ਵਰਕ ਪਰਮਿਟ 'ਤੇ ਕੰਮ ਕਰ ਰਹੇ ਰਾਜਾ ਸਿੱਖ ਜਾਤੀ ਨਾਲ ਸੰਬੰਧਤ 31 ਸਾਲਾ ਤਲਾਕਸ਼ੁਦਾ ਲੜਕੇ ਲਈ ਕੈਨੇਡੀਅਨ ਸਿਟੀਜਨ ਜਾਂ ਪੀ ਆਰ ਲੜਕੀ ਦੀ ਲੋੜ ਹੈ। ਜਾਤੀ ਬੰਧਨ ਕੋਈ ਨਹੀਂ, ਤਲਾਕਸ਼ੁਦਾ ਲੜਕੀ ਬਾਰੇ ਵੀ ਵਿਚਾਰਿਆ ਜਾ ਸਕਦਾ।ਲੜਕੇ ਦੇ ਮਾਤਾ ਪਿਤਾ ਕੈਨੇਡਾ ਵਿੱਚ ਹੀ ਰਹਿ ਰਹੇ ਹਨ। ਸੰਪਰਕ ਨੰਬਰ +1-778-345-8088, +91-98729-23171 BH 25-09

..............................................

ਐਬਟਸਫੋਰਡ ਵਿੱਚ ਵਰਕ ਪਰਮਿਟ 'ਤੇ ਰਹਿ ਰਹੇ ਅਤੇ ਆਪਣਾ ਕੰਸਟ੍ਰਕਸ਼ਨ ਦਾ ਕੰਮ ਕਰ ਰਹੇ ਔਜਲਾ ਸਿੱਖ ਲੜਕਾ, ਉਮਰ 35 ਸਾਲ, ਕੱਦ 6 ਫੁੱਟ ਵਾਸਤੇ ਕੈਨੇਡੀਅਨ ਪੀ.ਆਰ. ਜਾਂ ਸਿਟੀਜ਼ਨ ਲੜਕੀ ਦੀ ਲੋੜ ਹੈ। ਲੜਕੇ ਦਾ ਸਾਰਾ ਪਰਿਵਾਰ ਕੈਨੇਡਾ ਵਿੱਚ ਰਹਿ ਰਿਹਾ ਹੈ। ਹੋਰ ਵਧੇਰੇ ਜਾਣਕਾਰੀ ਲਈ ਸੰਪਰਕ ਕਰੋ +1-778-823-0283 AP 18-07

..............................................

ਕੈਨੇਡਾ ਸੈਟਲ ਜੱਟ ਸਿੱਖ ਬਰਾੜ ਪਰਿਵਾਰ ਦੇ ਲੜਕੇ, ਉਮਰ 26 ਸਾਲ ਅਤੇ 24 ਸਾਲ, ਕੱਦ 5 ਫੁੱਟ 9 ਇੰਚ ਅਤੇ 5 ਫੁੱਟ 8 ਇੰਚ, ਲੜਕਿਆਂ ਲਈ ਪੀ. ਆਰ. ਜਾਂ ਸਟੂਡੈਂਟ ਲੜਕੀਆਂ ਦੀ ਭਾਲ ਹੈ। ਹੋਰ ਜਾਣਕਾਰੀ ਲਈ ਸੰਪਰਕ ਕਰ ਸਕਦੇ ਹੋ : 604-300-5066 AP 13-02

..............................................

ਜੱਟ ਸਿੱਖ ਗਿੱਲ ਪਰਿਵਾਰ ਨੂੰ ਆਪਣੇ ਨਸ਼ਿਆਂ ਤੋਂ ਰਹਿਤ 25 ਸਾਲਾ ਕੈਨੇਡੀਅਨ ਜੰਮਪਲ ਪੁੱਤਰ ਲਈ ਪੜ੍ਹੀ-ਲਿਖੀ ਸੋਹਣੀ, ਸਿਆਣੀ ਅਤੇ ਸਾਂਝੇ ਪਰਿਵਾਰ ਵਿਚ ਰਹਿਣ ਵਾਲੀ ਲੜਕੀ ਦੀ ਲੋੜ ਹੈ। ਲੜਕਾ ਸਿਵਲ ਇੰਜੀਨਿਅਰ ਦੀ ਡਿਗਰੀ ਕਰਕੇ ਇਕ ਵਧੀਆ ਨਾਮੀ ਇੰਜੀਨਿਅਰ ਫਰਮ ਵਿਚ ਕੰਮ ਕਰ ਰਿਹਾ ਹੈ। ਲੜਕੇ ਦਾ ਕੱਦ 5'10" ਹੈ। ਲੜਕਾ ਕੇਸਧਾਰੀ ਹੈ ਅਤੇ ਪੱਗ ਬੰਨ੍ਹਦਾ ਹੈ। USA ਦੀ ਲੜਕੀ ਨੂੰ ਪਹਿਲ। ਸੰਪਰਕ ਕਰਨ ਲਈ ਫੋਨ ਕਰੋ 604-902-9068 ਜਾਂ ਈ ਮੇਲ ਕਰੋ gillco1977@gmail.com, ਮੈਰਿਜ ਬਿਊਰੋ ਵਾਲੇ ਕਿਰਪਾ ਕਰਕੇ ਸੰਪਰਕ ਨਾ ਕਰਨ। AP 13-02

..............................................

Professionally qualified match from decent Sikh family for our son 30, 5'10 "turboned boy, federal government job. He is chattered Professional Accountantand working in B.C. caste no bar. Whattsapp the biodata with picture to Dr.Sidhu 7788290991. AP 18-07

## CHANGE OF NAME

I, Sunny Kumar, Resident of Village V.P.O. Bondli,Tehsil Samrala, Khanna (Ludhiana) - 141114, Punjab, India. Passport No: P0146913. Presently Resident of 13027 65Ave Surrey, B.C. Canada, V3W 7W7, have Changed My Name to Sunny Kumar Golan.

## BRIDE WANTED

ਕੈਨੇਡੀਅਨ ਸਿਟੀਜ਼ਨ ਲੜਕਾ, ਜਾਤ ਛੀਂਬਾ, ਉਮਰ 35 ਸਾਲ, ਕੱਦ 5 ਫੁੱਟ 9 ਇੰਚ, ਆਪਣੇ ਘਰ ਦਾ ਮਾਲਕ, ਜੋਇੰਟ ਫੈਮਿਲੀ, ਸਫ਼ਲ ਬਿਜ਼ਨਸ ਚਲਾ ਰਹੇ ਲੜਕੇ ਲਈ ਪੜ੍ਹੀ-ਲਿਖੀ, ਸਾਊ ਸੁਭਾਅ ਵਾਲੀ ਕੰਨਿਆ ਦੀ ਲੋੜ ਹੈ। ਲੜਕਾ ਸਿਵਲ ਇੰਜੀਨੀਅਰਿੰਗ ਅਤੇ ਰੇਡ ਸੀਲ ਪਲੰਬਰ ਦਾ ਕੰਮ ਵੀ ਜਾਣਦਾ ਹੈ । ਹੁਣ ਆਪਣੀ ਮਕੈਨਿਕਲ ਕੰਪਨੀ ਚਲਾ ਰਿਹਾ ਹੈ। ਚੰਗੇ ਸੁਭਾਅ ਅਤੇ ਪਰਿਵਾਰਕ ਲੜਕੀ ਦੀ ਭਾਲ ਹੈ। ਸੰਪਰਕ : 778-814-4320 RS- 9-01

..............................................

ਸਰੀ ਵਿੱਚ ਰਹਿ ਰਹੇ ਉੱਪਲ ਸਿੱਖ ਉਮਰ 51 ਸਾਲ ਕੱਦ ਪੰਜ ਫੁੱਟ 11 ਇੰਚ ਕੈਨੇਡੀਅਨ ਸਿਟੀਜਨ ਤਲਾਕਸ਼ੁਦਾ ਲਈ ਲੜਕੀ ਦੀ ਲੋੜ ਹੈ ਲੜਕੀ ਦੀ ਉਮਰ ਘੱਟੋ ਘੱਟ 35 ਸਾਲ ਹੋਵੇ ਸੰਪਰਕ ਕਰੋ : 1 (403) 399-5130 AP 04-04

..............................................

ਜੱਟ ਸਿੱਖ ਲੜਕਾ,ਉਮਰ 29 ਸਾਲ,ਕੱਦ 6 ਫੁੱਟ, ਲੜਕਾ ਨਿਊਜ਼ੀਲੈਂਡ ਵਿੱਚ ਪੀ.ਆਰ. ਹੈ,ਲਈ ਕੈਨੇਡਾ ਵਿੱਚ ਪੀ.ਆਰ. ਕੁੜੀ ਦੀ ਭਾਲ ਹੈ। ਲੜਕੇ ਦਾ ਪਰਵਾਰ ਕੈਨੇਡਾ ਵਿੱਚ ਹੈ। ਹੋਰ ਜਾਣਕਾਰੀ ਲਈ ਸੰਪਰਕ ਕਰੋ : (778) 321-5911, 7782886015 AP 06-12

## GROOM WANTED

A Jatt Sikh family is looking for a match for their daughter. She is born and raised in Canada. She is 29 years old and is 5'3" tall. She is a Chartered Professional Accountant (CPA). Looking for a Canadian born potential match in Surrey, BC. Boy should be well educated and family oriented, CPA preferred. Please do not call from proposals outside of the area. Please contact us at (778) 246-2491. RS- 14-09

..............................................

ਕੈਨੇਡਾ ਪੀ.ਆਰ., ਹਿੰਦੂ ਕੌਸ਼ਲ ਜਾਤ ਨਾਲ ਸਬੰਧਤ ਲੜਕੀ, ਉਮਰ 28 ਸਾਲ, ਕੱਦ 5 ਫੁੱਟ 4 ਇੰਚ, ਕੇ.ਪੀ.ਯੂ. ਤੋਂ ਬਿਜ਼ਨਸ ਮੈਨੇਜਮੈਂਟ ਦਾ ਡਿਪਲੋਮਾ, Canadian Tire 'ਚ ਡਿਪਾਰਟਮੈਂਟ ਮੈਨੇਜਰ ਦੀ ਨੌਕਰੀ ਕਰ ਰਹੀ ਲੜਕੀ ਲਈ ਯੋਗ ਵਰ ਦੀ ਲੋੜ ਹੈ, ਬੀ.ਸੀ. ਇਲਾਕੇ ਨੂੰ ਪਹਿਲ। ਲੜਕੀ ਦਾ ਪਰਿਵਾਰ ਬਠਿੰਡੇ ਤੋਂ ਹੈ। ਸੰਪਰਕ ਕਰੋ : +1-6047671045 AP 24-10

## BASEMENT FOR RENT

ਸਰੀ ਵਿਚ 140 ਅਤੇ 59 Ave ਵਿਚ 2 ਰੂਮ ਦੀ ਨਵੀਂ ਬੇਸਮੈਂਟ ਹੁਣ ਤੋਂ ਕਿਰਾਏ ਲਈ 2 ਜਾਂ 3 ਕੁੜੀਆਂ ਰਲਮਿਲ ਕਿ ਕਿਰਾਇਆ ਕਰ ਸਕਦੀਆਂ ਹਨ। ਇੰਟਰਨੈਟ ਅਤੇ ਲਾਂਡਰੀ ਵਿਚ ਹੈ। 2 washroom... ਕਿਰਾਇਆ ਬਹੁਤ ਜਿਆਦਾ ਨਹੀਂ । 2 ਪਾਸੇ ਬੱਸਸਟਾਪ ਨੇੜੇ-ਨੇੜੇ ਹੈ। ਫੈਮਲੀ ਵਾਲੇ ਵੀ ਸੰਪਰਕ ਕਰ ਸਕਦੇ ਹਨ - 604 616 2171

# ਲਵਾਰਸ-ਬੇਘਰ ਬਜ਼ੁਰਗਾਂ ਤੇ ਮਰੀਜ਼ਾਂ ਦੀ ਸੇਵਾ ਕਰਨ ਵਾਲੇ ਡਾ. ਨੌਰੰਗ ਸਿੰਘ ਮਾਂਗਟ ਨੂੰ ਸਰਕਾਰ ਨੇ ਕੀਤਾ ਸਨਮਾਨਿਤ

ਚੰਡੀਗੜ੍ਹ : ਬੀਤੇ ਦਿਨੀਂ ਮੁਹਾਲੀ ਵਿਖੇ ਹੋਏ ''ਸਾਡੇ ਬਜ਼ੁਰਗ ਸਾਡਾ ਮਾਣ'' ਰਾਜ ਪੱਧਰੀ ਸਮਾਗਮ ਵਿੱਚ ਲਾਵਾਰਸ-ਬੇਘਰ ਬਜ਼ੁਰਗਾਂ ਤੇ ਮਰੀਜ਼ਾਂ ਦੀ ਸੇਵਾ-ਸੰਭਾਲ ਕਰਨ ਵਾਲੇ ਡਾ. ਨੌਰੰਗ ਸਿੰਘ ਮਾਂਗਟ ਨੂੰ ਪੰਜਾਬ ਦੇ ਸਮਾਜਿਕ ਸੁਰੱਖਿਆ ਕੈਬਨਿਟ ਮੰਤਰੀ ਮਾਨਯੋਗ ਡਾ. ਬਲਜੀਤ ਕੌਰ ਵੱਲੋਂ ਸਰਟੀਫਿਕੇਟ ਤੇ ਸ਼ਾਲ ਦੇ ਕੇ ਸਨਮਾਨਤ ਕੀਤਾ ਗਿਆ। ਗੁਰੂ ਅਮਰ ਦਾਸ ਅਪਾਹਜ ਆਸ਼ਰਮ ਦੇ ਫ਼ਾਊਂਡਰ ਤੇ ਪ੍ਰਧਾਨ ਡਾ. ਨੌਰੰਗ ਸਿੰਘ ਮਾਂਗਟ ਨੂੰ ਇਹ ਪੁਰਸਕਾਰ ਉਹਨਾਂ ਵੱਲੋਂ ਪਿਛਲੇ 21 ਸਾਲਾਂ ਤੋਂ ਲਾਵਾਰਸ-ਬੇਘਰ ਬਜ਼ੁਰਗਾਂ ਤੇ ਮਰੀਜ਼ਾਂ ਦੀ ਲਗਾਤਾਰ ਕੀਤੀ ਜਾ ਰਹੀ ਨਿਰਸਵਾਰਥ ਸੇਵਾ ਨੂੰ ਮੁੱਖ ਰੱਖਦੇ ਹੋਏ ਦਿੱਤਾ ਗਿਆ।



ਪੁਰਸਕਾਰ ਦੇਣ ਸਮੇਂ ਕੈਬਨਿਟ ਮੰਤਰੀ ਮਾਨਯੋਗ ਡਾ. ਬਲਜੀਤ ਕੌਰ ਤੋਂ ਇਲਾਵਾ ਉਹਨਾਂ ਨਾਲ ਪੰਜਾਬ ਦੇ ਐਡੀਸ਼ਨਲ ਚੀਫ਼ ਸੈਕਟਰੀ ਸ੍ਰੀ ਵਿਕਾਸ ਪ੍ਰਤਾਪ ਸਿੰਘ, ਐਮ.ਐਲ. ਏ. ਸ. ਕੁਲਜੀਤ ਸਿੰਘ ਰੰਧਾਵਾ, ਰਾਜ ਮਹਿਲਾ ਕਮਿਸ਼ਨ ਦੀ ਚੇਅਰਪਰਸਨ ਰਾਜ ਲਾਲੀ ਗਿੱਲ, ਡਿਪਟੀ ਕਮਿਸ਼ਨਰ ਸ੍ਰੀ ਮਤੀ ਕੋਮਲ ਮਿੱਤਲ, ਜੁਆਇੰਟ ਸੈਕਟਰੀ ਸਮਾਜਿਕ ਸੁਰੱਖਿਆ ਅਨੰਦ ਸਾਗਰ, ਜੁਆਇੰਟ ਡਾਇਰੈਕਟਰ ਸ. ਚਰਨਜੀਤ ਸਿੰਘ ਮਾਨ, ਲੁਧਿਆਣਾ ਜਿਲ੍ਹਾ ਦੇ ਸਮਾਜਿਕ ਤੇ ਭਲਾਈ ਅਫ਼ਸਰ ਸ. ਵਰਿੰਦਰ ਸਿੰਘ ਟਿਵਾਣਾ ਅਤੇ ਪੰਜਾਬ ਸਰਕਾਰ ਦੇ ਹੋਰ ਬਹੁਤ ਸਾਰੇ ਸੀਨਅਰ ਅਫਸਰ ਅਤੇ ਨਾਮਵਰ ਸਖਸ਼ੀਅਤਾਂ ਮੌਜੂਦ ਸਨ। ਇਸ ਮੌਕੇ ਪੰਜਾਬ ਦੇ ਕੁੱਝ ਹੋਰ ਜਿਲ੍ਹਿਆਂ ਦੇ ਨਿਸ਼ਕਾਮ ਸੇਵਾ ਕਰਨ ਵਾਲੇ ਵਿਅਕਤੀਆਂ ਨੂੰ ਵੀ ਸਨਮਾਨਿਤ ਕੀਤਾ ਗਿਆ। ਪਰ ਲੁਧਿਆਣਾ ਜਿਲ੍ਹੇ 'ਚੋਂ ਇਸ ਸਨਮਾਨ ਲਈ ਡਾ. ਨੌਰੰਗ ਸਿੰਘ ਮਾਂਗਟ ਨੂੰ ਹੀ ਚੁਣਿਆ ਗਿਆ ਸੀ।

ਪੀ. ਏ. ਯੂ. ਲੁਧਿਆਣਾ, ਯੂਨੀਵਰਸਿਟੀ ਆਫ਼ ਵਿੰਡਸਰ (ਕੈਨੇਡਾ) ਅਤੇ ਮੌਰੀਸਨ ਸਾਇੰਟਿਫਿਕ ਰੀਸਰਚ ਕੰਪਨੀ ਕੈਲਗਰੀ (ਕੈਨੇਡਾ) ਦੇ ਸਾਬਕਾ ਪ੍ਰੋਫੈਸਰ ਅਤੇ ਸਾਇੰਸਦਾਨ ਡਾ. ਨੌਰੰਗ ਸਿੰਘ ਮਾਂਗਟ ਨੇ ਕਈ ਸਾਲ ਲੁਧਿਆਣਾ ਸ਼ਹਿਰ ਅਤੇ ਆਸ-ਪਾਸ ਦੇ ਇਲਾਕਿਆਂ ਵਿੱਚ ਸਾਇਕਲ 'ਤੇ ਫਿਰਕੇ ਸੜਕਾਂ ਕੰਢੇ ਪਏ ਲਾਵਾਰਸ, ਬੇਘਰ, ਅਪਾਹਜ ਅਤੇ ਬਿਮਾਰ ਲੋੜਵੰਦਾਂ ਦੀ ਸੇਵਾ-ਸੰਭਾਲ ਕੀਤੀ । ਅਜਿਹੇ ਲੋਕਾਂ ਦੀ ਹੋਰ ਬਿਹਤਰ ਢੰਗ ਨਾਲ ਸੇਵਾ-ਸੰਭਾਲ ਕਰਨ ਲਈ ਲੁਧਿਆਣਾ ਜ਼ਿਲ੍ਹੇ ਦੇ ਪਿੰਡ ਸਰਾਭਾ ਦੇ ਨਜ਼ਦੀਕ ਗੁਰੂ ਅਮਰ ਦਾਸ ਅਪਾਹਜ ਆਸ਼ਰਮ ਬਣਵਾਇਆ।

ਡਾ. ਨੌਰੰਗ ਸਿੰਘ ਮਾਂਗਟ ਨੇ ਦੱਸਿਆ ਕਿ ਇਸ ਆਸ਼ਰਮ ਵਿੱਚ ਹੁਣ 235 (ਦੋ ਸੌ ਪੈਂਤੀ) ਦੇ ਕਰੀਬ ਅਪਾਹਜ, ਬੇਸਹਾਰਾ, ਨੇਤਰਹੀਣ, ਅਧਰੰਗ ਦੀ ਬਿਮਾਰੀ ਵਾਲੇ, ਸ਼ੂਗਰ, ਏਡਜ਼, ਕਾਲਾ ਪੀਲੀਆ, ਟੀ.ਬੀ, ਦਿਮਾਗੀ ਸੰਤੁਲਨ ਗੁਆ ਚੁੱਕੇ, ਲਾਇਲਾਜ ਰੋਗਾਂ ਨਾਲ ਪੀੜਤ ਲਾਵਾਰਸ, ਬੇਘਰ ਬਜ਼ੁਰਗ ਤੇ ਗਰੀਬ ਲੋਕ ਪੱਕੇ ਤੌਰ 'ਤੇ ਰਹਿ ਰਹੇ ਹਨ। ਇਹਨਾਂ 'ਚ ਜ਼ਿਆਦਾਤਰ ਉਹ ਹਨ ਜਿਹਨਾਂ ਨੂੰ ਸੜਕਾਂ 'ਤੋਂ ਬਹੁਤ ਤਰਸਯੋਗ ਹਾਲਤ 'ਚ ਚੁੱਕ ਕੇ ਲਿਆਂਦਾ ਗਿਆ ਸੀ। ਇਹਨਾਂ ਮਰੀਜ਼ਾਂ 'ਚ ਸਵਾ ਸੌ (125) ਦੇ ਕਰੀਬ ਮਰੀਜ਼ਾਂ ਦਾ ਦਿਮਾਗੀ ਸੰਤੁਲਨ ਠੀਕ ਨਹੀਂ ਹੈ। ਅੱਸੀ ਦੇ ਕਰੀਬ ਅਜਿਹੇ ਹਨ ਜਿਹਨਾਂ ਨੂੰ ਆਪਣੀ ਸੁੱਧ-ਬੁੱਧ ਨਹੀਂ ਹੈ, ਉਹ ਆਪਣੇ ਬਾਰੇ ਕੁੱਝ ਵੀ ਦੱਸਣ ਤੋਂ ਅਸਮਰਥ ਹਨ। ਸੱਠ (60) ਦੇ ਕਰੀਬ ਮਰੀਜ਼ ਅਜਿਹੇ ਹਨ ਜੋ ਆਪਣੀ ਕਿਰਿਆ ਆਪ ਨਹੀਂ ਸੋਧ ਸਕਦੇ ਅਤੇ ਮਲ-ਮੂਤਰ ਵੀ ਕੱਪੜਿਆਂ ਵਿੱਚ ਹੀ ਕਰਦੇ ਹਨ। ਅਜਿਹੇ ਲੋੜਵੰਦਾਂ ਦੀ ਨਿਸ਼ਕਾਮ ਸੇਵਾ-ਸੰਭਾਲ ਕਰਨ ਦੇ ਨਾਲ-ਨਾਲ ਮੁਫ਼ਤ ਮੈਡੀਕਲ ਸਹਾਇਤਾ ਦੇ ਕੇ ਉਹਨਾਂ ਦੀ ਜ਼ਿੰਦਗੀ ਬਚਾਉਣ ਲਈ ਹਰ ਸੰਭਵ ਕੋਸ਼ਿਸ਼ ਕੀਤੀ ਜਾਂਦੀ ਹੈ । ਆਸ਼ਰਮ ਵਿੱਚ ਰਹਿਣ ਵਾਲੇ ਲੋੜਵੰਦਾਂ ਨੂੰ ਮੰਜਾ-ਬਿਸਤਰਾ, ਮੈਡੀਕਲ ਸਹਾਇਤਾ, ਭੋਜਨ, ਕੱਪੜੇ ਆਦਿ ਹਰ ਜ਼ਰੂਰੀ ਵਸਤੂ ਮੁਫ਼ਤ ਮੁਹੱਈਆ ਕਰਵਾਈ ਜਾਂਦੀ ਹੈ।

ਚਾਲੀ (40) ਦੇ ਕਰੀਬ ਸਟਾਫ਼ ਤੇ ਸੇਵਾਦਾਰ ਆਸ਼ਰਮ 'ਚ ਕੰਮ ਕਰਦੇ ਹਨ । ਸੇਵਾਦਾਰ ਇਹਨਾਂ ਮਰੀਜ਼ਾਂ ਨੂੰ ਇਸ਼ਨਾਨ ਕਰਾਉਂਦੇ ਹਨ, ਕਪੜੇ ਬਦਲੀ ਕਰਦੇ ਹਨ। ਲਾਚਾਰ ਮਰੀਜ਼ਾਂ ਨੂੰ ਖਾਣਾ ਵੀ ਆਪ ਖੁਆਉਂਦੇ ਹਨ। ਡਾਕਟਰ ਤੇ ਨਰਸਾਂ ਮਰੀਜ਼ਾਂ ਨੂੰ ਦੁਆਈਆਂ ਦਿੰਦੇ ਹਨ । ਇੱਥੇ ਤਕਰੀਬਨ ਤਿੰਨ ਸੌ ਮਰੀਜ਼ਾਂ ਤੇ ਸੇਵਾਦਾਰਾਂ ਲਈ ਲੰਗਰ ਤਿਆਰ ਹੁੰਦਾ ਹੈ। ਇਹਨਾਂ ਮਰੀਜ਼ਾਂ ਤੇ ਆਉਣ ਵਾਲਾ ਚਾਰ ਕਰੋੜ ਦੇ ਕਰੀਬ ਸਾਲਾਨਾ ਖਰਚਾ ਸੰਗਤਾਂ ਦੇ ਸਹਿਯੋਗ ਅਤੇ ਅਸੀਸਾਂ ਨਾਲ ਹੀ ਚਲਦਾ ਹੈ।

# ਗੁਰੂ ਰਵਿਦਾਸ ਸੇਵਾ ਸੁਸਾਇਟੀ ਭਗਤਾ ਭਾਈ ਵੱਲੋਂ 649 ਵੇਂ ਪ੍ਰਕਾਸ਼ ਦਿਹਾੜੇ ਸਬੰਧੀ ਨਗਰ ਕੱਢਿਆ



ਭਗਤਾ ਭਾਈਕਾ (ਵੀਰਪਾਲ ਭਗਤਾ): ਸ੍ਰੀ ਗੁਰੂ ਰਵਿਦਾਸ ਭਗਤ ਜੀ ਦੇ 649 ਵੇਂ ਪ੍ਰਕਾਸ਼ ਦਿਹਾੜੇ ਸਬੰਧੀ ਸ੍ਰੀ ਗੁਰੂ ਰਵਿਦਾਸ ਸੇਵਾ ਸੁਸਾਇਟੀ ਭਗਤਾ ਭਾਈ ਵੱਲੋਂ ਨਗਰ ਨਿਵਾਸੀਆਂ ਦੇ ਸਹਿਯੋਗ ਨਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਵਿਸ਼ਾਲ ਨਗਰ ਕੀਰਤਨ ਸਜਾਇਆ ਗਿਆ, ਜਿਸ ਦੀ ਅਗਵਾਈ ਪੰਜ ਪਿਆਰਿਆਂ ਵਲੋਂ ਕੀਤੀ ਗਈ। ਇਸ ਨਗਰ ਕੀਰਤਨ ਦੌਰਾਨ ਵੱਡੀ ਗਿਣਤੀ ਵਿਚ ਸੰਗਤਾਂ ਨੇ ਸਮੂਲੀਅਤ ਕੀਤੀ। ਇਸ ਦੌਰਾਨ ਉੱਘੇ ਢਾਡੀ ਬਲਵਿੰਦਰ ਸਿੰਘ ਭਗਤਾ ਦੇ ਜੱਥੇ ਨੇ ਸ੍ਰੀ ਗੁਰੂ ਰਵਿਦਾਸ ਦੀ ਜੀਵਨ ਅਧਾਰਤ ਵਾਰਾਂ ਪੇਸ਼ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ। ਇਸ ਮੌਕੇ ਢਾਡੀ ਬਲਵਿੰਦਰ ਸਿੰਘ ਭਗਤਾ ਨੇ ਕਿਹਾ ਕਿ ਸਾਨੂੰ ਸ੍ਰੀ ਗੁਰੂ ਰਵਿਦਾਸ ਜੀ ਦੇ ਦਰਸਾਏ ਮਾਰਗ ਤੇ ਚੱਲਣਾ ਚਾਹੀਦਾ ਹੈ ਅਤੇ ਗਰੀਬ ਸਮਾਜ ਦੀ ਬੇਹਤਰੀ ਲਈ ਯਤਨ ਕਰਨੇ ਚਾਹੀਦੇ ਹਨ। ਉਨ੍ਹਾਂ ਕਿਹਾ ਕਿ ਚੰਗੇ ਸਮਾਜ ਦੀ ਸਿਰਜਣਾ ਲਈ ਗਰੀਬ ਅਤੇ ਲੋੜਵੰਦ ਲੋਕਾਂ ਦੀ ਮਦਦ ਕਰਨੀ ਚਾਹੀਦੀ ਹੈ। ਇਸ ਨਗਰ ਕੀਰਤਨ ਦੇ ਸਵਾਗਤ ਵਿਚ ਵੱਖ ਵੱਖ ਸੰਸਥਾਵਾਂ ਵੱਲੋ ਥਾਂ-ਥਾਂ ਤੇ ਪਕੌੜਿਆ, ਪ੍ਰਸਾਦ, ਫਲਾਂ ਆਦਿ ਦੇ ਲੰਗਰ ਲਗਾਏ ਗਏ ਸਨ। ਸੁਸਾਇਟੀ ਦੇ ਪ੍ਰਧਾਨ ਜਸਪਾਲ ਸਿੰਘ ਖਾਲਸਾ ਨੇ ਨਗਰ ਕੀਰਤਨ ਵਿਚ ਸਹਿਯੋਗ ਅਤੇ ਸੇਵਾ ਕਰਨ ਵਾਲਿਆ ਸਮੂਹ ਸੰਗਤਾਂ ਦਾ ਧੰਨਵਾਦ ਕੀਤਾ।

# ਚੇਅਰਮੈਨ ਭੱਲਾ ਨੇ ਸਿਹਤ ਬੀਮਾ ਯੋਜਨਾ ਦੇ ਬਣ ਰਹੇ ਕਾਰਡਾਂ ਦਾ ਜਾਇਜ਼ਾ ਲਿਆ



ਭਗਤਾ ਭਾਈਕਾ (ਵੀਰਪਾਲ ਭਗਤਾ): ਪੰਜਾਬ ਸਰਕਾਰ ਵੱਲੋਂ ਆਮ ਲੋਕਾਂ ਨੂੰ ਬਿਹਤਰ ਅਤੇ ਮੁਫ਼ਤ ਸਿਹਤ ਸਹੂਲਤਾਂ ਮੁਹੱਈਆ ਕਰਵਾਉਣ ਦੇ ਮਕਸਦ ਨਾਲ ਸ਼ੁਰੂ ਕੀਤੀ ਗਈ ਮੁੱਖ ਮੰਤਰੀ ਸਿਹਤ ਬੀਮਾ ਯੋਜਨਾ ਨੂੰ ਲੈ ਕੇ ਲੋਕਾਂ ਵਿੱਚ ਭਾਰੀ ਉਤਸਾਹ ਦੇਖਣ ਨੂੰ ਮਿਲ ਰਿਹਾ ਹੈ। ਯੋਜਨਾ ਅਧੀਨ ਬਣ ਰਹੇ ਸਿਹਤ ਬੀਮਾ ਕਾਰਡਾਂ ਦੇ ਕੰਮ ਦਾ ਜਾਇਜ਼ਾ ਲੈਣ ਲਈ ਜਤਿੰਦਰ ਸਿੰਘ ਭੱਲਾ ਨੇ ਸਥਾਨਕ ਕੇਂਦਰਾਂ ਦਾ ਦੌਰਾ ਕੀਤਾ ਅਤੇ ਉਥੇ ਚੱਲ ਰਹੀ ਪ੍ਰਕਿਰਿਆ ਬਾਰੇ ਵਿਸਥਾਰ ਨਾਲ ਜਾਣਕਾਰੀ ਹਾਸਲ ਕੀਤੀ। ਇਸ ਮੌਕੇ ਭੱਲਾ ਨੇ ਕਿਹਾ ਕਿ ਮੁੱਖ ਮੰਤਰੀ ਸਿਹਤ ਬੀਮਾ ਯੋਜਨਾ ਗਰੀਬ, ਮੱਧ ਵਰਗ ਅਤੇ ਲੋੜਵੰਦ ਪਰਿਵਾਰਾਂ ਲਈ ਵਰਦਾਨ ਸਾਬਤ ਹੋਵੇਗੀ। ਉਨ੍ਹਾਂ ਦੱਸਿਆ ਕਿ ਸਿਹਤ ਬੀਮਾ ਕਾਰਡ ਬਣਵਾਉਣ ਲਈ ਲੋਕ ਸਵੇਰ ਤੋਂ ਹੀ ਕੇਂਦਰਾਂ 'ਤੇ ਪਹੁੰਚ ਰਹੇ ਹਨ ਅਤੇ ਹਰ ਵਰਗ ਦੇ ਨਾਗਰਿਕ ਇਸ ਯੋਜਨਾ ਦਾ ਲਾਭ ਲੈਣ ਲਈ ਉਤਸੁਕ ਨਜ਼ਰ ਆ ਰਹੇ ਹਨ। ਉਨ੍ਹਾਂ ਕਿਹਾ ਕਿ ਇਸ ਯੋਜਨਾ ਨਾਲ ਹੁਣ ਕਿਸੇ ਨੂੰ ਵੀ ਮਹਿੰਗੇ ਇਲਾਜ ਦੀ ਚਿੰਤਾ ਨਹੀਂ ਰਹੇਗੀ। ਭੱਲਾ ਨੇ ਦੱਸਿਆ ਕਿ ਇਸ ਯੋਜਨਾ ਤਹਿਤ ਲਾਭਪਾਤਰੀਆਂ ਨੂੰ ਸਾਲਾਨਾ 10 ਲੱਖ ਰੁਪਏ ਤੱਕ ਦਾ ਮੁਫ਼ਤ ਇਲਾਜ ਸਰਕਾਰੀ ਅਤੇ ਸੂਚੀਬੱਧ ਨਿੱਜੀ ਹਸਪਤਾਲਾਂ ਵਿੱਚ ਮੁਹੱਈਆ ਕਰਵਾਇਆ ਜਾਵੇਗਾ। ਇਸ ਵਿੱਚ ਵੱਡੀਆਂ ਸਰਜਰੀਆਂ, ਗੰਭੀਰ ਬਿਮਾਰੀਆਂ ਦਾ ਇਲਾਜ, ਦਵਾਈਆਂ ਅਤੇ ਹਸਪਤਾਲ ਵਿੱਚ ਦਾਖ਼ਲੇ ਨਾਲ ਸਬੰਧਤ ਸਹੂਲਤਾਂ ਸ਼ਾਮਲ ਹਨ। ਉਨ੍ਹਾਂ ਕਿਹਾ ਕਿ ਸਰਕਾਰ ਦਾ ਮਕਸਦ ਇਹ ਯਕੀਨੀ ਬਣਾਉਣਾ ਹੈ ਕਿ ਕੋਈ ਵੀ ਵਿਅਕਤੀ ਸਿਰਫ਼ ਪੈਸਿਆਂ ਦੀ ਕਮੀ ਕਾਰਨ ਇਲਾਜ ਤੋਂ ਵੰਚਿਤ ਨਾ ਰਹੇ। ਉਨ੍ਹਾਂ ਅਧਿਕਾਰੀਆਂ ਨੂੰ ਹਦਾਇਤ ਦਿੱਤੀ ਕਿ ਕਾਰਡ ਬਣਾਉਣ ਦੀ ਪ੍ਰਕਿਰਿਆ ਨੂੰ ਪਾਰਦਰਸ਼ੀ, ਤੇਜ਼ ਅਤੇ ਸੁਚਾਰੂ ਬਣਾਇਆ ਜਾਵੇ, ਤਾਂ ਜੋ ਲੋਕਾਂ ਨੂੰ ਕਿਸੇ ਵੀ ਤਰ੍ਹਾਂ ਦੀ ਪਰੇਸ਼ਾਨੀ ਦਾ ਸਾਹਮਣਾ ਨਾ ਕਰਨਾ ਪਵੇ। ਨਾਲ ਹੀ ਉਨ੍ਹਾਂ ਕੈਂਪਾਂ ਵਿੱਚ ਮੌਜੂਦ ਸਹੂਲਤਾਂ, ਬੈਠਣ ਦੀ ਵਿਵਸਥਾ ਅਤੇ ਜਾਣਕਾਰੀ ਦੇ ਪ੍ਰਬੰਧਾਂ 'ਤੇ ਵੀ ਸੰਤੁਸ਼ਟੀ ਜ਼ਾਹਰ ਕੀਤੀ। ਭੱਲਾ ਨੇ ਦਾਅਵਾ ਕੀਤਾ ਕਿ ਅੰਦਾਜ਼ੇ ਮੁਤਾਬਕ ਲੱਖਾਂ ਲੋਕ ਇਸ ਯੋਜਨਾ ਦਾ ਲਾਭ ਲੈਣਗੇ, ਜਿਸ ਨਾਲ ਪੰਜਾਬ ਦੀ ਸਿਹਤ ਪ੍ਰਣਾਲੀ ਹੋਰ ਮਜ਼ਬੂਤ ਹੋਵੇਗੀ। ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਅੱਗੇ ਆ ਕੇ ਆਪਣੇ ਸਿਹਤ ਬੀਮਾ ਕਾਰਡ ਜ਼ਰੂਰ ਬਣਵਾਉਣ ਅਤੇ ਸਰਕਾਰ ਵੱਲੋਂ ਦਿੱਤੀਆਂ ਜਾ ਰਹੀਆਂ ਸਹੂਲਤਾਂ ਦਾ ਪੂਰਾ ਲਾਭ ਲੈਣ। ਇਸ ਮੌਕੇ ਬੇਅੰਤ ਸਿੰਘ ਸਲਾਬਤਪੁਰਾ ਚੇਅਰਮੈਨ ਮਾਰਕਿਟ ਕਮੇਟੀ ਭਗਤਾ, ਭੁਪਿੰਦਰ ਸਿੰਘ ਗੁਰੂਸਰ ਸਾਬਕਾ ਸਰਪੰਚ, ਮਨਪ੍ਰੀਤ ਸਿੰਘ ਬਰਾੜ, ਜਰਨੈਲ ਸਿੰਘ ਆਪ ਆਗੂ, ਪ੍ਰਿਥੀਪਾਲ ਸਿੰਘ, ਰਾਜਾ ਸਿੰਘ ਹਮੀਰਗੜ੍ਹ, ਰਣਜੀਤ ਸਿੰਘ ਪੰਚ, ਦਰਸ਼ਨ ਸਿੰਘ ਪੰਚ, ਬ੍ਰਿਜਪਾਲ ਸਿੰਘ ਪੰਚ, ਕੁਲਦੀਪ ਸਿੰਘ ਪੰਚ, ਮਨਪ੍ਰੀਤ ਸਿੰਘ ਸੀਐਸ ਸੈਂਟਰ ਅਤੇ ਕੁਲਦੀਪ ਸਿੰਘ ਸਾਬਕਾ ਕਲੱਬ ਪ੍ਰਧਾਨ ਆਦਿ ਹਾਜ਼ਰ ਸਨ।


ਖੇਡਾਂ ਪਿੰਡ ਘੁੰਮਣਾਂ ਦੀਆਂ
ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ
ਵਿਖੇ 16 ਫਰਵਰੀ 2026
ਨੂੰ ਕਰਵਾਈਆਂ ਜਾ ਰਹੀਆਂ ਹਨ
ਆਪ ਸਭ ਨੂੰ ਪਹੁੰਚਣ ਦਾ ਹਾਰਦਿਕ ਸੱਦਾ
ਪੰਧੇਰ ਗੁਰਸੇਵ ਸਿੰਘ
ਪੱਤਰਕਾਰ (ਕਨੇਡਾ)
ਬਲਵੀਰ ਬੈਂਸ
ਕੈਨੇਡਾ
ਪਾਲ ਸਿੰਘ ਮੇਹਲੀਆਨਾ
ਪ੍ਰਧਾਨ
ਕਮਲਜੀਤ ਬੰਗਾ
ਮੁੱਖ ਪ੍ਰਬੰਧਕ
ਵਲੋਂ: ਪ੍ਰਮੋਟਰ ਬਲਵੀਰ ਸਿੰਘ ਬੈਂਸ ਕੈਨੇਡਾ
ਸ੍ਰੀ ਗੁਰੂ ਰਵਿਦਾਸ ਵੈਲਫੇਅਰ ਐਂਡ ਸਪੋਰਟਸ ਕਲੱਬ ਘੁੰਮਣਾਂ (ਨਵਾਂਸ਼ਹਿਰ)

# ਪਬਲਿਕ ਫੋਰਮ ਅਗੇਨਸਟ ਐਸਟੋਰਸ਼ਨ ਵੱਲੋਂ ਸਰੀ ਵਿੱਚ ਜਨਤਕ ਇਕੱਠ, ਫਿਰੌਤੀ ਖ਼ਿਲਾਫ਼ ਸਖ਼ਤ ਕਦਮ ਉਠਾਉਣ ਦੀ ਮੰਗ




ਸਰੀ, (ਹਰਦਮ ਮਾਨ): ਫਿਰੌਤੀ ਅਤੇ ਅਪਰਾਧਿਕ ਸਰਗਰਮੀਆਂ ਦੇ ਵਧਦੇ ਮਾਮਲਿਆਂ ਖ਼ਿਲਾਫ਼ ਆਵਾਜ਼ ਬੁਲੰਦ ਕਰਦਿਆਂ 'ਪਬਲਿਕ ਫੋਰਮ ਅਗੇਨਸਟ ਐਸਟੋਰਸ਼ਨ' ਵੱਲੋਂ ਅੱਜ ਸਰੀ ਦੇ ਬੇਅਰ ਕਰੀਕ ਪਾਰਕ ਦੇ ਕਿਨਾਰੇ ਕਿੰਗ ਜੋਰਜ ਰੋਡ ਉੱਤੇ ਜਨਤਕ ਇਕੱਠ ਕੀਤਾ ਗਿਆ। ਇਸ ਮੌਕੇ ਵੱਡੀ ਗਿਣਤੀ ਵਿੱਚ ਆਮ ਨਾਗਰਿਕ ਹੱਥਾਂ ਵਿੱਚ ਤਖ਼ਤੀਆਂ ਫੜ ਕੇ ਕਰੀਬ ਤਿੰਨ ਘੰਟੇ ਤੱਕ ਸੜਕ ਕਿਨਾਰੇ ਖੜ੍ਹੇ ਰਹੇ ਅਤੇ ਕਾਨੂੰਨ-ਵਿਵਸਥਾ ਨੂੰ ਮਜ਼ਬੂਤ ਕਰਨ ਦੀ ਮੰਗ ਕੀਤੀ। ਇਕੱਠ ਦੌਰਾਨ ਬੁਲਾਰਿਆਂ ਨੇ ਕਿਹਾ ਕਿ ਲੋਅਰ ਮੇਨਲੈਂਡ ਖੇਤਰ ਵਿੱਚ ਫਿਰੌਤੀ ਵਰਗੇ ਅਪਰਾਧ ਲੋਕਾਂ ਦੀ ਜਾਨ-ਮਾਲ ਲਈ ਗੰਭੀਰ ਖ਼ਤਰਾ ਬਣ ਰਹੇ ਹਨ। ਉਨ੍ਹਾਂ ਸਰਕਾਰ ਅਤੇ ਕਾਨੂੰਨ ਲਾਗੂ ਕਰਨ ਵਾਲੀਆਂ ਏਜੰਸੀਆਂ ਨੂੰ ਅਪੀਲ ਕੀਤੀ ਕਿ ਲੋਕਾਂ ਦੀ ਸੁਰੱਖਿਆ ਯਕੀਨੀ ਬਣਾਉਣ ਲਈ ਤੁਰੰਤ ਅਤੇ ਪ੍ਰਭਾਵਸ਼ਾਲੀ ਕਦਮ ਚੁੱਕੇ ਜਾਣ। ਇਕੱਠ ਵੱਲੋਂ ਮੁੱਖ ਤੌਰ 'ਤੇ ਇਹ ਮੰਗਾਂ ਰੱਖੀਆਂ ਗਈਆਂ—

- ਪੁਲਿਸ ਫੋਰਸ ਵਿੱਚ ਲੋੜ ਅਨੁਸਾਰ ਵਾਧਾ ਕੀਤਾ ਜਾਵੇ।
- ਫਿਰੌਤੀ ਅਤੇ ਸੰਗਠਿਤ ਅਪਰਾਧ ਨਾਲ ਨਜਿੱਠਣ ਲਈ ਸਖ਼ਤ ਕਾਨੂੰਨ ਲਿਆਂਦੇ ਜਾਣ।
- ਫੜੇ ਗਏ ਅਪਰਾਧੀਆਂ ਦੀ ਪਛਾਣ ਜਨਤਕ ਕੀਤੀ ਜਾਵੇ।
- ਸਵੈ-ਰੱਖਿਆ ਅਤੇ ਜਾਨ-ਮਾਲ ਦੀ ਰਾਖੀ ਲਈ ਕਾਨੂੰਨੀ ਢਾਂਚੇ ਦੀ ਸਮੀਖਿਆ ਕਰਕੇ ਪ੍ਰਭਾਵਸ਼ਾਲੀ ਪ੍ਰਬੰਧ ਕੀਤੇ ਜਾਣ।
- ਲੋਅਰ ਮੇਨਲੈਂਡ ਦੇ ਮੌਜੂਦਾ ਐਮਪੀ ਅਤੇ ਐਮਐਲਏ ਦੀ ਜਨਤਕ ਜਵਾਬਦੇਹੀ ਤੈਅ ਕੀਤੀ ਜਾਵੇ।

ਇਸ ਜਨਤਕ ਇਕੱਠ ਵਿੱਚ ਰਾਜਵੀਰ ਢਿੱਲੋਂ, ਗੈਰੀ ਪੁਰੇਵਾਲ, ਅਮਰੀਕ ਸਿੱਧੂ, ਜਸਦੀਪ ਸਿੱਧੂ, ਨਵਰੂਪ ਸਿੰਘ, ਅੰਮ੍ਰਿਤ ਢੋਟ, ਜਸਵੀਰ ਚਾਹਲ, ਗੁਰਿੰਦਰ ਕਾਹਲੋਂ, ਇਕਬਾਲ ਸਿੱਧੂ, ਰਿੱਕੀ ਬਾਜਵਾ, ਬਲਦੀਪ ਝੰਡ, ਹਰਵਿੰਦਰ ਪੱਤੜ, ਹੋਨਵੀਰ ਰੰਧਾਵਾ, ਜੀਸ਼ਾਨ ਵਾਹਲਾ ਅਤੇ ਐਮਐਲਏ ਮਨਦੀਪ ਧਾਲੀਵਾਲ ਸਮੇਤ ਹੋਰ ਕਈ ਪ੍ਰਮੁੱਖ ਸ਼ਖ਼ਸੀਅਤਾਂ ਅਤੇ ਵੱਡੀ ਗਿਣਤੀ ਵਿੱਚ ਆਮ ਨਾਗਰਿਕਾਂ ਨੇ ਸ਼ਿਰਕਤ ਕੀਤੀ। ਇਸ ਮੌਕੇ ਰਾਜਵੀਰ ਢਿੱਲੋਂ ਨੇ ਜਾਣਕਾਰੀ ਦਿੰਦਿਆਂ ਕਿਹਾ ਕਿ ਇੱਕ ਫਰਵਰੀ ਨੂੰ ਵੱਡੇ ਪੱਧਰ 'ਤੇ ਹੋਰ ਜਨਤਕ ਇਕੱਠ ਕੀਤਾ ਜਾਵੇਗਾ, ਜਿਸ ਵਿੱਚ ਅੱਗਲੇਰੀ ਸੰਘਰਸ਼ੀ ਰਣਨੀਤੀ ਅਤੇ ਕਾਰਵਾਈ ਦੀ ਰੂਪਰੇਖਾ ਤੈਅ ਕੀਤੀ ਜਾਵੇਗੀ। ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਇਸ ਮੁਹਿੰਮ ਨਾਲ ਜੁੜ ਕੇ ਸਮਾਜਿਕ ਸੁਰੱਖਿਆ ਲਈ ਇਕੱਠੇ ਹੋਣ। ਇਕੱਠ ਸ਼ਾਂਤਮਈ ਢੰਗ ਨਾਲ ਸੰਪੰਨ ਹੋਇਆ ਅਤੇ ਆਯੋਜਕਾਂ ਨੇ ਕਿਹਾ ਕਿ ਜਦ ਤੱਕ ਲੋਕਾਂ ਦੀ ਸੁਰੱਖਿਆ ਸੰਬੰਧੀ ਮੰਗਾਂ 'ਤੇ ਠੋਸ ਕਦਮ ਨਹੀਂ ਚੁੱਕੇ ਜਾਂਦੇ, ਉਹ ਆਪਣੀ ਲੋਕਤਾਂਤਰਿਕ ਲੜਾਈ ਜਾਰੀ ਰੱਖਣਗੇ।

## ਸਰੀ ਵਿਖੇ 'ਸਾਮਰਾਜੀ ਸੰਕਟ ਅਤੇ ਸਮਕਾਲੀ ਹਾਲਾਤ' ਵਿਸ਼ੇ 'ਤੇ ਸੈਮੀਨਾਰ ਪਹਿਲੀ ਫਰਵਰੀ ਨੂੰ




ਸਰੀ, (ਹਰਦਮ ਮਾਨ)- ਤਰਕਸ਼ੀਲ (ਰੈਸ਼ਨੇਲਿਸਟ) ਸੁਸਾਇਟੀ ਕੈਨੇਡਾ ਅਤੇ ਈਸਟ ਇੰਡਿਅਨ ਡੀਫੈਂਸ ਕਮੇਟੀ ਵੱਲੋਂ 'ਸਾਮਰਾਜੀ ਸੰਕਟ ਅਤੇ ਸਮਕਾਲੀ ਹਾਲਾਤ' ਵਿਸ਼ੇ 'ਤੇ ਸੈਮੀਨਾਰ 1 ਫਰਵਰੀ 2026 (ਐਤਵਾਰ) ਨੂੰ ਬਾਅਦ ਦੁਪਹਿਰ ਇਕ ਵਜੇ ਸਰੀ ਦੇ ਪ੍ਰੋਗਰੈਸਿਵ ਕਲਚਰਲ ਸੈਂਟਰ (7536, 130 ਸਟਰੀਟ) ਵਿਖੇ ਕਰਵਾਇਆ ਜਾ ਰਿਹਾ ਹੈ। ਤਰਕਸ਼ੀਲ ਸੁਸਾਇਟੀ ਕੈਨੇਡਾ ਦੇ ਸਰਪ੍ਰਸਤ ਬਾਈ ਅਵਤਾਰ ਨੇ ਦੱਸਿਆ ਕਿ ਪੂੰਜੀਵਾਦ ਦੇ ਆਰਥਿਕ ਸੰਕਟ ਵਿੱਚ ਘਿਰੇ ਹੋਣ ਕਾਰਨ ਅਮਰੀਕਾ ਅਤੇ ਉਸਦੇ ਜੋਟੀਦਾਰ ਪੱਛਮੀ ਮੁਲਕ ਕਮਜ਼ੋਰ ਦੇਸ਼ਾਂ ਦੇ ਮਾਲ-ਖਜ਼ਾਨਿਆਂ ਨੂੰ ਹਥਿਆਉਣ ਲਈ ਤਰਲੋਮੱਛੀ ਹੋ ਰਹੇ ਹਨ। ਅਮਰੀਕਾ ਵੱਲੋਂ ਵੈਨੇਜ਼ੁਏਲਾ ਦੇ ਰਾਸ਼ਟਰਪਤੀ ਤੇ ਮਨਘੜਤ ਦੋਸ਼ ਲਾ ਕੇ ਫੌਜੀ ਤਾਕਤ ਦੇ ਜ਼ੋਰ ਉਸ ਦੀ ਪਤਨੀ ਸਮੇਤ ਅਗਵਾ ਕਰਨਾ ਅਤੇ ਉਸ ਦੇ ਤੇਲ ਦੀ ਲੁੱਟ ਇਸ ਦੀ ਉਘੜਵੀਂ ਮਿਸਾਲ ਹੈ। ਨਾਲ ਦੀ ਨਾਲ ਕਿਊਬਾ, ਮੈਕਸੀਕੋ ਅਤੇ ਕੁਲੰਬੀਆ 'ਤੇ ਵੀ ਰਾਸ਼ਟਰਪਤੀ ਡੋਨਾਲਡ ਟਰੰਪ ਵੱਲੋਂ ਅਜਿਹੇ ਹਮਲੇ ਕਰਨ ਦੀਆਂ ਧਮਕੀਆਂ ਜਾਰੀ ਹੋਈਆਂ ਹਨ। ਉਨ੍ਹਾਂ ਕਿਹਾ ਕਿ ਜਿੱਥੇ ਟਰੰਪ ਵੱਲੋਂ ਗਰੀਨਲੈਂਡ ਨੂੰ ਜਬਰੀ ਹਥਿਆਉਣ ਦੇ ਲਲਕਾਰੇ ਮਾਰੇ ਜਾ ਰਹੇ ਹਨ ਅਤੇ ਕੈਨੇਡਾ ਨੂੰ ਅਮਰੀਕਾ ਦੀ 51ਵੀਂ ਸਟੇਟ ਬਣਾਉਣ ਦੀ ਧਮਕੀ ਪਹਿਲਾਂ ਹਾ ਆ ਚੁੱਕੀ ਹੈ। ਇਸ ਮਾਰਧਾੜ ਅਤੇ ਸੰਕਟ ਦੀ ਮਾਰ ਝੱਲਦਾ ਆਮ ਇਨਸਾਨ ਨੌਕਰੀਆਂ ਦੇ ਖੁੱਸਣ ਅਤੇ ਸਿਖਰਾਂ ਛੋਂਹਦੀ ਮਹਿੰਗਾਈ ਕਾਰਨ ਦੋ ਡੰਗ ਦੀ ਰੋਟੀ ਲਈ ਫਿਕਰਮੰਦ ਹੈ। ਤਰਕਸ਼ੀਲ ਆਗੂ ਨੇ ਇਸ ਮਹੱਤਵਪੂਰਨ ਮੁੱਦੇ ਬਾਰੇ ਵਿਸਥਾਰ ਵਿੱਚ ਗੱਲਬਾਤ ਕਰਨ ਲਈ ਪਹਿਲੀ ਫਰਵਰੀ ਨੂੰ ਇਸ ਸੈਮੀਨਾਰ ਵਿਚ ਪੁੱਜਣ ਲਈ ਖੁੱਲ੍ਹਾ ਸੱਦਾ ਦਿੱਤਾ ਹੈ।

## ਸਾਈਬਰ ਸੁਰੱਖਿਆ ਬਿੱਲ ਤਹਿਤ ਕੈਨੇਡੀਅਨਾਂ ਨੂੰ ਇੰਟਰਨੈੱਟ ਤੋਂ ਹਟਾਇਆ ਨਹੀਂ ਜਾਵੇਗਾ: ਮੰਤਰੀ ਮੇਲਾਨੀ ਜੋਲੀ



ਔਟਵਾ, (ਏਕਜੋਤ ਸਿੰਘ): ਫੈਡਰਲ ਸਰਕਾਰ ਵੱਲੋਂ ਪੇਸ਼ ਕੀਤੇ ਗਏ ਨਵੇਂ ਸਾਈਬਰ ਸੁਰੱਖਿਆ ਕਾਨੂੰਨ (ਬਿੱਲ C-8) ਨੂੰ ਲੈ ਕੇ ਉੱਠ ਰਹੇ ਖਦਸ਼ਿਆਂ ਦਰਮਿਆਨ ਉਦਯੋਗ ਮੰਤਰੀ ਮੇਲਾਨੀ ਜੋਲੀ ਨੇ ਸਥਿਤੀ ਸਪੱਸ਼ਟ ਕੀਤੀ ਹੈ। ਮੰਗਲਵਾਰ ਨੂੰ ਹਾਊਸ ਆਫ ਕਾਮਨਜ਼ ਦੀ ਪਬਲਿਕ ਸੇਫਟੀ ਕਮੇਟੀ (Public Safety Committee) ਦੇ ਸਾਹਮਣੇ ਪੇਸ਼ ਹੁੰਦਿਆਂ ਜੋਲੀ ਨੇ ਸੰਸਦ ਮੈਂਬਰਾਂ ਨੂੰ ਭਰੋਸਾ ਦਿਵਾਇਆ ਕਿ ਇਸ ਬਿੱਲ ਦਾ ਮਕਸਦ ਆਮ ਕੈਨੇਡੀਅਨਾਂ ਦੇ ਆਨਲਾਈਨ ਵਿਹਾਰ ਨੂੰ ਕੰਟਰੋਲ ਕਰਨਾ ਜਾਂ ਉਨ੍ਹਾਂ ਨੂੰ ਇੰਟਰਨੈੱਟ ਤੋਂ ਬੇਦਖਲ ਕਰਨਾ ਬਿਲਕੁਲ ਨਹੀਂ ਹੈ। ਉਨ੍ਹਾਂ ਕਿਹਾ ਕਿ ਸਰਕਾਰ ਬਿੱਲ ਦੀ ਸ਼ਬਦਾਵਲੀ ਵਿੱਚ ਸੋਧ ਕਰਨ ਲਈ ਤਿਆਰ ਹੈ ਤਾਂ ਜੋ ਕਿਸੇ ਵੀ ਤਰ੍ਹਾਂ ਦੀ ਗਲਤਫਹਿਮੀ ਦੂਰ ਕੀਤੀ ਜਾ ਸਕੇ।

ਬਿੱਲ C-8 ਦਾ ਉਦੇਸ਼ ਅਤੇ ਤਾਕਤਾਂ ਬਿੱਲ C-8 ਦਾ ਮੁੱਖ ਉਦੇਸ਼ ਮੌਜੂਦਾ ਟੈਲੀਕਮਿਊਨੀਕੇਸ਼ਨ ਐਕਟ ਵਿੱਚ ਸੋਧ ਕਰਨਾ ਹੈ। ਇਸ ਤਹਿਤ ਸੁਰੱਖਿਆ ਨੂੰ ਓਟਵਾ ਦੀ ਦੂਰਸੰਚਾਰ ਰਣਨੀਤੀ ਦਾ ਮੁੱਖ ਹਿੱਸਾ ਬਣਾਇਆ ਜਾਵੇਗਾ। ਇਹ ਬਿੱਲ ਸਰਕਾਰ ਨੂੰ ਇਹ ਅਧਿਕਾਰ ਦੇਵੇਗਾ ਕਿ ਜੇਕਰ ਕੋਈ ਸਾਈਬਰ ਸੁਰੱਖਿਆ ਦੀ ਘਟਨਾ ਵਾਪਰਦੀ ਹੈ, ਤਾਂ ਉਹ ਸੇਵਾ ਪ੍ਰਦਾਨ ਕਰਨ ਵਾਲੀਆਂ ਕੰਪਨੀਆਂ ਨੂੰ ਕਾਰਵਾਈ ਕਰਨ ਲਈ ਮਜਬੂਰ ਕਰ ਸਕੇ।

ਇਸ ਬਿੱਲ ਤਹਿਤ ਫੈਡਰਲ ਉਦਯੋਗ ਮੰਤਰੀ ਨੂੰ ਅਜਿਹੀਆਂ ਕੰਪਨੀਆਂ ਨੂੰ ਹੁਕਮ ਜਾਰੀ ਕਰਨ ਦੀ ਤਾਕਤ ਮਿਲੇਗੀ ਕਿ ਉਹ ਆਪਣੇ ਨੈੱਟਵਰਕ ਤੋਂ ਅਜਿਹੇ ਉਪਕਰਣਾਂ ਜਾਂ ਸੇਵਾਵਾਂ ਨੂੰ ਹਟਾ ਦੇਣ ਜੋ ਸੁਰੱਖਿਆ ਲਈ ਖ਼ਤਰਾ ਬਣ ਸਕਦੇ ਹਨ। ਖਾਸ ਗੱਲ ਇਹ ਹੈ ਕਿ ਇਹ ਹੁਕਮ ਬਿਨਾਂ ਕਿਸੇ ਨਿਆਂਇਕ ਸਮੀਖਿਆ ਦੇ ਜਾਰੀ ਕੀਤੇ ਜਾ ਸਕਦੇ ਹਨ ਅਤੇ ਇਸ ਵਿੱਚ ਗੁਪਤਤਾ ਦੀ ਧਾਰਾ ਵੀ ਸ਼ਾਮਲ ਹੋ ਸਕਦੀ ਹੈ।

ਵਿਵਾਦਤ ਸ਼ਬਦਾਵਲੀ ਅਤੇ ਸਪੱਸ਼ਟੀਕਰਨ ਇਸ ਬਿੱਲ ਵਿੱਚ ਵਰਤੀ ਗਈ ਇੱਕ ਵਿਸ਼ੇਸ਼ ਸ਼ਬਦਾਵਲੀ ਨੇ ਵਿਰੋਧੀ ਧਿਰਾਂ ਅਤੇ ਆਮ ਲੋਕਾਂ ਵਿੱਚ ਚਿੰਤਾ ਪੈਦਾ ਕਰ ਦਿੱਤੀ ਸੀ। ਬਿੱਲ ਵਿੱਚ ਲਿਖਿਆ ਗਿਆ ਹੈ ਕਿ ਮੰਤਰੀ ਕਿਸੇ ਸੇਵਾ ਪ੍ਰਦਾਤਾ ਨੂੰ ਹੁਕਮ ਦੇ ਸਕਦਾ ਹੈ ਕਿ ਉਹ "ਕਿਸੇ ਵਿਸ਼ੇਸ਼ ਵਿਅਕਤੀ" ਨੂੰ ਸੇਵਾ ਦੇਣੀ ਬੰਦ ਕਰ ਦੇਵੇ ਜਾਂ ਅਸਥਾਈ ਤੌਰ 'ਤੇ ਰੋਕ ਦੇਵੇ। ਆਲੋਚਕਾਂ ਦਾ ਕਹਿਣਾ ਸੀ ਕਿ ਇਸ ਦੀ ਵਰਤੋਂ ਕਰਕੇ ਸਰਕਾਰ ਆਮ ਨਾਗਰਿਕਾਂ ਨੂੰ ਨਿਸ਼ਾਨਾ ਬਣਾ ਸਕਦੀ ਹੈ।

ਮੇਲਾਨੀ ਜੋਲੀ ਨੇ ਇਸ ਡਰ ਨੂੰ ਰੱਦ ਕਰਦਿਆਂ ਕਿਹਾ, "ਇਹ ਸਪੱਸ਼ਟ ਕਰਨਾ ਬਹੁਤ ਜ਼ਰੂਰੀ ਹੈ ਕਿ ਇਹ ਬਿੱਲ ਕੀ ਨਹੀਂ ਕਰਦਾ: ਇਹ ਸਰਕਾਰ ਨੂੰ ਵਿਅਕਤੀਆਂ ਲਈ ਸੇਵਾਵਾਂ ਬੰਦ ਕਰਨ ਦੀ ਇਜਾਜ਼ਤ ਨਹੀਂ ਦਿੰਦਾ ਅਤੇ ਨਾ ਹੀ ਇਹ ਨਿੱਜੀ ਗੱਲਬਾਤ ਨੂੰ ਰਿਕਾਰਡ ਕਰਨ ਦੀ ਆਗਿਆ ਦਿੰਦਾ ਹੈ।"

ਜੋਲੀ ਨੇ ਮੰਨਿਆ ਕਿ ਬਿੱਲ ਵਿੱਚ "ਵਿਅਕਤੀ" ਸ਼ਬਦ ਅਸਲ ਵਿੱਚ ਕਾਨੂੰਨੀ ਭਾਸ਼ਾ ਵਿੱਚ "ਕੰਪਨੀਆਂ" ਲਈ ਵਰਤਿਆ ਗਿਆ ਸੀ, ਪਰ ਇਹ ਅਨੁਵਾਦ ਜਾਂ ਸਮਝਣ ਵਿੱਚ ਗਲਤੀ ਦਾ ਸ਼ਿਕਾਰ ਹੋ ਗਿਆ।

ਦੇਗ ਤੇਗ ਫਤਹਿ। ਪੰਥ ਕੀ ਜੀਤ।।

# ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ

www.singhsabhasurrey.com

## 8115, 132 ਸਟਰੀਟ, ਸਰੀ, ਬੀ.ਸੀ. V3W 4N5



### ਗੁਰਦੁਆਰਾ ਸਾਹਿਬ ਦੇ ਹਰ ਰੋਜ਼ ਦੇ ਪ੍ਰੋਗਰਾਮ

#### ਸਵੇਰੇ

ਦਰਵਾਜ਼ੇ ਖੁੱਲ੍ਹਣ ਦਾ ਸਮਾਂ ਅਤੇ

| | |
|---|---|
| ਪ੍ਰਕਾਸ਼ ਗੁਰੂ ਗ੍ਰੰਥ ਸਾਹਿਬ | : 4.00 ਵਜੇ |
| ਸਹਿਜ ਪਾਠ | : 4:30 – 6.00 ਵਜੇ |
| ਆਸਾ ਕੀ ਵਾਰ | : 6.00 –7.45 ਵਜੇ |
| ਅਰਦਾਸ / ਹੁਕਮਨਾਮਾ | : 7.45 – 8.00 ਵਜੇ |
| ਕਥਾ / ਹੁਕਮਨਾਮਾ | : 8.00 – 8.30 ਵਜੇ |
| ਕੀਰਤਨ | : 8.30 – 9.40 ਵਜੇ |
| ਕਥਾ | : 9.40 – 10.30 ਵਜੇ |
| ਢਾਡੀ | : 10.30 – 11.30 |
| **ਸਮਾਪਤੀ** | : 8:00 ਵਜੇ |

#### ਸ਼ਾਮ ਦੇ ਦੀਵਾਨ

| | |
|---|---|
| ਚੌਂਕੀ ਸੋਦਰ | : 4:30–5:00 ਵਜੇ |
| ਪਾਠ ਸੋਦਰ | : 5.00 ਤੋਂ 5.30 ਵਜੇ |
| ਗੁਰਬਾਣੀ ਕੀਰਤਨ | : 5:30–6:40 ਵਜੇ |
| ਕਥਾ | : 6:40–7:15 ਵਜੇ |
| ਢਾਡੀ | : 7:15 –8:00 ਵਜੇ |
| ਸਮਾਪਤੀ | : 8:00 ਵਜੇ |

#### ਸੁਖਮਨੀ ਸਾਹਿਬ ਦਾ ਪਾਠ ਅਤੇ ਸਿਮਰਨ

ਬੀਬੀਆਂ ਵਲੋਂ
ਸੁਖਮਨੀ ਸਾਹਿਬ ਦੇ ਪਾਠ
ਹਰ ਮੰਗਲਵਾਰ 11:30 ਤੋਂ 1:30 ਵਜੇ ਤੱਕ
ਕੀਤਾ ਜਾਂਦਾ ਹੈ।

- ਇਸ ਹਫ਼ਤੇ ਗੁਰਦੁਆਰਾ ਸਾਹਿਬ ਵਿਖੇ ਪ੍ਰਕਾਸ਼ ਦਿਹਾੜਾ ਗੁਰੂ ਹਰਿ ਰਾਏ ਜੀ ਦਾ ਮਨਾਇਆ ਜਾਵੇਗਾ ਅਤੇ ਇੱਕ ਅਖੰਡਪਾਠ ਸਾਹਿਬ ਦੀ ਸੇਵਾ ਭਾਈ ਜਗਦੀਪ ਸਿੰਘ ਪਰਿਵਾਰ ਵਲੋਂ ਹੋਵੇਗੀ। ਜਿੰਨਾ ਦੀ ਅਰੰਭਤਾ ਦਿਨ ਸ਼ੁੱਕਰਵਾਰ ਜਨਵਰੀ 30 ਨੂੰ 9:30 ਵਜੇ ਅਤੇ ਭੋਗ ਦਿਨ ਐਤਵਾਰ ਫਵਰੀ 01 ਨੂੰ 9:30 ਵਜੇ ਪਾਏ ਜਾਣਗੇ। ਉਪਰੰਤ ਖੁੱਲ੍ਹੇ ਦੀਵਾਨ ਸਜਣਗੇ। ਗੁਰੂ ਕਾ ਲੰਗਰ ਅਤੁੱਟ ਵਰਤੇਗਾ।
- 11:30 ਵਜੇ ਬੀਬੀ ਸ਼ੁਕੰਤਲਾ ਪੁਰੀ ਪਰਿਵਾਰ ਵਲੋਂ ਕੀਰਤਨ ਅਤੇ ਲੰਗਰਾਂ ਦੀ ਸੇਵਾ ਹੋਵੇਗੀ।
- ਸ਼ਨਿੱਚਰਵਾਰ 31 ਜਨਵਰੀ ਨੂੰ ਦੁਪਹਿਰ ਦੇ ਕੀਰਤਨ ਅਤੇ ਲੰਗਰਾਂ ਦੀ ਸੇਵਾ ਭਾਈ ਮਨਦੀਤ ਸਿੰਘ ਪਰਿਵਾਰ ਵਲੋਂ ਹੋਵੇਗੀ।
- ਸ਼ਨਿੱਚਰਵਾਰ 31 ਜਨਵਰੀ ਨੂੰ ਸਵ: ਭਾਈ ਨਰਿੰਦਰਪਾਲ ਸਿੰਘ ਰੰਗੀ ਦਾ ਅੰਤਮ ਸਸਕਾਰ ਰਿਵਰ ਸਾਈਡ ਡੈਲਟਾ ਵਿਖੇ 3:00 ਵਜੇ ਹੋਵੇਗਾ ਉਪਰੰਤ ਭੋਗ 4:30 ਵਜੇ ਸ੍ਰੀ ਗੁਰੂ ਸਿੰਘ ਸਭਾ ਵਿਖੇ ਪਾਏ ਜਾਣਗੇ ਅਤੇ ਅੰਤਮ ਅਰਦਾਸ ਹੋਵੇਗੀ।
- ਸ਼ਾਮ ਦੇ ਕੀਰਤਨ ਅਤੇ ਲੰਗਰ ਦੀ ਸੇਵਾ ਭਾਈ ਪਾਲ ਸਿੰਘ ਮੰਡ ਪਰਿਵਾਰ ਵਲੋਂ ਹੋਵੇਗੀ।
- ਐਤਵਾਰ ਫਰਵਰੀ 1 ਨੂੰ ਸਵੇਰ ਦੇ ਕੀਰਤਨ ਅਤੇ ਲੰਗਰ ਦੀ ਸੇਵਾ ਭਾਈ ਰਣਵੀਰ ਸਿੰਘ ਪਰਿਵਾਰ ਵਲੋਂ ਬੇਟੇ ਦੇ 18ਵੇਂ ਜਨਮ ਦਿਨ ਦੀ ਖੁਸ਼ੀ ਵਿੱਚ ਹੋਵੇਗੀ।
- ਸ਼ਮਾ ਦੇ ਕੀਰਤਨ ਅਤੇ ਲੰਗਰਾਂ ਦੀ ਸੇਵਾ ਦੋ ਪਰਿਵਾਰਾਂ ਵਲੋਂ ਹੋਵੇਗੀ

1. ਭਾਈ ਅਮਰਜੀਤ ਸਿੰਘ ਖੱਖ ਪਰਿਵਾਰ ਵਲੋਂ
2. ਭਾਈ ਗੁਰਜੀਤ ਸਿੰਘ ਸੇਖੋਂ ਪਰਿਵਾਰ ਵਲੋਂ

ਨੋਟ: ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਸਰੀ ਵਿਖੇ ਹਰ ਸ਼ੁੱਕਰਵਾਰ ਸਵੇਰੇ 10 ਤੋਂ 12 ਵਜੇ ਤਕ ਬਜ਼ੁਰਗਾਂ ਵਾਸਤੇ ਟੈਕਸ ਫਾਰਮ , ਬੁਢਾਪਾ ਪੈਨਸ਼ਨ , ਕੰਮ ਦੀ ਪੈਨਸ਼ਨ, ਪੀ ਆਰ ਕਾਰਡ ਫਾਰਮ, ਸਿਟੀਜਨਸ਼ਿਪ ਫਾਰਮ, ਬਸ ਪਾਸ ਫਾਰਮ , ਪਾਸਪੋਰਟ ਫਾਰਮ ਇਤਿਆਦ ਫਾਰਮ ਮੁਫਤ ਵਿਚ (**Free Serivce**) ਭਰੇ ਜਾਂਦੇ ਹਨ।

**ਰਾਗੀ ਜੱਥਾ :** ਭਾਈ ਗੁਰਦਿਆਲ ਸਿੰਘ ਖਡੂਰ ਸਾਹਿਬ ਵਾਲੇ
ਭਾਈ ਹਰਜੀਤ ਸਿੰਘ ਚਮਕ ਦਿੱਲੀ ਵਾਲੇ

**ਕਥਾਵਾਚਕ :** ਭਾਈ ਸਤਨਾਮ ਸਿੰਘ ਚੰਦੜ

**ਢਾਡੀ ਜਥਾ :** ਭਾਈ ਜਸਵੰਤ ਸਿੰਘ ਜੋਸ਼

**ਵਿਸ਼ੇਸ਼ ਨੋਟ : ਸੋਮਵਾਰ ਤੋਂ ਵੀਰਵਾਰ ਸੰਥਿਆ ਕਲਾਸ ਅਤੇ ਵਿਆਕਰਣ ਕਲਾਸ ਸ਼ਾਮ 7-8 ਵਜੇ ਤੱਕ ਲੱਗਦੀਆਂ ਹਨ।**

ਕਿਸੇ ਪਰਿਵਾਰ ਨੇ ਕੋਈ ਵੀ ਪ੍ਰੋਗਰਾਮ ਬੁੱਕ ਕਰਵਾਉਣਾ ਹੋਵੇ ਤਾਂ ਪ੍ਰਬੰਧਕਾਂ ਨਾਲ ਸੰਪਰਕ ਕਰੋ ਜੀ

**ਫੋਨ : 604-590-3232, 604-590-3224**

fruiticana hee jaana!

Your one and only Punjabi neighbourhood store Since 1994

੧੯੯੪ ਤੋਂ ਤੁਹਾਡਾ ਅਪਣਾ ਇੱਕੋ ਇੱਕ ਪੰਜਾਬੀ ਨੇਬਰਹੁੱਡ ਸਟੋਰ

# WHOLESALE PRICES AT RETAIL STORE

**UNBEATABLE EXTRA SUPER SPECIAL**
Chickpeas Indican 4 lbs
ਇੰਡੀਕੇਨ ਚਿੱਟੇ ਛੋਲੇ
$2.99 pkg.

**UNBEATABLE SUPER SUPER SPECIAL**
Roasted Peanuts in Shell (China)
ਭੁੱਜੀ ਮੂੰਗਫਲੀ
99¢ lb

**SUPER SPECIAL**
Fresh Methi
ਤਾਜ਼ਾ ਮੇਥੀ
$1.98 bunch

Britannia Tiger Cookies 600 g
ਬਰਿਟਾਨੀਆ ਟਾਈਗਰ ਕੁਕੀਜ਼ 600
$2.99 pkg.

**SUPER SPECIAL**
Desi Karela
ਦੇਸੀ ਕਰੇਲਾ
$1.49 lb

**SUPER SPECIAL**
Red Lentil Whole & Split 4 lbs Indican
ਇੰਡੀਕੇਨ ਧੋਤੀ ਮਸਰਾਂ ਦੀ ਦਾਲ ਮਸਰਾ ਦੀ ਸਾਬਤ ਦਾਲ 4 lbs
$3.49 pkg.

Indican Basmati Rice 8 lbs
ਇੰਡੀਕੇਨ ਬਾਸਮਤੀ ਚੌਲ
$7.98 bag

Indican Juices 2 L Kinnow, Pink Guava Pomegranate
ਇੰਡੀਕੇਨ ਜੂਸ 2 ਲੀਟਰ ਕਿੰਨੂ, ਪਿੰਕ ਅਮਰੂਦ, ਅਨਾਰ
$1.99 ea.

**SUPER SPECIAL**
Plain Gur
ਪੇਸ਼ੀ ਗੁੜ
$1.99 lb

**SUPER SPECIAL**
Gala Apples BC
ਬੀਸੀ ਗਾਲਾ ਸੇਬ
99¢ lb

**SUPER SPECIAL**
Indian Style Carrots
ਇੰਡੀਅਨ ਗਾਜਰ
99¢ lb

Ahmed Mix or Mango Pickle (Achar) 1 kg
ਅਹਿਮਦ ਮਿਕਸ ਜਾਂ ਆਮ ਦਾ ਅਚਾਰ
$4.98 ea.

Raw Almonds #1 Large Size
ਵੱਡੇ ਬਦਾਮ
$5.98 lb

**SUPER SPECIAL**
Cilantro
ਧਣੀਆ
2 bunches for /$1.49

Large Seedless Oranges
ਵੱਡੇ ਸੰਗਤਰੇ ( ਬਿਨਾ ਬੀਜ ਤੋਂ )
99¢ lb

Russet Potatoes Snoboy 10 lbs
ਆਲੂ ਰਸਟ ਸਨੋਬੁਆਏ
$3.98 bag

Whipped Butter (Makhani) 500 g
ਪੰਜਾਬੀ ਮੱਖਣੀ
$9.99 pkg.

Indican Punjabi Biscuits 2.2 lbs
ਇੰਡੀਕੇਨ ਪੰਜਾਬੀ ਕੁਕੀਜ਼
$5.98 pkg.

Long Opo Squash
ਓਪੋ ਕੱਦੂ
99¢ lb

Yellow Onions 50 lbs
ਪੀਲੇ ਗੰਢੇ
$9.98 bag

Red Onions 25 lbs
ਲਾਲ ਗੰਢੇ
$9.98 bag

Indian Cut Okra (Indican) 908 g
ਇੰਡੀਕੇਨ ਕੱਟੀ ਭਿੰਡੀ 908 g
$4.49 pkg.

Fine Cane Sugar (Indican) 8 lbs
ਗੰਨੇ ਦੀ ਖੰਡ 8lbs ਇੰਡੀਕੇਨ
$5.99 bag

Red Delicious Apples USA
ਲਾਲ ਸਵਾਦ ਸੇਬ ਯੂ.ਐਸ.
99¢ lb

Ahmed Roasted Vermicelli 150 g
Ahmed ਅਹਿਮਦ ਭੁੰਨੀਆਂ ਹੋਈ ਸੇਵੀਆਂ
2 for /$1.50

Peeled Garlic 3 lbs
ਛਿਲਿਆ ਲਸਣ
$5.99 pkg.

Indican Green Chili 312 g
ਇੰਡੀਕੇਨ ਹਰੀ ਮਿਰਚ 312 g
$1.99 pkg.

Product images may differ from the actual produc...

Fri Jan 30, 2026 - Wed Feb 04, 2026
We reserve the right to limit the quantities while they last
Specials valid for Lower Mainland only

24 LOCATIONS TO SERVE YOU IN BC & ALBERTA
Head Office: 7676 Anvil Way, Surrey
604-502-0005

fruiticana SINCE 1994

BUSINESS HOURS 9 AM - 9 PM 7 DAYS A WEEK

Disclaimer: We reserve the right to add restrictions on products with a minimum purchase

**FRUITICANA KING GEORGE LOCATION NOW OPEN #101-10241 KING GEORGE BLVD, SURREY**

| | | |
|---|---|---|
| Newton | 13783 72nd Ave. Surrey | 604-590-2080 |
| Newton | 13174 64th Ave. Surrey | 604-598-9220 |
| Scott Road | 12047 80th Ave. Surrey | 604-591-5032 |
| Scott Road | 104-7028 120th St. | 604-590-8864 |
| Cedar Hills | 12867 96th Ave. Surrey | 604-588-6620 |
| Fleetwood | 101-15933 Fraser Hwy | 604-593-5163 |
| Fleetwood | 15230 84 Ave. | 236-317-6272 |
| Surrey | 10241 King George Blvd | 604-503-1149 |
| Surrey | 12990 72nd Ave. | 604-503-5510 |
| Surrey | 12788 76A Ave. Surrey | 604-597-1676 |
| Surrey | 16788 64 Ave. | 604-372-2023 |
| Surrey | 101-7228 192St. | 604-575-3750 |
| Surrey | 101-1812 152St. | 604-539-5736 |
| New Westminster | 101-331 6th St. | 604-395-3595 |
| Abbotsford | 2785 Bourquin Crescent W. | 604-744-0328 |
| Abbotsford | 31205 Maclure Rd. | 604-504-5877 |
| Port Coquitlam | 2807 Shaughnessy St. | 604-464-0822 |
| Vancouver | 6257 Fraser St. | 604-321-9931 |
| Richmond | 4101 No.5 Rd. | 604-244-9520 |